# ਚਿਰਾਗ

ਅਕਤੂਬਰ-ਦਸੰਬਰ 2013

**October -December 2013**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾ.ਗ



ਨਾ ਡਗਮਗਾਏ ਕਭੀ ਹਮ ਵ.ਫ਼ਾ ਕੇ ਰਸਤੇ ਮੇਂ
ਚਿਰਾ.ਗ ਹਮ ਨੇ ਜਲਾਏ ਹਵਾ ਕੇ ਰਸਤੇ ਮੇਂ ।

20/- 86 ਅਕਤੂਬਰ-ਦਸੰਬਰ 2013

## ਲੋਕ ਕਵੀ ਹਬੀਬ ਜਾਲਿਬ ਵਿਸ਼ੇਸ਼ ਅੰਕ

# ਚਿਰਾਗ਼ ਤਿਮਾਹੀ


**ਸੰਪਾਦਕ ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


- ਸੰਪਾਦਕੀ ਟਿੱਪਣੀ : ਹਬੀਬ ਜਾਲਿਬ ਵਿਸ਼ੇਸ਼ ਅੰਕ
- ਹਬੀਬ ਜਾਲਿਬ : ਰਚਨਾ ਸੰਸਾਰ ਤੇ ਪੁਰਸਕਾਰ
- ਸਿਮ੍ਰਿਤੀਆਂ ਦਾ ਸਰਮਾਇਆ : ਸਵੈ ਜੀਵਨੀ (ਜਾਲਿਬ ਬੀਤੀ), ਚੋਣਵੇਂ ਅੰਸ਼
- ਮਿੱਤਰਾਂ ਦੀ ਮਹਿਫ਼ਲ : ਵਾਰਸ ਮੀਰ, ਮੰਨੂੰ ਭਾਈ, ਕਿਸ਼ਵਰ ਨਾਹੀਦ, ਸਲਾਮਤ ਅਲੀ ਖਾਂ, ਮਲਕਾ-ਤਰਨੰਮ ਨੂਰ ਜਹਾਂ, ਸ਼ੇਖ ਖੁਰਸ਼ੀਦ, ਮੰਟੋਂ, ਬਾਗ਼ੀ ਲੜਕੀ, ਫ਼ਰੀਦਾ ਖਾਨਮ, ਦਾਮਨ।
- ਕਾਵਿ ਮੁਲਾਕਣ : ਸਿਬਤੇ ਹਸਨ, ਡਾ. ਮੁਬਾਰਕ ਅਲੀ, ਪ੍ਰੋ. ਖਾਲਦ ਮਹਿਮੂਦ, ਸਈਦਾ ਗਜ਼ਦਰ, ਡਾ. ਵਹੀਦ ਕੁਰੈਸ਼ੀ।
- ਚੋਣਵੀਆਂ ਕਵਿਤਾਵਾਂ : ਪੰਜਾਬੀ ਤੇ ਉਰਦੂ
- ਪੁਸਤਕ ਪ੍ਰਾਪਤੀ : ✦✦✦



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242**
**Website : www.punjabilokyan.com 98764-82476**



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 282-ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ-31 ਅਕਤੂਬਰ 2013


ਸੰਪਾਦਕੀ ਟਿੱਪਣੀ

## ਹਬੀਬ ਜਾਲਿਬ ਵਿਸ਼ੇਸ਼ ਅੰਕ

ਵਾਹਗੇ ਪਾਰ ਦੇ ਅਦਬ ਬਾਰੇ ਸਾਡੇ ਪੰਜਾਬੀ ਲੋਕਾਂ, ਪਾਠਕਾਂ ਤੇ ਲੇਖਕਾਂ ਦੀ ਜਾਣਕਾਰੀ ਅਤੇ ਸਮਝ ਬੜੀ ਅਧੂਰੀ ਹੈ। ਕਾਰਨ ਇਹ ਹੈ ਕਿ ਸਰਕਾਰਾਂ ਦੀਆਂ ਸੰਕੀਰਣ ਨੀਤੀਆਂ ਕਾਰਨ ਲੋਕਾਂ ਅਤੇ ਪੁਸਤਕਾਂ ਦੀ ਆਵਾਜਾਈ ਉੱਤੇ ਬੇਲੋੜੀਆਂ ਪਾਬੰਦੀਆਂ ਅਤੇ ਰੁਕਾਵਟਾਂ ਹਨ। ਸਿਲਸਲੇਵਾਰ ਅਤੇ ਗੰਭੀਰ ਅਧਿਐਨ ਲਈ ਅਵਸਰਾਂ ਦੀ ਘਾਟ ਹੈ। ਇੱਕੋਲਿਤਰੀ ਕਿਸੇ ਕਿਤਾਬ ਦੀ ਪ੍ਰਾਪਤੀ ਨਾਲ ਅਧਿਐਨ ਸੰਪੂਰਨ ਨਹੀਂ ਹੁੰਦਾ। ਨਵੀਂ ਪ੍ਰਤਿਭਾ ਦੀ ਪਛਾਣ ਅਤੇ ਸਥਾਪਤ ਲੇਖਕਾਂ ਦੀਆਂ ਲਿਖਤਾਂ ਦੀ ਘਾਟ ਕਾਰਨ, ਕਈ ਵਾਰ ਸਾਨੂੰ ਖ਼ਬਰ ਤੀਕ ਨਹੀਂ ਮਿਲਦੀ ਕਿ ਪਰਲੇ ਪਾਰ ਕੀ ਲਿਖਿਆ ਜਾਂ ਪੜ੍ਹਿਆ ਜਾ ਰਿਹਾ ਹੈ।

ਪਰਲੇ ਪਾਰ ਦੇ ਲੋਕ-ਕਵੀਆਂ ਦਾ ਕਲਾਮ ਵੀ ਸਾਡੇ ਕੋਲ ਅਧੂਰੇ ਰੂਪ ਵਿਚ ਹੀ ਪਹੁੰਚਦਾ ਹੈ। ਹਬੀਬ ਜਾਲਿਬ (1928-193) ਉਰਦੂ ਦਾ ਪ੍ਰਸਿੱਧ ਅਤੇ ਹਰਮਨ ਪਿਆਰਾ ਕਵੀ ਸੀ, ਜਿਸ ਨੇ ਫੌਜੀ ਹਾਕਮਾਂ ਦੀਆਂ ਤਾਨਾਸ਼ਾਹ ਨੀਤੀਆਂ ਦੇ ਵਿਰੁੱਧ ਬੇਧੜਕ ਅਤੇ ਨਿਰਭੈਅ ਹੋ ਕੇ ਨਿਰੰਤਰ ਲਿਖਿਆ ਸੀ, ਪਰ ਸਾਨੂੰ ਇਸਦੀ ਖਬਰ ਤੀਕ ਨਹੀਂ ਸੀ। ਉਰਦੂ ਤੋਂ ਬਿਨਾਂ ਉਸਨੇ ਕੁਝ ਕਵਿਤਾਵਾਂ ਪੰਜਾਬੀ ਵਿਚ ਵੀ ਲਿਖੀਆਂ ਹਨ।

ਹੁਣ ਉਸਦੇ ਕਰਾਚੀ ਰਹਿੰਦੇ ਛੋਟੇ ਭਾਈ ਸਈਦ ਪ੍ਰਵੇਸ਼ ਦੇ ਉੱਦਮ ਨਾਲ ਸਾਨੂੰ ਉਸਦਾ ਸਮੁੱਚਾ ਕਲਾਮ ਪ੍ਰਾਪਤ ਹੋਇਆ ਹੈ ਅਤੇ ਨਾਲ ਦੀ ਨਾਲ ਉਸ ਬਾਰੇ ਲਿਖੀਆਂ ਆਲੋਚਨਾਤਮਕ ਲਿਖਤਾਂ ਵੀ ਪ੍ਰਾਪਤ ਹੋਈਆਂ ਹਨ। ਇਹਨਾਂ ਕਿਤਾਬਾਂ ਦੀ ਸਹਾਇਤਾ ਨਾਲ ਅਸੀਂ ਹਬੀਬ ਜਾਲਿਬ ਵਿਸ਼ੇਸ਼ ਅੰਕ ਤਿਆਰ ਕੀਤਾ ਹੈ। ਉਸਦੇ ਜੀਵਨ ਸਮਾਚਾਰਾਂ ਦੇ ਨਾਲ-ਨਾਲ ਉਸ ਬਾਰੇ ਵਿਦਵਾਨਾਂ ਦੀਆਂ ਰਾਵਾਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ। ਉਸਦੀਆਂ ਪ੍ਰਸਿੱਧ ਅਤੇ ਚੋਣਵੀਆਂ ਉਰਦੂ ਤੇ ਪੰਜਾਬੀ ਕਵਿਤਾਵਾਂ ਵੀ ਛਾਪਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਸ ਹੈ ਪੰਜਾਬੀ ਪਾਠਕ ਸਾਡੇ ਇਸ ਯਤਨ ਨੂੰ ਪਸੰਦ ਕਰਨਗੇ। ਇਸਤੋਂ ਪਹਿਲਾਂ ਅਸੀਂ ਅਕਸਰ ਹੀ ਵਾਹਗੇ ਪਾਰ ਦੇ ਪੰਜਾਬੀ ਲੇਖਕਾਂ ਦੀਆਂ ਸਾਹਿਤਕ ਰਚਨਾਵਾਂ ਲਿੱਪੀ ਬਦਲ ਕੇ ਛਾਪਦੇ ਰਹਿੰਦੇ ਹਾਂ। ਅੱਗੇ ਤੋਂ ਵੀ ਇਹ ਯਤਨ ਜਾਰੀ ਰਹਿਣਗੇ। ਹੁਣ ਤੀਕ ਸਾਡੇ ਇਹਨਾਂ ਯਤਨਾਂ ਸਦਕਾ ਸਾਡੇ ਵਲੋਂ ਬਾਬਾ ਨਜ਼ਮੀਂ, ਸਾਈਂ ਅਖ਼ਤਰ ਲਾਹੌਰੀ ਅਤੇ ਫ਼ੈਜ਼ ਅਹਿਮਦ ਫ਼ੈਜ਼ ਦਾ ਚੋਣਵਾਂ ਕਲਾਮ ਪੰਜਾਬੀ ਅੱਖਰਾਂ ਵਿਚ ਛਾਪਿਆ ਜਾ ਚੁੱਕਾ ਹੈ। ਇਹ ਅੰਕ ਵੀ ਇਸੇ ਲੜੀ ਦਾ ਹਿੱਸਾ ਹੈ। ਭਵਿੱਖ ਵਿੱਚ ਅਸੀਂ ਪ੍ਰਸਿੱਧ ਲੇਖਕਾਂ ਅਫਜ਼ਲ ਤੌਸੀਫ਼ ਬਾਰੇ ਵੀ ਵਿਸ਼ੇਸ਼ ਅੰਕ ਛਾਪਣ ਦਾ ਸੋਚ ਰਹੇ ਹਾਂ। •

– ਸੰਪਾਦਕੀ ਮੰਡਲ

# ਹਬੀਬ ਜਾਲਿਬ ਦਾ ਰਚਨਾ ਸੰਸਾਰ

1.

ਹਬੀਬ ਜਾਲਿਬ ਪੱਛਮੀ ਪੰਜਾਬ ਦਾ ਪ੍ਰਸਿੱਧ ਲੋਕ ਕਵੀ ਸੀ। ਉਹ ਉਰਦੂ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਲਿਖਦਾ ਸੀ। ਭਾਵੇਂ ਉਸ ਦੀ ਵਧੇਰੇ ਕਵਿਤਾ ਉਰਦੂ ਵਿਚ ਲਿਖੀ ਗਈ ਸੀ, ਪਰ ਉਸਨੇ ਕਾਫ਼ੀ ਸਾਰੀਆਂ ਕਵਿਤਾਵਾਂ ਪੰਜਾਬੀ ਵਿਚ ਵੀ ਲਿਖੀਆਂ। ਉਸ ਨੇ ਪੰਜਾਬੀ ਫ਼ਿਲਮਾਂ ਲਈ ਕਈ ਗੀਤ ਵੀ ਲਿਖੇ ਜੋ ਪਾਕਿਸਤਾਨ ਦੇ ਸੁਪ੍ਰਸਿੱਧ ਕਲਾਕਾਰਾਂ ਨੇ ਗਾਏ। ਉਸਨੂੰ ਇਹਨਾਂ ਗੀਤਾਂ ਕਾਰਨ ਵੱਡੇ ਪੁਰਸਕਾਰ ਪ੍ਰਾਪਤ ਹੋਏ, ਜਿਨ੍ਹਾਂ ਨੂੰ ਗ੍ਰੈਜੂਏਟ ਐਵਾਰਡ ਦਾ ਨਾਂ ਦਿੱਤਾ ਗਿਆ ਸੀ। ਜਾਲਿਬ ਦੀ ਮੌਤ ਪਿੱਛੋਂ ਉਸਦੇ ਭਰਾ ਸਈਦ ਪ੍ਰਵੇਜ਼ ਨੇ ਉਸਦੇ ਪੰਜਾਬੀ ਫ਼ਿਲਮੀ ਗੀਤਾਂ ਤੇ ਪੰਜਾਬੀ ਕਵਿਤਾਵਾਂ ਨੂੰ ਇਕ ਕਾਵਿ-ਸੰਗ੍ਰਹਿ 'ਰਾਤ ਕੁਲਹਿਣੀ' ਵਿਚ ਇਕੱਠੇ ਕਰਕੇ ਪ੍ਰਕਾਸ਼ਿਤ ਕਰ ਦਿੱਤਾ ਹੈ।

ਹਬੀਬ ਦੀ ਉਰਦੂ ਕਵਿਤਾ ਆਮ ਲੋਕਾਂ ਦੀ ਜ਼ੁਬਾਨ ਵਿਚ ਲਿਖੀ ਹੋਣ ਕਾਰਨ ਅਵਾਮ ਨੂੰ ਬੜੀ ਪ੍ਰਭਾਵਿਤ ਕਰਦੀ ਸੀ। ਹਬੀਬ ਆਪਣੀ ਉਰਦੂ ਸ਼ਾਇਰੀ ਵਿਚ ਉਹਨਾਂ ਰਾਜਸੀ ਤੇ ਸਮਾਜਿਕ ਮਸਲਿਆਂ ਨੂੰ ਪੇਸ਼ ਕਰਦਾ ਸੀ, ਜਿਹੜੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਸਨ। ਉਹ ਨਿਰਭੈ ਤੇ ਜੁਰਅਤ ਵਾਲਾ ਕਵੀ ਸੀ, ਜੋ ਫੌਜੀ ਹਕੂਮਤ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਕਵੀ-ਦਰਬਾਰਾਂ ਵਿਚ ਸਰੋਤਿਆਂ ਸਾਹਮਣੇ ਪੇਸ਼ ਕਰਦਾ ਸੀ, ਜਿਸ ਕਾਰਨ ਉਸਨੂੰ ਹਕੂਮਤੀ ਜਬਰ ਸਹਿਣਾ ਪੈਂਦਾ ਰਿਹਾ। ਹਬੀਬ ਨੂੰ ਲੰਮੀਆਂ ਕੈਦਾਂ ਤੇ ਨਜ਼ਰਬੰਦੀਆਂ ਸਹਿਣੀਆਂ ਪਈਆਂ, ਪਰ ਉਸਨੇ ਕਦੇ ਸਰਕਾਰੀ ਈਨ ਨਹੀਂ ਮੰਨੀ ਸੀ। ਉਸ ਵਿਚ ਵੱਡੀ ਖ਼ੂਬੀ ਇਹ ਸੀ ਕਿ ਉਹ ਆਪਣੀ ਛੰਦ-ਬੱਧ ਉਰਦੂ ਕਵਿਤਾ ਨੂੰ ਤਰੰਨਮ ਨਾਲ ਗਾ ਕੇ ਪੇਸ਼ ਕਰਦਾ ਸੀ। ਕਈ ਵਾਰ ਤਾਨਾਸ਼ਾਹ ਹਕੂਮਤ ਉਸਦੇ ਕਵੀ-ਦਰਬਾਰ ਵਿਚ ਨਜ਼ਮ ਪੜ੍ਹਨ ਉੱਤੇ ਪਾਬੰਦੀ ਲਾਈ, ਪਰ ਹਬੀਬ ਕਿਸੇ ਪੱਖੋਂ ਡਰਿਆ ਜਾਂ ਡੋਲਿਆ ਨਹੀਂ ਸੀ। ਕਈ ਵਾਰ ਉਸ ਨੂੰ ਫੌਜੀ ਰਾਜ ਦੇ ਵਿਰੋਧ ਕਰਨ ਤੋਂ ਰੋਕਣ ਲਈ ਸਰਕਾਰ ਵੱਲੋਂ ਲੱਖਾਂ ਰੁਪਏ ਦੀ ਪੇਸ਼ਕਸ਼ ਹੋਈ, ਪਰ ਹਬੀਬ ਨੇ ਅਜਿਹੀ ਹਰ ਪੇਸ਼ਕਸ਼ ਠੁਕਰਾ ਦਿੱਤੀ ਤੇ ਆਪਣੇ ਈਮਾਨ ਨੂੰ ਕਾਇਮ ਰੱਖਿਆ। ਪਾਕਿਸਤਾਨ ਵਿਚ ਦੋ ਕਵੀ ਅਜਿਹੇ ਹੋਏ ਹਨ, ਜੋ ਲੋਕਾਂ ਵਿਚ ਬੇਹੱਦ ਮਕਬੂਲ ਹੋਏ। ਪੰਜਾਬੀ ਵਿਚ ਉਸਤਾਦ ਦਾਮਨ ਤੇ ਉਰਦੂ ਵਿਚ ਹਬੀਬ ਜਾਲਿਬ। ਦੋਵਾਂ ਲੋਕ-ਕਵੀਆਂ ਨੂੰ ਆਪਣੀ ਕਵਿਤਾ ਲਈ ਜੇਲ੍ਹਾਂ ਤੇ ਨਜ਼ਰਬੰਦੀਆਂ ਝੱਲੀਆਂ ਪਈਆਂ, ਪਰ ਦੋਵਾਂ ਨੇ ਹਕੂਮਤੀ ਜਬਰ ਤੋਂ ਭੈਅ ਨਹੀਂ ਖਾਧਾ ਅਤੇ ਆਪਣੇ ਵਿਸ਼ਵਾਸਾਂ ਅਥਵਾ ਅਕੀਦਿਆਂ ਉੱਤੇ ਪਹਿਰਾ ਦਿੱਤਾ। ਹਬੀਬ ਦਾ ਕਲਾਮ ਕਈ ਵਾਰ ਜ਼ਬਤ ਵੀ ਕੀਤਾ ਗਿਆ।

2.

ਹਬੀਬ ਜਾਲਿਬ ਦੇ ਹੇਠ ਲਿਖੇ ਉਰਦੂ ਕਾਵਿ-ਸੰਗ੍ਰਹਿ ਛਪੇ –

1. ਬਰਗੇ ਅਵਾਰਾ
2. ਸਰੇ ਮਕਤਲ
3. ਅਹਿਦੇ ਸਿਤਮ
4. ਜ਼ਿਕਰ ਬਹਿਤੇ ਖ਼ੂਨ ਕਾ
5. ਗੋਸ਼ੇ ਮੇਂ ਕਫਸ ਕੇ
6. ਅਹਿਦੇ ਸਜ਼ਾ
7. ਹਰਫ਼ੇ-ਹੱਕ
8. ਇਸ ਸ਼ਹਿਰੇ ਖਰਾਬੀ ਮੇਂ
9. ਕੁਲਿਆਤੇ ਹਬੀਬ ਜਾਲਿਬ
10. ਰਾਤ ਕੁਲਹਿਣੀ (ਪੰਜਾਬੀ ਨਜ਼ਮਾਂ)
11. ਜਾਲਿਬ ਨਾਮਾ



ਹਬੀਬ ਜਾਲਿਬ ਦੇ ਜੀਵਨ ਵਿਚ ਉਸਦੀ ਸ਼ਖ਼ਸੀਅਤ ਤੇ ਕਾਵਿ-ਕਲਾ ਬਾਰੇ ਹੇਠ ਲਿਖੀਆਂ ਪੁਸਤਕਾਂ ਛਪੀਆਂ ਸਨ।

1. ਹਬੀਬ ਜਾਲਿਬ ਫ਼ਨ ਔਰ ਸ਼ਖ਼ਸੀਅਤ (ਪੰਜਾਹਵੀਂ ਵਰ੍ਹੇ-ਗੰਢ ਉੱਤੇ 1978 ਵਿਚ ਲਾਹੌਰ ਵਿਚ ਛਪੀ)
2. ਕੋਈ ਤੋ ਪਰਚਮ ਲੇ ਕੇ ਨਿਕਲੇ (ਸੰਪਾਦਕ ਮਜਾਹਦ ਬਰੇਲਵੀ)
3. ਬਯਾਦ ਜਾਲਿਬ ਸੰਪਾਦਕ ਮਜ਼ਾਹਦ ਬਰੇਲਵੀ
4. ਹਬੀਬ ਜਾਲਿਬ ਫ਼ਨ ਔਰ ਸ਼ਖ਼ਸੀਅਤ (ਆਲਮੀ ਕਾਨਫਰੰਸ ਮੌਕੇ ਦਿੱਲੀ ਤੋਂ ਪ੍ਰਕਾਸ਼ਿਤ)
5. ਜਾਲਿਬ ਬੀਤੀ (ਸਵੈ-ਜੀਵਨੀ) ਸੰਪਾਦਕ ਤਾਹਿਰ ਅਸਗਰ
6. ਬੀਸਵੀਂ ਸਦੀ ਕਾ ਅਵਾਮੀਂ ਸ਼ਾਇਰ – ਹਬੀਬ ਜਾਲਿਬ (ਸੰਪਾਦਕ ਜ਼ਹੂਰ ਅਹਿਮਦ ਖ਼ਾਨ – ਰਾਣਾ ਅਬਦੁਲ ਰਹਿਮਾਨ)
7. ਜਾਲਿਬ ਜਾਲਿਬ ਲੇਖਕ ਜਮਾਲ ਅਹਿਸਾਨੀ – ਮਹਿਰਾਜ ਰਸੂਲ ਕਰਾਚੀ
8. ਜਾਲਿਬ, ਇਨਸਾਫ਼ ਕਾ ਤਾਲਿਬ – ਸੰਪਾਦਕ ਜ਼ਿਆ ਸਾਜਿਦ
9. ਹਬੀਬ ਜਾਲਿਬ – ਘਰ ਕੀ ਗਵਾਹੀ – ਸੰਪਾਦਕ ਸਈਦ ਪ੍ਰਵੇਜ਼
10. ਹਬੀਬ ਜਾਲਿਬ – ਸ਼ਾਇਰ ਸ਼ੁਹਲਾ ਨਵਾ – ਸੰਪਾਦਕ ਸਈਦ ਪ੍ਰਵੇਜ਼
11. ਚਾਰੋਂ ਤਰਫ਼ ਸੰਨਾਟਾ ਹੈ (ਚੋਣਵਾਂ ਕਲਾਮ ਸੰਪਾਦਕ ਤਾਹਿਰ ਅਸਗਰ)
12. ਰਕਸੇ ਜ਼ੰਜੀਰ (ਫ਼ਿਲਮੀ ਗੀਤ) ਸੰਪਾਦਕ ਤਾਹਿਰ ਅਸਗਰ
13. ਜਹਾਂ ਭੀ ਗਏ, ਦਾਸਤਾਨ ਛੋੜ ਗਏ – ਸੰਪਾਦਕ ਸਈਦ ਪ੍ਰਵੇਜ਼
14. ਹਬੀਬ ਜਾਲਿਬ – ਮੈਂ ਤਲੂਅ ਹੋ ਰਹਾ ਹੂ – ਸੰਪਾਦਕ ਸਈਦ ਪ੍ਰਵੇਜ਼

3.

ਹਬੀਬ ਜਾਲਿਬ ਨੂੰ ਉਸਦੀ ਜ਼ਿੰਦਗੀ ਵਿਚ ਸਮੇਂ-ਸਮੇਂ ਹੇਠ ਲਿਖੇ ਪੁਰਸਕਾਰ ਪ੍ਰਦਾਨ ਕੀਤੇ ਗਏ।

1. ਗਰੈਜੂਏਟ ਐਵਾਰਡ 1966 ਵਧੀਆ ਗੀਤ ਲਿਖਣ ਲਈ ਫਿਲਮ ਜੋਕਰ
2. ਨਿਗਾਰ ਐਵਾਰਡ 1969 ਫਿਲਮ ਜ਼ਰਕਾ
3. ਅੰਜਮਨ ਤਹੱਫਜ਼ ਹਕੂਕ ਇਨਸਾਨੀ ਐਵਾਰਡ 1980 ਵਲੋਂ ਹਬੀਬ ਜਾਲਿਬ ਨੂੰ ਚਾਂਦੀ ਦਾ ਤਗਮਾ ਦਿੱਤਾ ਗਿਆ।
4. ਅੰਜਮਨ ਤਹੱਫਜ਼ ਹਕੂਕ ਇਨਸਾਨੀ (ਪਾਕਿਸਤਾਨ) ਵਲੋਂ ਕਵੀ ਨੂੰ ਸੋਨਾ ਦਾ ਤਗਮਾ ਦਿੱਤਾ ਗਿਆ।
5. ਨਿਗਾਰ ਐਵਾਰਡ ਫਿਲਮ 'ਚੋਰੋਂ ਕੀ ਬਾਰਾਤ' ਦੇ ਸਾਰੇ ਗੀਤ ਲਿਖਣ ਕਾਰਨ ਬੇਹਤਰੀਨ ਨਗਮਾਂ-ਨਿਗਾਰ ਦਾ ਐਵਾਰਡ
6. ਗ੍ਰੈਜੂਏਟ ਐਵਾਰਡ 1986 ਫਿਲਮੀ ਗੀਤ ਲਿਖਣ ਲਈ
7. ਨਿਗਾਰ ਐਵਾਰਡ 1987 'ਹਮ ਏਕ ਹੈਂ' ਫਿਲਮ ਦੇ ਸਾਰੇ ਗੀਤ ਲਿਖਣ ਕਾਰਨ
8. ਹਸਰਤ ਮੋਹਾਲੀ ਐਵਾਰਡ 1988 ਨਵੀਂ ਦਿੱਲੀ ਵਿਚ ਉਰਦੂ ਕਾਨਫਰੰਸ ਸਮੇਂ

ਦਿੱਤਾ ਗਿਆ।

9. ਜਮਹੂਰੀਅਤ ਐਵਾਰਡ 1989 (ਨੈਸ਼ਨਲ ਬੁੱਕ ਕੌਂਸਲ ਪਾਕਿਸਤਾਨ ਵਲੋਂ ਬੇਨਜ਼ੀਰ ਭੁੱਟੋ ਨੇ ਇਹ ਐਵਾਰਡ ਭੇਂਟ ਕੀਤਾ।
10. ਸੋਹਨ ਸਿੰਘ ਜੋਸ਼ ਐਵਾਰਡ 1990। ਲੰਡਨ ਦੇ ਸਾਊਥ ਹਾਲ ਵਿਚ ਪੰਜਾਬੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ਼ੇਰ ਜੰਗ ਜਾਂਗਲੀ ਨੇ ਇਹ ਪੁਰਸਕਾਰ ਜਾਲਿਬ ਸਾਹਿਬ ਨੂੰ ਭੇਂਟ ਕੀਤਾ।
11. ਕੌਮੀ ਫਿਲਮ ਐਵਾਰਡ 1990 ਪਾਕਿਸਤਾਨ ਦੀ ਸਰਕਾਰ ਵਲੋਂ ਕੌਮੀ ਫਿਲਮ ਐਵਾਰਡ ਵਧੀਆ ਗੀਤ ਲਿਖਣ ਲਈ 'ਕਾਲੇ ਚੋਰ' ਫਿਲਮ ਲਈ ਦਿੱਤਾ ਗਿਆ।
12. ਗ੍ਰੈਜੂਏਟ ਐਵਾਰਡ 1990 ਵਧੀਆ ਗੀਤ ਲੇਖਕ, ਫਿਲਮ 'ਕਾਲੇ ਚੋਰ' ਲਈ ਦਿੱਤਾ ਗਿਆ।
13. ਨਿਗਾਰ ਐਵਾਰਡ 1991 ਫਿਲਮ 'ਵਤਨ ਦੇ ਰਖਵਾਲੇ' ਫਿਲਮ ਵਿਚ ਗੀਤ ਲਈ ਦਿੱਤਾ ਗਿਆ।
14. ਨਿਸ਼ਾਨੇ ਇਮਤਿਆਜ਼ 1994 ਜਨਾਬ ਹਬੀਬ ਜਾਲਿਬ ਦੀ ਮੌਤ ਪਿੱਛੋਂ ਪਾਕਿਸਤਾਨ ਦੀ ਸਰਕਾਰ ਨੇ ਸਦਰੇ-ਪਾਕਿਸਤਾਨ, ਮੁਹੰਮਦ ਫਾਰੂਕ ਲਗਾਰੀ ਨੇ ਬੇਗਮ ਮੁਮਤਾਜ਼ ਜਾਲਿਬ ਨੂੰ ਪੇਸ਼ ਕੀਤਾ।

4.

ਸੰਖੇਪ ਖਾਕਾ ਹਬੀਬ ਜਾਲਿਬ ਦੇ ਜੀਵਨ-ਸਮਾਚਾਰ

| | | |
|---|---|---|
| 1. | ਪਿਤਾ ਦਾ ਨਾਂ – | ਸੂਫੀ ਅਨਾਇਲ ਅੱਲਾ ਖਾਨ |
| 2. | ਮਾਤਾ ਦਾ ਨਾਂ – | ਰਾਜਾ ਬਸਰੀ |
| 3. | ਭੈਣ-ਭਰਾ | ਮੁਸ਼ਤਾਕ ਹੁਸੈਨ ਮੁਬਾਰਕ, ਰਸ਼ੀਦਾ ਬੇਗਮ, ਅਬਦੁਲ ਹਮੀਦ ਖਾਨ, ਸਈਦ ਪ੍ਰਵੇਜ਼ |
| 4. | ਪਤਨੀ | ਮੁਮਤਾਜ਼ ਬੇਗਮ |
| 5. | ਜਨਮ | 24-3-1928 ਮਿਆਣੀ ਅਫਗਾਨਾਂ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ |
| 6. | ਮੌਤ | 12 ਮਾਰਚ, 1993 ਲਾਹੌਰ |

ਜੇਲ੍ਹ ਯਾਤਰਾ

1. ਹਾਰੀ ਅੰਦੋਲਨ ਵਿਚ ਗ੍ਰਿਫਤਾਰੀ 1959
2. ਦੂਜੀ ਗ੍ਰਿਫਤਾਰੀ 1964 ਦੀਆਂ ਚੋਣਾਂ ਵੇਲੇ
3. ਤੀਜੀ ਗ੍ਰਿਫਤਾਰੀ ਸਿਵਲ ਨਾਫੁਰਮਾਨੀ 1973
4. ਲੰਮੀ ਕੈਦ ਹੈਦਰਾਬਾਦ ਸਾਜਿਸ਼ ਕੇਸ 1976
5. ਚੌਥੀ ਗ੍ਰਿਫਤਾਰੀ 1985
6. ਪਾਸਪੋਰਟ ਬਹਾਲ – 1988 ਵਿਚ ਤੀਹ ਸਾਲ ਬਾਅਦ •



# ਭਾਗ - ਪਹਿਲਾ
# ਹਬੀਬ ਜਾਲਿਬ ਜੀਵਨ-ਯਾਦਾਂ

I

ਦੇਸ਼ ਵੰਡਿਆ ਗਿਆ। ਅਸੀਂ ਗੱਡੀ ਰਾਹੀਂ ਪਾਕਿਸਤਾਨ ਪਹੁੰਚੇ। ਅੰਮ੍ਰਿਤਸਰ ਵਿਚ ਸਾਥੋਂ ਪਹਿਲਾਂ ਇੱਕ ਗੱਡੀ ਵੱਢੀ-ਟੁੱਕੀ ਗਈ ਸੀ। ਜਦ ਅਸੀਂ ਪਹੁੰਚੇ ਤਾਂ ਉਥੇ ਅੱਗ ਲੱਗੀ ਹੋਈ ਸੀ। ਸਾਨੂੰ ਵੀ ਖ਼ਬਰਦਾਰ ਕਰ ਦਿੱਤਾ ਗਿਆ ਸੀ ਕਿ ਗੱਡੀ ਵਿਚੋਂ ਬਾਹਰ ਨਹੀਂ ਨਿਕਲਣਾ। ਹਨ੍ਹੇਰਾ ਕਰ ਦਿੱਤਾ ਗਿਆ ਸੀ। ਇਹਨਾਂ ਹਾਲਤਾਂ ਵਿਚੋਂ ਲੰਘ ਅਸੀਂ 14 ਅਗਸਤ ਦੀ ਰਾਤ ਨੂੰ ਆਖ਼ਰਕਾਰ ਕਰਾਚੀ ਪਹੁੰਚ ਗਏ। ਮੇਰੇ ਪਿਤਾ ਪਿੱਛੇ ਰਹਿ ਗਏ। ਉਹਨਾਂ ਆਖਿਆ ਕਿ ਮੈਂ ਬਾਅਦ ਵਿਚ ਆਵਾਂਗਾ। ਉਹਨਾਂ ਦਾ ਖ਼ਿਆਲ ਸੀ ਕਿ ਉਹ ਉਥੇ ਹੀ ਰਹਿ ਲੈਣਗੇ। ਉਨ੍ਹਾਂ ਦੀ ਉਥੇ ਚੌੜੀ ਬਾਜ਼ਾਰ ਵਿਚ ਜੁੱਤੀਆਂ ਦੀ ਦੁਕਾਨ ਸੀ। ਦੋ ਕਾਰੀਗਰ ਵੀ ਨਾਲ ਰੱਖੇ ਹੋਏ ਸੀ। ਲੱਗਦਾ ਸੀ ਕਿ ਉਹਨਾਂ ਦਾ ਇਰਾਦਾ ਉਥੇ ਹੀ ਰਹਿ ਜਾਣ ਦਾ ਸੀ ਜਾਂ ਫਿਰ ਆਉਂਦੇ ਜਾਂਦੇ ਰਹਿਣ ਦਾ ਮਸਲਾ ਹੋਵੇਗਾ। ਉਥੇ ਉਸ ਸਮੇਂ ਹਿੰਦੂ ਮੁਸਲਮ ਨਫ਼ਰਤ ਦੀ ਹਵਾ ਚੱਲੀ ਹੋਈ ਸੀ। ਇਸ ਲਈ ਉਹ ਉਥੇ ਤੇ ਨਾ ਰਹਿ ਸਕੇ। ਉਹਨਾਂ ਨੂੰ ਕੌਰੇ-ਪਾਡਵਾਂ ਵਾਲੇ ਪੁਰਾਣੇ ਕਿਲ੍ਹੇ ਵਿਚ ਰਹਿਣਾ ਪਿਆ। ਉਹ ਫਿਰ ਇੱਕ ਸਾਲ ਪਿੱਛੋਂ ਆਏ।

ਕਰਾਚੀ ਵਿਚ ਜੋ ਪਹਿਲੀ ਮੁਸ਼ਕਿਲਸਾਹਮਣੇ ਆਈ ਉਹ ਆਪਣੇ ਟੱਬਰ ਨੂੰ ਢੂੰਡਣਾ ਸੀ। ਮੇਰੇ ਭਰਾ ਦੀ ਬੀਵੀ ਜੋ ਜਲੰਧਰ ਵਿਚ ਸੀ, ਉਥੋਂ ਉਹਨੇ ਆਉਣਾ ਸੀ ਤਾਂ ਇੱਕ ਸਾਲ ਇਕ ਦੂਜੇ ਨੂੰ ਢੂੰਡਣ ਵਿਚ ਲੱਗ ਗਿਆ। ਵੱਡੇ ਭਰਾ ਨੂੰ ਕਵਾਟਰ ਮਿਲ ਗਿਆ ਸੀ। ਜੈਨਿਬ ਲਾਈਨ ਦੇ ਇਲਾਕੇ ਵਿਚ ਫੌਜੀ ਬੈਰਕਾਂ ਸਨ। ਜਿੱਥੇ ਕਵਾਟਰ ਬਣਾ ਦਿੱਤੇ ਗਏ ਸਨ। ਮੈਂ ਵੀ ਕਰਾਚੀ ਵਿਚ ਦਸਵੀਂ ਵਿਚ ਦਾਖਲ ਹੋ ਗਿਆ। ਜ਼ਿੰਦਗੀ ਉਹੀ ਗਰੀਬੀ ਅਤੇ ਤੰਗੀ ਵਾਲੀ ਸੀ। ਲੋਕ ਕਿਵੇਂ ਇਕ ਦੂਜੇ ਨੂੰ ਕਿਵੇਂ ਸੰਭਾਲਦੇ। ਉਹ ਤੇ ਖ਼ੁਦ ਵੀ ਪ੍ਰੇਸ਼ਾਨ ਹਾਲ ਸਨ।

ਇਕ ਸਾਲ ਤੇ ਛੇ ਮਹੀਨੇ ਇਸੇ ਤਰ੍ਹਾਂ ਲੰਘ ਗਏ। ਮੇਰੀ ਪੜ੍ਹਾਈ ਵਿਚ ਵਿਘਨ ਪੈ ਗਿਆ, ਕਿਉਂਕਿ ਮੈਨੂੰ ਘਰ ਦੇ ਖਰਚੇ ਚਲਾਉਣ ਲਈ ਕਈ ਵੱਖ-ਵੱਖ ਕੰਮ ਕਰਨੇ ਪੈਂਦੇ ਸਨ। ਮਿਹਨਤ ਮਜ਼ਦੂਰੀ ਵੀ ਕਰਦਾ ਸੀ। ਕਦੇ ਬੰਦਰਗਾਹ ਉੱਤੇ ਚਲਾ ਗਿਆ। ਕੈਂਪਾਂ ਵਿਚ ਰੇਡੀਓ ਸਟੇਸ਼ਨ ਬਣ ਗਿਆ ਸੀ। ਮੈਂ ਉਥੇ ਜਾ ਕੇ ਨਜ਼ਮਾਂ ਪੜ੍ਹਦਾ ਸੀ। ਕਰਾਚੀ ਵਿਚ, ਯੂ. ਪੀ., ਲਖਨਊ ਅਤੇ ਦਿੱਲੀ ਤੇ ਉਸਤਾਦਾਂ ਤੇ ਉਹਨਾਂ ਦੇ ਸ਼ਾਗਿਰਦ ਇਕੱਠੇ ਹੋ ਗਏ ਸਨ। ਇਸ ਕਰਕੇ ਕਵੀ ਦਰਬਾਰਾਂ ਦਾ ਬੜਾ ਚਰਚਾ ਸੀ। ਤੇ ਜਿਹੜਾ ਉਹ ਸ਼ੌਕ ਸੀ ਸ਼ਾਇਰੀ ਦਾ ਉਹ ਕਰਾਂਚੀ ਵਿਚ ਆ ਕੇ ਪ੍ਰਵਾਨ ਚੜ੍ਹਿਆ। ਇਸ ਜ਼ਮਾਨੇ ਵਿਚ ਮੁਸ਼ਾਇਰਾ ਬਾਕਾਇਦਾ ਇਕ ਸੰਸਥਾ ਬਣ ਗਿਆ ਸੀ। ਉਰਦੂ ਜ਼ੁਬਾਨ ਮੁਸ਼ਾਇਰਿਆਂ ਕਰਕੇ ਹੀ ਪ੍ਰਚਲਿਤ ਹੋਈ। ਸ਼ਾਇਰੀ ਹੀ ਮੇਰਾ ਪਰਦਾ ਤੇ ਵਿਛਾਉਣਾ ਬਣ ਗਈ। ਸਾਰੇ ਉਸਤਾਦ ਸ਼ਾਇਰ ਅਕਬਰਾ

ਆਬਾਦ ਦੇ, ਲਖਨਊ, ਦਿੱਲੀ, ਦੱਖਣ ਦੇ ਕਰਾਚੀ ਵਿਚ ਉਜੜ ਕੇ ਆਏ ਸਨ। ਮੇਰੀ ਸਿਖਲਾਈ ਹੋ ਰਹੀ ਸੀ। ਜੈੱਡ. ਏ. ਬੁਖਾਰੀ ਰੇਡੀਓ ਦੇ ਡਾਇਰੈਕਟਰ ਜਨਰਲ ਸਨ ਤੇ ਉਹ ਖ਼ੁਦ ਵੀ ਕਵੀ ਸਨ। ਉਨ੍ਹਾਂ ਨੂੰ ਮੁਸ਼ਾਇਰੇ ਕਰਾਉਣ ਦਾ ਸ਼ੌਕ ਸੀ। ਸਦਰ ਕਰਾਚੀ ਵਿਚ ਕਾਫੀ ਹਾਊਸ ਸੀ, ਜਿੱਥੇ ਮੈਂ ਬੈਠਣਾ ਸ਼ੁਰੂ ਕਰ ਦਿੱਤਾ। ਉਥੇ ਸਵੇਰੇ ਤੋਂ ਬੈਠਦੇ ਸੀ ਤੇ ਸ਼ਾਮ ਨੂੰ ਨਿਕਲਦੇ ਸੀ। ਵਿਦਿਆਰਥੀ ਜੋ ਬੜੇ ਕਾਬਿਲ ਹੁੰਦੇ ਸਨ, ਤੇ ਬੜੇ ਤੇਜ਼-ਦਿਮਾਗ ਸਨ, ਮਾਰਕਸਵਾਦ ਅਤੇ ਸਮਾਜਵਾਦ ਉੱਤੇ ਖ਼ੂਬ ਬਹਿਸ-ਮੁਬਹਿਸਾ ਹੁੰਦਾ ਰਹਿੰਦਾ ਸੀ।

II

**ਫਿਲਮਾਂ ਦੇ ਗੀਤ**

ਪੰਜਾਬੀ ਲਾਹੌਰ ਵਿਚ ਮੇਰਾ ਦੁਬਾਰਾ ਆਉਣਾ ਜਾਣਾ ਹੋਇਆ, ਕਿਉਂਕਿ ਮੇਰੀ ਸ਼ਾਦੀ ਹੋ ਗਈ ਸੀ। ਫ਼ਿਲਮਾਂ ਨਾਲ ਵੀ ਸੰਪਰਕ ਜੁੜਿਆ। ਅਸੀਂ ਵੀ ਫਿਲਮਾਂ ਦੇ ਗੀਤ ਲੇਖਕ ਹੋ ਗਏ। ਸਾਡੇ ਦੋਸਤ ਅਲਾਉਲਦੀਨ ਐਕਟਰ ਸੀ। ਉਹ ਮੈਨੂੰ ਅਕਸਰ ਹੀ ਕਰਾਚੀ ਵਿਚ ਮਿਲਿਆ ਕਰਦੇ ਸਨ। ਆਰਫ਼ ਜਲਾਲੀ ਦੇ ਨਾਲ ਉਹਨਾਂ ਦੇ ਸੰਬੰਧ ਬੰਬਈ ਤੋਂ ਹੀ ਸਨ। ਅਸੀਂ ਦੋਵੇਂ ਅਲਾਉਲਦੀਨ ਨੂੰ ਮਿਲਦੇ, ਗੱਪ-ਸ਼ੱਪ ਚੱਲਦੀ ਰਹਿੰਦੀ। ਅਲਾਉਲਦੀਨ ਸਾਹਿਤ ਪ੍ਰੇਮੀ ਸਨ ਤੇ ਉਹ ਤਰੰਨਮ ਵਿਚ ਖ਼ੁਦ ਸ਼ਿਅਰ ਪੜ੍ਹਦੇ ਸਨ। ਉਹਨਾਂ ਨੇ ਮੈਨੂੰ ਲਾਹੌਰ ਆਉਣ ਦੀ ਦਾਅਵਤ ਦਿੱਤੀ। ਮੈਂ ਉਹਨਾਂ ਨੂੰ ਗ਼ਜ਼ਲ ਸੁਣਾਈ ਤਾਂ ਉਹਨਾਂ ਨੇ ਕਿਹਾ "ਕਿ ਆਪ ਲਾਹੌਰ ਆਓ। ਮੈਂ ਆਪ ਕੋਲੋਂ ਫਿਲਮ ਦੇ ਗੀਤ ਲਿਖਵਾਉਣੇ ਹਨ।"

ਇਕ ਦਿਨ ਜਾਫਰ ਸ਼ਾਹ ਬੁਖਾਰੀ ਜੋ ਫਿਲਮ 'ਭਰੋਸਾ' ਦੇ ਡਾਇਰੈਕਟਰ ਸਨ, ਨੇ ਮੈਨੂੰ ਦੂਰ ਤੋਂ ਆਵਾਜ਼ ਮਾਰੀ। ਮੈਂ ਉਸਨੂੰ ਕਿਹਾ, "ਆਪ ਕੌਣ ਹੋ? ਮੈਂ ਆਪ ਨੂੰ ਨਹੀਂ ਜਾਣਦਾ" ਉਸਨੇ ਕਿਹਾ, "ਅਲਾਉਲਦੀਨ ਨੇ ਕਿਹਾ ਹੈ ਕਿ ਆਪ ਤੋਂ ਗਾਣੇ, ਲਿਖਵਾਏ ਜਾਣ" ਮੈਂ ਖਲੋ ਗਿਆ। ਉਹ ਟੈਕਸੀ ਤੋਂ ਉੱਤਰ ਕੇ ਮੇਰੇ ਪਾਸ ਆਇਆ, ਮੈਨੂੰ ਜ਼ੋਰ ਦੇ ਕੇ ਜ਼ਬਰਦਸਤੀ ਆਪਣੇ ਨਾਲ ਬਿਠਾ ਲਿਆ ਅਤੇ 'ਸ਼ਾਹ-ਨੂਰ' ਸਟੂਡੀਓ ਲੈ ਗਿਆ। ਇੰਝ ਅਸੀਂ ਵੀ ਫਿਲਮੀ ਗੀਤ ਲਿਖਣ ਵੱਲ ਤੁਰ ਗਏ।

III

**ਮੇਰੀ ਸ਼ਾਦੀ**

ਕਰਾਚੀ ਚਲਾ ਗਿਆ। ਵਿਚ ਇਕ ਅੱਧ-ਵਾਰ ਲਾਹੌਰ ਵੀ ਆਇਆ। ਕਰਾਚੀ ਵਿਚ ਮੇਰੀ ਸ਼ਾਦੀ ਹੋ ਗਈ। ਇਹ ਵੀ ਇਕ ਅਜੀਬ ਘਟਨਾ ਸੀ। ਮੇਰੇ ਚਾਚੇ ਦੀ ਲੜਕੀ ਸੀ। ਮੇਰੀ ਪਤਨੀ ਦੇ ਬਾਰੇ ਸਾਰੇ ਫ਼ਿਕਰਮੰਦ ਸਨ ਕਿ ਉਸਦੀ ਸ਼ਾਦੀ ਕਿਤੇ ਹੋਰ ਥੇ ਹੋਣੀ ਚਾਹੀਦੀ ਹੈ। ਮੇਰੇ ਦਿਮਾਗ ਵਿਚ ਵੀ ਨਹੀਂ ਸੀ। ਮੇਰੇ ਮਾਤਾ-ਪਿਤਾ ਦੇ ਦਿਮਾਗ ਵਿਚ ਵੀ ਨਹੀਂ ਸੀ, ਮੇਰੇ ਚਾਚਾ ਬੜੇ ਬਾਜ਼ੌਕ ਆਦਸੀ ਸਨ। ਉਹ ਮੈਨੂੰ ਬਚਪਨ ਤੋਂ ਹੀ ਚਾਹੁੰਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਮੈਂ ਤੇ ਆਪਣੀ ਬੇਟੀ ਦੀ ਸ਼ਾਦੀ ਜਾਲਿਬ ਨਾਲ ਹੀ ਕਰਾਂਗਾ। ਮੇਰੇ ਪਿਤਾ ਨੇ ਕਿਹਾ,



"ਵੇਖੋ ਉਹ ਅਵਾਰਾ ਆਦਮੀ ਹੈ। ਕਦੇ ਕਿਤੇ, ਕਦੇ ਕਿਤੇ। ਉਸਦਾ ਕੋਈ ਟਿਕਾਣਾ ਨਹੀਂ ਹੈ। ਇਸ ਨਾਲ ਸ਼ਾਦੀ ਕਰਨਾ ਤੇਰੀ ਬੇਟੀ ਨਾਲ ਜ਼ੁਲਮ ਹੋਵੇਗਾ।" ਪਰ ਚਾਚੇ ਨੇ ਕਿਹਾ, "ਜੇ ਮੇਰੀ ਬੇਟੀ ਦੀ ਸ਼ਾਦੀ ਹੋਵੇਗੀ ਤਾਂ ਜਾਲਿਬ ਦੇ ਨਾਲ ਹੋਵੇਗੀ।" ਅਖ਼ੀਰ ਮੇਰੇ ਮਾਤਾ-ਪਿਤਾ ਵੀ ਰਾਜ਼ੀ ਹੋ ਗਏ। ਤੇ ਮੈਂ ਜੋ ਬੜੇ ਤਰੱਕੀਪਸੰਦ ਬਣਦਾ ਸੀ, ਮਾਤਾ-ਪਿਤਾ ਦੀ ਮਰਜ਼ੀ ਸਾਹਮਣੇ ਝੁਕ ਗਿਆ। ਸ਼ਾਦੀ ਗਰੀਬਾਂ ਵਾਲੀ ਸੀ। ਦੋ-ਚਾਰ ਦਸ ਲੋਕ ਹੋਣਗੇ। ਸਾਡਾ ਚਾਚਾ ਵੀ ਇਸ ਕਾਬਿਲ ਨਹੀਂ ਸੀ ਅਤੇ ਨਾ ਹੀ ਅਸੀਂ ਬਹੁਤਾ ਵਿਖਾਲਾ ਤੇ ਖਰਚ ਕੀਤਾ। ਕਿਤਿਓਂ ਦੋ ਸੌ ਰੁਪਏ ਲੈ ਕੇ ਸ਼ਾਦੀ ਕਰ ਲਈ। ਸ਼ਾਦੀ ਪਿੱਛੋਂ ਮੈਂ ਨੌਕਰੀ ਕਰ ਲਈ। ਜਮੀਲ-ਉਲਦੀਨ ਆਲੀ ਨੇ ਮੈਨੂੰ ਇਨਕਮ ਟੈਕਸ ਅਫ਼ਸਰ ਦੇ ਨਾਲ ਨੌਕਰ ਕਰਵਾ ਦਿੱਤਾ। ਮੈਂ ਉਹਨਾਂ ਦਾ ਦੇਣਦਾਰ ਹਾਂ। ਉਸਦਾ ਮੇਰੇ ਤੇ ਅਹਿਸਾਨ ਸੀ। ਇਹਨਾਂ ਦੀ ਦਿਨਾਂ ਵਿਚ ਜਿਗਰ ਮੁਰਾਦਾਬਾਦੀ ਨਾਲ ਮੁਲਾਕਾਤ ਹੋਈ, ਤਾਂ ਉਹਨਾਂ ਨੇ ਪੁੱਛਿਆ, "ਕੀ ਹਾਲ ਹੈ?" ਮੈਂ ਆਖਿਆ, "ਸ਼ਾਦੀ ਦੇ ਗ਼ਮ ਵਿਚ ਫਸਿਆ ਹੋਇਆ ਹਾਂ।" ਕਹਿਣ ਲੱਗੇ, "ਸ਼ਾਦੀ ਚੰਗੀ ਹੁੰਦੀ ਹੈ, ਆਦਮੀ ਨੂੰ ਬੜਾ ਬਾਕਾਇਦਾ ਬਣਾ ਦਿੰਦੀ ਹੈ।" ਉਹ ਬੜੇ ਸ਼ਰੀਫ਼ ਆਦਮੀ ਸਨ। ਬੜੇ ਆਹਲਾ ਇਨਸਾਨ ਸਨ ਤੇ ਸ਼ਾਇਰ ਵੀ ਵੱਡੇ ਸਨ।

ਪਰ ਜਿੰਨਾ ਮੈਨੂੰ ਲਾਪ੍ਰਵਾਹ ਸਮਝਿਆ ਗਿਆ, ਮੈਂ ਓਨਾ ਹੀ ਕਾਬਿਲ ਨਿਕਲਿਆ। ਮੈਂ ਆਪਣੀ ਸ਼ਾਦੀ ਦੀ ਫ਼ਿਕਰਮੰਦੀ ਕੀਤੀ।

IV

**ਪਹਿਲੀ ਕਿਤਾਬ**

ਹੁਣ ਮਸਲਾ ਆਇਆ, ਮੇਰੀ ਪਹਿਲੀ ਕਿਤਾਬ ਛਪਣ ਦਾ। ਇਸ ਕਾਵਿ-ਸੰਗ੍ਰਹਿ ਦਾ ਨਾਂ ਸੀ "ਬਰਗੇ ਆਵਾਰਾ" ਮੇਰਾ ਇਕ ਦੋਸਤ ਸੀ ਇਕਰਾਮ ਅਲਹੱਕ ਜਾਲੰਧਰੀ। ਉਹ "ਮਕਤਬਾ ਕਾਰਵਾਂ" ਲਾਹੌਰ ਦੇ ਮਾਲਕ ਚੌਧਰੀ ਅਬਦੁਲ ਹਮੀਦ ਦੇ ਵੀ ਦੋਸਤ ਸਨ। ਇਕਰਾਮ ਅਲਹੱਕ ਬੜੇ ਮਿਲਣਸਾਰ ਤੇ ਸੁਲਾਹ ਪਸੰਦ ਆਦਮੀ ਸਨ। ਉਹਨਾਂ ਦੀ ਇਹ ਆਦਤ ਸੀ ਕਿ ਉਹ ਦੋ ਆਪੋ ਵਿਚ ਲੜਨ ਵਾਲਿਆਂ ਦੀ ਸੁਲਾਹ ਕਰਵਾ ਦਿੰਦੇ ਹੁੰਦੇ ਸਨ। ਮਿਸਾਲ ਵਜੋਂ ਹਮੀਦ ਨਿਜ਼ਾਮੀ ਨੂੰ ਕਹਿਣਾ, "ਉਹ ਤੇ ਤੇਰੀ ਬੜੀ ਤਾਰੀਫ਼ ਕਰਦਾ ਹੈ" ਤੇ ਨਿਜ਼ਾਮੀ ਦੇ ਵਿਰੋਧੀ ਨੂੰ ਆਖਣਾ, "ਨਿਜ਼ਾਮੀ ਸਾਹਿਬ ਤਾਂ ਆਪ ਦੀ ਬੜੀ ਤਾਰੀਫ਼ ਕਰ ਰਹੇ ਹਨ" ਇਸ ਤਰ੍ਹਾਂ ਉਹਨਾਂ ਨੂੰ ਆਪੋ ਵਿਚ ਮਿਲਾ ਦੇਣਾ। ਇਹ ਉਹਨਾਂ ਵਿਚ ਖ਼ੂਬੀ ਸੀ। ਦੋਸਤਾਂ ਦੇ ਉਹ ਦੋਸਤ ਸਨ। ਇਸੇ ਤਰ੍ਹਾਂ ਉਹਨਾਂ ਨੇ ਮੇਰਾ ਜ਼ਿਕਰ ਚੌਧਰੀ ਅਬਦੁਲ ਹਮੀਦ ਕੋਲ ਕੀਤਾ "ਕਿ ਜਾਲਿਬ ਸਾਹਿਬ ਤਾਂ ਆਪ ਦੀ ਬੜੀ ਤਾਰੀਫ਼ ਕਰਦੇ ਹਨ ਕਿ ਆਪ ਬੜੇ ਚੰਗੇ ਹੋ। ਆਪ ਦਾ ਅਦਾਰਾ ਬੜਾ ਚੰਗਾ ਹੈ।" ਉਹਨਾਂ ਨੇ ਜਵਾਬ ਵਿਚ ਆਖਿਆ ਕਿ "ਜਾਲਿਬ ਸਾਹਿਬ ਦਾ ਕਲਾਮ ਥੋੜ੍ਹਾ ਜਿਹਾ ਮੈਂ ਵੀ ਸੁਣਿਆ ਹੈ। ਮੈਂ ਚਾਹੁੰਦਾ ਹਾਂ ਕਿ ਉਹਨਾਂ ਦੀ ਕਿਤਾਬ ਛਾਪੀ ਜਾਵੇ, ਪਰ ਮੈਂ ਸੁਣਦਾ ਹਾਂ ਕਿ ਤਰੰਨਮ ਹੀ ਤਰੰਨਮ ਹੈ। ਸ਼ਿਅਰ ਤਾਂ ਉਹ

ਖ਼ੁਦ ਨਹੀਂ ਕਹਿੰਦੇ। ਇਸ ਲਈ ਇਕਰਾਮ ਅਲਹੱਕ ਮੈਨੂੰ ਉਹਨਾਂ ਦੀ ਦੁਕਾਨ ਤੇ ਲੈ ਗਿਆ, ਜਿਹੜੀ ਅਨਾਰ-ਕਲੀ ਵਿਚ ਕੁਤੁਬਉਲਦੀਨ ਐਬਕ ਦੇ ਬਾਜ਼ਾਰ ਦੇ ਕਰੀਬ ਸੀ। ਚੌਧਰੀ ਸਾਹਿਬ ਨੇ ਮੇਰੇ ਨਾਲ ਵੀ ਉਹੀ ਗੱਲ ਕੀਤੀ। "ਜਾਲਿਬ ਸਾਹਿਬ ਆਪ ਦਾ ਕਲਾਮ ਤਾਂ ਮੈਨੂੰ ਪਸੰਦ ਹੈ ਪਰ ਇਕ ਸ਼ੱਕ-ਵਾ ਸ਼ੁਬਾਹ ਹੈ ਕਿ ਆਪ ਖ਼ੁਦ ਸ਼ਿਅਰ ਨਹੀਂ ਕਹਿੰਦੇ। ਇਹ ਮੇਰੀ ਉਲਝਣ ਆਪ ਦੂਰ ਕਰ ਦਿਓ।" ਉਹਨਾਂ ਨੇ ਮੈਨੂੰ ਕਿਹਾ। ਮੈਂ ਆਪ ਨੂੰ ਇੱਕ ਸ਼ਿਅਰ ਦਿੰਦਾ ਹਾਂ। ਆਪ ਉਸ ਵਜ਼ਨ ਵਿਚ ਚਾਰ ਪੰਜ ਸ਼ਿਅਰ ਕਹਿ ਦਿਓ। ਖ਼ਿਆਲ ਦੀ ਬੁਲੰਦੀ-ਪਸਤੀ ਹਾਲ ਦੀ ਘੜੀ ਛੱਡ ਦਿਓ।"

ਮੈਂ ਮੁਸਕਰਾਇਆ ਅਤੇ ਸੋਚਿਆ ਕਿਹੋ ਜਿਹੇ ਇਮਤਿਹਾਨਾਂ ਵਿਚੋਂ ਦੀ ਲੰਘਣਾ ਪੈਂਦਾ ਹੈ। ਮੈਂ ਉਹਨਾਂ ਨੂੰ ਪੰਜ-ਛੇ ਸ਼ਿਅਰ ਲਿਖ ਦਿੱਤੇ ਤਾਂ ਉਹਨਾਂ ਨੇ ਕਿਹਾ, "ਮੈਂ ਸੰਤੁਸ਼ਟ ਹਾਂ" "ਬਰਗੇ-ਅਵਾਰਾ" ਇੰਝ ਛਪੀ। ਬਰਗੇ -ਆਵਾਰਾ ਦਾ ਟਾਈਟਲ ਹਨੀਫ ਰਾਮੇ ਨੇ ਬਣਾਇਆ ਸੀ। "ਸਰੇ-ਮਕਤਲ" ਦਾ ਵੀ ਉਹਨਾਂ ਹੀ ਬਣਾਇਆ ਸੀ। ਕਿਤਾਬ ਛਪਣ ਪਿੱਛੋਂ ਮੈਂ ਸ਼ਾਇਰ ਮੰਨਿਆ ਗਿਆ। ਲਾਹੌਰ ਵਿਚ ਤਾਂ ਮੈਂ ਪ੍ਰਸਿੱਧ ਉਸ ਕਵੀ ਦਰਬਾਰ ਕਾਰਨ ਹੋ ਗਿਆ ਸੀ, ਜਿੱਥੇ ਮੈਂ ਉਹ ਗਜ਼ਲ ਪੜ੍ਹੀ ਸੀ, "ਦਿਲ ਕੀ ਬਾਤ ਲਬੋਂ ਪਰ ਲਾ ਕਰ, ਅਬ ਤੱਕ ਹਮ ਦੁੱਖ ਸਹਿਤੇ ਹੈਂ।" •

## 2. ਪੰਡਤ ਜਵਾਹਰ ਲਾਲ ਨਹਿਰੂ

ਇਹ 1956 ਦੀ ਗੱਲ ਹੈ। ਇਸ ਤੋਂ ਪਿੱਛੋਂ ਤਾਂ ਮੇਰਾ ਪਾਸਪੋਰਟ ਹੀ ਜ਼ਬਤ ਹੋ ਗਿਆ ਸੀ। 33 ਸਾਲ ਜ਼ਬਤ ਰਿਹਾ। ਮੈਂ ਫਿਰ ਭਾਰਤ ਨਾ ਜਾ ਸਕਿਆ। ਉਸ ਜ਼ਮਾਨੇ ਵਿਚ ਹਰ ਸਾਲ ਦਿੱਲੀ ਕਲਾਥ ਮਿਲਜ਼ ਦੇ ਮੁਸ਼ਾਹਿਰੇ ਵਿਚ ਜਾਂਦੇ ਹੁੰਦੇ ਸੀ। ਇਸ ਮੁਸ਼ਾਹਿਰੇ ਦੇ ਪ੍ਰਬੰਧਕਾਂ ਦਾ ਚੰਗਾ ਗਰੁੱਪ ਸੀ। ਉਹਨਾਂ ਦਾ ਦਿਮਾਗ ਧਰਮ-ਨਿਰਪੱਖ ਸੀ। ਪੰਡਤ ਜਵਾਹਰ ਲਾਲ ਨਹਿਰੂ, ਜੋ ਪ੍ਰਧਾਨ-ਮੰਤਰੀ ਸਨ ਨੇ ਆਖਿਆ ਸੀ, "ਮੈਂ ਪਾਕਿਸਤਾਨੀ ਸ਼ਾਇਰਾਂ ਨੂੰ ਸੁਣਨਾ ਚਾਹੁੰਦਾ ਹਾਂ।" ਅਸੀਂ ਪ੍ਰਧਾਨ ਮੰਤਰੀ ਹਾਊਸ ਗਏ। ਮੇਰੇ ਸਾਥ ਸ਼ੌਕਤ ਥਾਨਵੀ, ਹਫੀਜ਼ ਜਲੰਧਰੀ, ਤਰਲੋਕ ਚੰਦ ਮਹਿਰੂਮ ਅਤੇ ਇਕ ਦੋ ਹੋਰ ਕਵੀ ਸਨ। ਇਸ ਕਵੀ ਦਰਬਾਰ ਦਾ ਪ੍ਰਬੰਧ ਖਵਾਜਾ ਗੁਲਾਮ ਸਯਦੀਨ ਦੇ ਹਵਾਲੇ ਸੀ। ਜੋ ਕਿ ਖਵਾਜਾ ਅਲਤਾਫ ਹੁਸੈਨ ਹਾਲੀ ਦੇ ਪਰਿਵਾਰ ਚੋਂ ਸਨ। ਇਸ ਮੁਸ਼ਾਹਿਰੇ ਦੀ ਪ੍ਰਧਾਨਗੀ ਪੰਡਤ ਜਵਾਹਰ ਲਾਲ ਨਹਿਰੂ ਕਰ ਰਹੇ ਸਨ। ਜੇ ਉਹਨਾਂ ਨੂੰ ਕਿਸੇ ਕਵੀ ਦਾ ਸ਼ਿਅਰ ਪਸੰਦ ਆਉਂਦਾ ਤਾਂ ਪੰਡਤ ਜੀ ਥੋੜ੍ਹੀ ਜਿਹੀ ਗਰਦਨ ਹਿਲਾ ਦਿੰਦੇ ਸਨ। ਜਿਵੇਂ ਦੂਜੇ ਲੋਕ ਆਖਦੇ ਹਨ, "ਮੁਕੱਰਰ, ਵਾਹ, ਵਾਹ ਫਿਰ ਕਰੋ।" ਉਹ ਇੰਝ ਨਹੀਂ ਕਹਿੰਦੇ ਸਨ।

ਪੰਡਤ ਜਵਾਹਰ ਲਾਲ ਨਹਿਰੂ ਬਹੁਤ ਪੜ੍ਹੇ ਲਿਖੇ, ਜ਼ਹੀਨ ਵਿਦਵਾਨ ਅਤੇ ਅਮਲੀ



ਸਿਆਸਤਦਾਨ ਸਨ। ਉਹਨਾਂ ਵਿਚ ਕੋਈ ਬਨਾਵਟ ਨਹੀਂ ਸੀ। ਉਹਨਾਂ ਦੀ ਸ਼ਖ਼ਸੀਅਤ ਵਿਚ (ਸ਼ਾਨ) ਸੀ। ਉੱਠਦੇ ਬੈਠਦੇ ਇਕ ਵੱਕਾਰ ਝਲਕਦਾ ਸੀ। ਉਹਨਾਂ ਵਿਚ ਦਾਦ ਦੇਣ ਦਾ ਅੰਦਾਜ਼ ਮੈਂ ਨਹੀਂ ਵੇਖਿਆ। ਹਫੀਜ਼ ਜਲੰਧਰੀ ਨੂੰ ਵੀ ਸੁਣਿਆ ਗਿਆ। ਉਹਨਾਂ ਨੇ ਇਕ ਗੀਤ ਸੁਣਾਇਆ ਸੀ। ਮੈਂ ਫਰਮਾਇਸ਼ ਉੱਤੇ ਇਕ ਗ਼ਜ਼ਲ ਸੁਣਾਈ

ਮੁਹੱਬਤ ਕੀ ਰੰਗੀਨੀਆਂ ਛੋੜ ਆਏ,<br>
ਤਿਰੇ ਸ਼ਹਿਰ ਮੇਂ ਇਕ ਜਹਾਂ ਛੋੜ ਆਏ।

ਛੱਡੇ ਹੋਏ ਪਿੰਡਾਂ ਨੂੰ ਵੇਖਣ ਦੀ ਸਾਨੂੰ ਤਾਂਘ ਸੀ। ਮੈਂ ਉਥੇ ਮੁਸ਼ਾਹਿਰੇ ਵਿਚ ਵੀ ਕਿਹਾ ਸੀ ਕਿ ਸਿਆਸੀ ਤੌਰ ਤੇ ਇਹਨਾਂ ਛੱਡੀਆਂ ਹੋਈਆਂ ਥਾਵਾਂ ਨਾਲ ਸਾਡੇ ਕੋਈ ਸੰਬੰਧ ਨਹੀਂ, ਉੱਥੇ ਇਕ ਚਿੱਤਰ ਲੱਗਾ ਹੋਇਆ ਸੀ, ਜੋ ਹਿਜਰਤ ਦੇ ਬਾਰੇ ਸੀ। ਸ਼ਰਨਾਰਥੀ ਆ ਜਾ ਰਹੇ ਸਨ। ਏਧਰੋਂ-ਉਧਰ, ਉਧਰੋਂ -ਇਧਰ। ਮੇਰੀ ਗ਼ਜ਼ਲ ਵਿਚ ਇਸ ਚਿੱਤਰ ਦਾ ਪ੍ਰਗਟਾਵਾ ਸੀ। ਜਿਸਨੂੰ ਪੰਡਤ ਜੀ ਨੇ ਵੀ ਪਸੰਦ ਕੀਤਾ। ਇਹ ਦੁੱਖ ਦੋਵਾਂ ਪਾਸਿਆਂ ਦਾ ਸੀ। ਇਹ ਐਨਾ ਵੱਡਾ ਹੰਗਾਮਾ ਕਿਉਂ ਹੋਇਆ? ਹਫੀਜ਼ ਜਲੰਧਰੀ ਨੇ ਅੱਗੇ ਵੱਧ ਕੇ ਪੰਡਤ ਨਹਿਰੂ ਕੋਲ ਤਰਲੋਕ ਚੰਦ ਮਹਿਰੂਮ ਦੇ ਵਜ਼ੀਫੇ ਦੀ ਸਿਫਾਰਿਸ਼ ਕਰ ਦਿੱਤੀ ਕਿ ਇਹ ਵਜ਼ੀਫ਼ਾ ਉਨ੍ਹਾਂ ਨੂੰ ਦਿੱਤਾ ਜਾਵੇ। ਉਹਨਾਂ ਨੇ ਹਾਮੀ ਤਾਂ ਨਹੀਂ ਭਰੀ, ਗੱਲ ਸੁਣ ਲਈ। ਬੱਸ ਹੋ ਜਾਵੇਗਾ, ਵਰਗਾ ਪ੍ਰਭਾਵ ਦਿੱਤਾ। ਸਾਡੀ ਉਸ ਨਾਲ ਗੱਲ ਨਹੀਂ ਹੋਈ। ਉਹਨਾਂ ਨੇ ਕਿਸੇ ਦੂਸਰੀ ਮੀਟਿੰਗ ਵਿਚ ਜਾਣਾ ਸੀ। ਉਹ ਅੰਦਰ ਚਲੇ ਗਏ ਅਤੇ ਦੂਸਰੀ ਅਚਕਨ ਬਦਲ ਕੇ, ਫੁੱਲ ਲਗਾ ਕੇ ਆ ਗਏ। ਅਚਕਨ ਨਾਲ ਫੁੱਲ ਲਗਾਉਣਾ, ਉਹਨਾਂ ਦੀ ਆਦਤ ਸੀ। ਉਹ ਡੇਢ ਮਿੰਟ ਵਿਚ ਹੀ ਆ ਗਏ। ਉਸ ਜ਼ਮਾਨੇ ਵਿਚ ਇੰਦਰਾ ਗਾਂਧੀ ਸਿਆਸਤ ਵਿਚ ਨਹੀਂ ਆਈ ਸੀ। ਮੈਨੂੰ ਕਿਸੇ ਨੇ ਦੱਸਿਆ ਕਿ ਉਹ ਦੂਸਰੇ ਕਮਰੇ ਵਿਚ ਬੈਠੀ ਕਵੀ-ਦਰਬਾਰ ਸੁਣ ਰਹੀ ਸੀ। ਪੰਡਤ ਜਵਾਹਰ ਲਾਲ ਨਹਿਰੂ ਨੂੰ ਆਪਣਾ ਕਲਾਮ ਸੁਣਾਉਣ ਦਾ ਸ਼ਰਫ਼ ਸਾਨੂੰ ਇੰਝ ਮਿਲਿਆ। •

## 3. ਮੇਰੇ ਉੱਤੇ ਜੂਏ ਦਾ ਕੇਸ

ਜਨਰਲ ਜ਼ਿਆ-ਉਲ ਹੱਕ ਦੇ ਸਮੇਂ ਮੇਰੇ ਉੱਤੇ ਜੂਏ ਦਾ ਅਜਿਹਾ ਕੇਸ ਬਣਾ ਦਿੱਤਾ ਗਿਆ ਸੀ। ਪਹਿਲਾਂ ਤਾਂ ਸ਼ਰਾਬ ਦੇ ਕੇਸ ਬਣਾ ਦਿੰਦੇ ਸੀ। ਹੁਣ ਜ਼ਰਾ ਉਹਨਾਂ ਨੇ ਤਰੱਕੀ ਕੀਤੀ। ਮੇਰੇ ਇਕ ਦੋਸਤ ਟੈਂਪਲ-ਰੋਡ ਲਾਹੌਰ ਵਿਚ ਰਹਿੰਦੇ ਸਨ। ਉਹ ਸਾਡੇ ਮਿਜ਼ਾਜ ਦੇ ਆਦਮੀ ਸਨ। ਅਸੀਂ ਅੱਠ ਵਜੇ ਰਾਤ ਬਾਅਦ ਉਹਨਾਂ ਦੇ ਘਰ ਬਹਿੰਦੇ ਹੁੰਦੇ ਸੀ। ਉਸਦਾ ਆਪਣੇ ਮਕਾਨ ਮਾਲਕ ਨਾਲ ਝਗੜਾ ਰਹਿੰਦਾ ਸੀ, ਜੋ ਉਹਨਾਂ ਦੇ ਮਕਾਨ ਦੇ ਉਪਰਲੇ ਹਿੱਸੇ ਵਿਚ ਰਹਿੰਦਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਪੁਲਿਸ ਨੇ ਸਾਨੂੰ ਸਾਰਿਆਂ ਨੂੰ ਉਸ ਦਿਨ ਉਥੇ ਬੈਠੇ ਸੀ, ਜੂਆ ਖੇਡਣ ਦੇ ਜੁਰਮ ਵਿਚ ਗ੍ਰਿਫਤਾਰ ਕਰ ਲਿਆ। ਉਥੇ ਇਕ ਐਡਵੋਕੇਟ ਤਾਰਕ ਬਾਜਵਾ ਵੀ ਰਹਿੰਦੇ ਸਨ। ਉਸ ਦਾ ਨਾਂ, ਵਕੀਲ ਹੋਣ ਕਾਰਨ ਵਿਚੋਂ ਕੱਢ ਦਿੱਤਾ

ਗਿਆ। ਵਕੀਲ ਹੋਣ ਦਾ ਬੜਾ ਲਾਭ ਹੈ। ਇਹ ਰਿਆਇਤ ਉਸਨੂੰ ਵੀ ਮਿਲ ਗਈ। ਭਾਵੇਂ ਉਹ ਵੀ ਸਾਡੇ ਨਾਲ ਹੀ ਬੈਠਿਆ ਹੋਇਆ ਸੀ।

ਪੁਲਿਸ ਨੇ ਸਾਡੇ ਉੱਤੇ ਇਹ ਕੇਸ ਬਣਾਇਆ ਕਿ ਅਸੀਂ ਮਕਾਨ ਤੋਂ ਬਾਹਰ ਦਰੀ ਵਿਛਾ ਕੇ, "ਮੰਗ ਪੱਤਾ" (ਤਾਸ਼ ਰਾਹੀਂ ਜੂਆ) ਖੇਡ ਰਹੇ ਸੀ ਤੇ ਕਮਰੇ ਦੇ ਅੰਦਰ ਤੋਂ ਨਿਕਲ ਕੇ ਬਿਜਲੀ ਦਾ ਬਲਬ ਕੱਢ ਕੇ ਬਾਹਰ ਲਗਾਇਆ ਹੋਇਆ ਸੀ। ਪੁਲਿਸ ਨੇ ਇਹ ਕੇਸ ਘੜ ਲਿਆ ਸੀ। ਫਰਵਰੀ ਦਾ ਮਹੀਨਾ ਸੀ। ਸਰਦੀ ਦਾ ਮੌਸਮ। ਜੂਆ ਕਮਰੇ ਦੇ ਅੰਦਰ ਬਹਿ ਕੇ ਵੀ ਖੇਡਿਆ ਜਾ ਸਕਦਾ ਸੀ। ਸਰਦੀ ਵਿਚ ਬਾਹਰ ਰੌਸ਼ਨੀ ਲਿਜਾ ਕੇ ਖੇਡਣ ਦੀ ਕੀ ਜ਼ਰੂਰਤ ਸੀ। ਪੁਲਿਸ ਦੇ ਕਹਿਣ ਅਨੁਸਾਰ ਬਾਹਰ ਖੰਭੇ ਉੱਤੇ ਬਲਬ ਨਹੀਂ ਸੀ। ਇਸ ਲਈ ਕਮਰੇ ਤੋਂ ਲਾਈਨ ਬਾਹਰ ਲਾਈ ਗਈ। ਹੁਣ ਆਮ ਤੌਰ ਤੇ ਜੂਏ ਦੇ ਮੁਕੱਦਮਿਆਂ ਵਿਚ ਇੰਝ ਹੀ ਹੁੰਦਾ ਹੈ ਕਿ ਜਵਾਰੀ ਕਿਸੇ ਖੰਭੇ ਦੇ ਹੇਠਾਂ ਬੈਠ ਕੇ ਜੂਆ ਖੇਡਦੇ ਰਹੇ ਹਨ। ਤਾਂ ਪੁਲਿਸ ਨੇ ਵੀ ਆਪਣਾ ਕੇਸ ਮਜਬੂਤ ਬਣਾਉਣ ਲਈ, ਇਹ ਕਹਾਣੀ ਬਣਾਈ ਸੀ। ਉਹਨਾਂ ਨੇ ਦਾਅ ਉੱਤੇ ਲੱਗੀ ਰਕਮ ਅਰਥਾਤ ਸਾਡੀਆਂ ਜੇਬਾਂ ਵਿਚੋਂ ਸਾਰੇ ਪੈਸੇ ਕੱਢ ਲਏ ਸੀ। ਸਾਰੀ ਰਾਤ ਸਾਨੂੰ ਹਵਾਲਾਤ ਵਿਚ ਰੱਖਿਆ। ਦੂਸਰੇ ਦਿਨ ਸਾਡੀ ਜ਼ਮਾਨਤ ਹੋ ਗਈ। ਮੈਂ ਡਾਕਟਰ ਖਾਲਦ ਰਾਝਾਂ ਐਡਵੋਕੇਟ ਦਾ ਬੜਾ ਸ਼ੁਕਰਗੁਜ਼ਾਰ ਹਾਂ ਕਿ ਉਹਨਾਂ ਨੇ ਸਾਡੀ ਪੈਰਵੀ ਕੀਤੀ ਸੀ। ਸੋਡਾਨਾ ਸਾਹਿਬ ਜਿਨ੍ਹਾਂ ਦੇ ਘਰ ਇਹ ਵਾਕਿਆ ਹੋਇਆ ਸੀ। ਉਹਨਾਂ ਦੇ ਗਵਾਂਢ ਵਿਚ ਗੁਲਜ਼ਾਰ ਐਡਵੋਕੇਟ ਰਹਿੰਦੇ ਸਨ ਤੇ ਉਹ ਸਾਡੇ ਪਿਆਰੇ ਦੋਸਤ ਸਨ। ਕਦੇ ਉਹ ਸਾਡੀ ਸ਼ਾਮ ਦੀ ਮਹਿਫਿਲ ਵਿਚ ਬੈਠਦੇ ਹੁੰਦੇ ਸਨ। ਪਰ ਅੱਜ-ਕੱਲ 'ਆਲਮੇ-ਤਰਕ' ਗੁਜ਼ਾਰ ਰਹੇ ਸਨ। ਉਹਨਾਂ ਨੂੰ ਪਤਾ ਲੱਗਾ ਤਾਂ ਉਹ ਆਏ ਤੇ ਆ ਕੇ ਇਹ ਹਲਫੀਆ ਬਿਆਨ ਦਿੱਤਾ ਕਿ ਪੁਲਸ ਨੇ ਸਾਨੂੰ ਕਮਰੇ ਦੇ ਅੰਦਰੋਂ ਪਕੜਿਆ ਸੀ। ਇਕ ਵਕੀਲ ਦੀ ਗਵਾਹੀ, ਜੋ ਇਸ ਮਕਾਨ ਦੇ ਨਾਲ ਹੀ ਰਹਿੰਦਾ ਸੀ। ਇਸ ਨਾਲ ਇਹ ਮੁਕੱਦਮਾ ਹੀ ਗਲਤ ਕਰਾਰ ਹੋ ਗਿਆ ਤੇ ਸਾਨੂੰ ਛੱਡ ਦਿੱਤਾ ਗਿਆ। •

## 4. ਮੈਂ ਮੌਕਾ-ਪ੍ਰਸਤ ਨਹੀਂ ਹਾਂ

ਪੰਜਾਬੀ ਦਾ ਕਵੀ ਦਰਬਾਰ ਸੀ। ਉਹ ਵੀ ਇਸ ਤਰ੍ਹਾਂ ਦਾ ਕਿ ਜਿਵੇਂ ਕੋਈ ਖਾਮੋਸ਼ੀ ਦੇ ਛੱਪੜ ਵਿਚ ਪੱਥਰ ਸੁੱਟੇ। ਇਹ ਵੀ ਇਸ ਭਾਂਤ ਦੇ ਹੀ ਪੱਥਰ ਸਨ। ਇਹ ਗ਼ਜ਼ਲ ਸੁਣ ਕੇ ਸੁਹਰਾਵਰਦੀ ਬਹੁਤ ਖੁਸ਼ ਹੋਏ ਤੇ ਕਿਹਾ, "ਅਸੀਂ ਨਹੀਂ ਜਾਣਦੇ ਕਿ ਆਪ ਕਿੰਨੇ ਵੱਡੇ ਸ਼ਾਇਰ ਹੋ। ਪਰ ਅਸੀਂ ਆਪ ਨੂੰ ਇਹ ਕਹਿੰਦੇ ਹਾਂ ਕਿ ਆਪਣੇ ਬੜੇ ਬਹਾਦਰ ਸ਼ਾਇਰ ਹੋ।"

ਇਹ ਮਾਰਸ਼ਲ-ਲਾ ਦਾ ਖ਼ੌਫਨਾਕ ਸਮਾਂ ਸੀ। ਇਸ ਵਕਤ ਮੈਂ ਆਪਣੀ ਮਸ਼ਹੂਰ ਕਵਿਤਾ ਲਿਖੀ ਸੀ - "ਦਸਤੂਰ" 1962 ਦਾ ਦਸਤੂਰ ਸਾਡੇ ਉੱਤੇ ਲਾਗੂ ਕੀਤਾ ਗਿਆ ਸੀ। ਇਹ



ਕਵਿਤਾ ਉਸਦੇ ਬਾਰੇ ਸੀ, ਹੁਣ ਇਸ ਨੂੰ ਪੜ੍ਹਨ ਦਾ ਮਾਮਲਾ ਸੀ ਕਿ ਇਸਨੂੰ ਕਿੱਥੇ ਪੜ੍ਹਿਆ ਜਾਵੇ? ਇਤਫਾਕ ਨਾਲ ਇਕ ਮੁਸ਼ਾਹਿਰਾ ਆ ਗਿਆ। ਇਹ ਮੁਸ਼ਹਿਰਾ "ਮਰੀ" ਸ਼ਹਿਰ ਵਿਚ ਸੀ ਜਿੱਥੇ ਪਾਕਿਸਤਾਨ ਦੇ ਕਵੀਆਂ ਦੀ ਕੌਮ ਇਕੱਠੀ ਹੋਈ ਸੀ। ਸਭ ਲੋਕ ਉਥੇ ਹਾਜ਼ਰ ਸਨ। ਸ਼ਾਇਦ ਮਰੀ ਬਾਰੇ ਕੋਈ ਜਸ਼ਨ ਸੀ। ਇਸ ਜ਼ਮਾਨੇ ਵਿਚ ਮਨਜ਼ੂਰ ਕਾਦਰ ਕਾਨੂੰਨ ਦਾ ਵਜ਼ੀਰ ਸੀ। ਉਹ ਵੀ ਉਥੇ ਸੀ ਤੇ ਹੋਰ ਬਹੁਤ ਸਾਰੇ ਵਜ਼ੀਰ ਵੀ ਹਾਜ਼ਰ ਸਨ। ਕਵੀਆਂ ਵਿਚ ਆਮ ਕਰਕੇ ਇਹ ਹੁੰਦਾ ਹੈ ਕਿ ਇਕ ਦੂਸਰੇ ਨੂੰ 'ਕਟਵਾਣਾ' ਜਿਵੇਂ ਪਤੰਗ ਦਾ ਹੁੰਦਾ ਹੈ ਤੇ ਕਿਸੇ ਇਕ ਦੀ ਪਤੰਗ ਕੱਟ ਜਾਂਦੀ ਹੈ। ਇਸੇ ਤਰ੍ਹਾਂ ਮੁਸ਼ਾਇਰਿਆਂ ਵਿਚ ਸ਼ਾਇਰ ਕੱਟੇ ਜਾਂਦੇ ਹਨ, ਕਿਉਂਕਿ ਕਵੀ ਆਪੋ ਵਿਚ ਈਰਖਾ ਰੱਖਦੇ ਹਨ। ਕਿਸੇ ਦੀ 'ਵਾਹ-ਵਾਹ' ਹੁੰਦੀ ਨਹੀਂ ਵੇਖ ਸਕਦੇ ਸੀ।

ਉਹਨਾਂ ਸਮਿਆਂ ਵਿਚ ਤਿੰਨ ਕਵੀ ਬਹੁਤ ਮਸ਼ਹੂਰ ਸਨ। ਸਗੋਂ ਉਹ ਮੁਸ਼ਾਇਰਾ ਲੁੱਟ ਕਿਸਮ ਦੇ ਕਵੀ ਸਨ। ਸੱਯਦ ਮੁਹੰਮਦ ਜਾਫਰੀ, ਸ਼ੌਕਤ ਥਾਨਵੀ ਅਤੇ ਜ਼ਰੀਫ਼ ਜੱਬਲ ਪੁਰੀ। ਇਹ ਲੋਕ ਵਿਅੰਗ ਤੇ ਹਾਸ-ਰਸ ਰਾਹੀਂ ਸ਼ਿਅਰ ਆਖਦੇ ਸੀ ਅਤੇ ਲੋਕ ਇਹਨਾਂ ਨੂੰ ਸੁਣਕੇ ਬਹੁਤ ਖੁਸ਼ ਹੁੰਦੇ ਸਨ ਅਤੇ ਵਜ਼ੀਰ ਵੀ ਲੁਤਫ਼ ਲੈਂਦੇ ਸਨ। ਹੁਕਮਰਾਨ ਤਬਕਾ ਵੀ ਇਹਨਾਂ ਤੋਂ ਖੁਸ਼ ਰਹਿੰਦਾ ਸੀ। ਸ਼ੌਕਤ ਥਾਨਵੀ ਜਦੋਂ ਇਸ ਮੁਸ਼ਾਹਿਰੇ ਵਿਚ ਗਾਲਿਬ ਦੀ ਗ਼ਜ਼ਲ ਦਾ ਹਿੰਦੀ ਰੂਪ ਪੇਸ਼ ਕਰ ਚੁੱਕਾ ਅਤੇ ਗਾਲਿਬ ਦੀ ਹੱਤਕ ਕਰਨ ਦੇ ਨਾਲ-ਨਾਲ ਲੋਕਾਂ ਨੂੰ ਹਸਾ ਚੁੱਕਾ ਸੀ ਤਾਂ ਇਕ ਸ਼ਾਇਰ ਜੋ ਕਵੀ-ਦਰਬਾਰ ਨੂੰ ਨਿਭਾਅ ਰਿਹਾ ਸੀ , ਅਰਥਾਤ ਮੁੱਖ-ਪ੍ਰਬੰਧਕ ਸੀ, ਉਸਨੇ ਸਟੇਜ ਸਕੱਤਰ ਨੂੰ ਇਸ਼ਾਰਾ ਕੀਤਾ ਕਿ ਹੁਣ 'ਜਾਲਿਬ ਨੂੰ ਕਟਵਾਓ'। ਮੈਂ ਉਹ ਇਸ਼ਾਰਾ ਵੇਖ ਲਿਆ। ਮੈਂ ਸੋਚਿਆ ਕਿ ਇਥੇ ਗ਼ਜ਼ਲ ਨਹੀਂ ਚੱਲੇਗੀ ਤੇ ਗ਼ਜ਼ਲ ਸੁਣਾਉਣੀ ਵੀ ਨਹੀਂ ਚਾਹੀਦੀ। ਕਿਉਂਕਿ ਜਦ ਇਹ ਤਿੰਨੇ ਹਾਸ-ਰਸੀ ਸ਼ਾਇਰ ਲੋਕਾਂ ਨੂੰ ਹਸਾ ਚੁੱਕੇ ਹਨ ਤੇ ਇਹਨਾਂ ਉੱਤੇ ਮਾਰਸ਼ਲ-ਲਾ ਅਤੇ ਲਾਗੂ ਕੀਤੇ ਦਸਤੂਰ ਦਾ ਕੋਈ ਅਸਰ ਨਹੀਂ ਹੈ ਤਾਂਫਿਰ ਮੇਰਾ ਇਹ ਫਰਜ਼ ਬਣਦਾ ਸੀ ਕਿ ਮੈਂ ਇਥੇ ਭਰੇ ਦਰਬਾਰ ਵਿਚ ਆਵਾਜ਼ ਉਠਾਵਾਂ। ਮੈਂ ਮਾਈਕ ਦੇ ਲਾਗੇ ਆ ਗਿਆ ਤੇ ਆਖਿਆ ਕਿ ਰਿਵਾਜ਼ ਦੇ ਉਲਟ ਮੈਂ ਇਕ ਨਜ਼ਮ ਅਰਜ਼ ਕਰਾਂਗਾ। ਜਿਸਦਾ ਸਿਰਲੇਖ ਹੈ 'ਦਸਤੂਰ'। ਜਦ ਮੈਂ ਦਸਤੂਰ ਸ਼ਬਦ ਕਿਹਾ ਤਾਂ ਉਹ ਪ੍ਰਬੰਧਕ ਮੁਸ਼ਾਇਰਾ ਮੈਨੂੰ ਰੋਕਣ ਲੱਗਾ ਅਤੇ ਕਹਿਣ ਲੱਗਾ, 'ਕੀ ਕਰ ਰਹੇ ਹੋ? ਕੀ ਕਰ ਰਹੇ ਹੋ।' ਮੈਂ ਆਖਿਆ ਕਿ ਹੱਟ ਜਾਓ। ਮਾਈਕ ਦੀ ਤਲਵਾਰ ਮੇਰੇ ਹੱਥ ਵਿਚ ਹੈ। ਅੱਜ ਮੈਂ ਤਾਨਾਸ਼ਾਹੀ ਨੂੰ ਲਹੂ-ਲੁਹਾਨ ਕਰ ਕੇ ਛੱਡਾਂਗਾ ਤੇ ਮੈਂ ਉਹ ਕਵਿਤਾ ਦਸਤੂਰ ਤਰੰਨਮ ਵਿਚ ਪੜ੍ਹਨੀ ਸ਼ੁਰੂ ਕਰ ਦਿੱਤੀ।

ਦੀਪ ਜਿਸ ਕਾ ਮਹੱਲਾਤ ਹੀ ਮੇਂ ਜਲੇ
ਚੰਦ ਲੋਗੋਂ ਕੀ ਖੁਸ਼ੀਓਂ ਕੋ ਲੇ ਕਰ ਚਲੇ
ਵੋਹ ਜੋ ਸਾਏ ਮੇਂ ਹਰ ਮਸਲਹਤ ਕੇ ਪਲੇ

ਐਸੇ ਦਸਤੂਰ ਕੋ, ਸੁਬੇਹ ਬੇਨੂਰ ਕੋ
ਮੈਂ ਨਹੀਂ ਮਾਨਤਾ, ਮੈਂ ਨਹੀਂ ਜਾਨਤਾ।

ਫੂਲ ਸ਼ਾਖੋਂ ਪੇ ਖਿਲਨੇ ਲਗੇ, ਤੁਮ ਕਹੋ,
ਜਾਮ ਰਿੰਦੋਂ ਕੇ ਮਿਲਨੇ ਲਗੇ, ਤੁਮ ਕਹੋ
ਚਾਕ ਸੀਨੋਂ ਕੇ ਸਿਲਨੇ ਲਗੇ, ਤੁਮ ਕਹੋ
ਇਸ ਖੁਲੇ ਝੂਠ ਕੋ, ਜ਼ਿਹਨ ਕੀ ਲੂਟ ਕੋ,
ਮੈਂ ਨਹੀਂ ਮਾਨਤਾ, ਮੈਂ ਨਹੀਂ ਮਾਨਤਾ।

ਤੁਮ ਨੇ ਲੂਟਾ ਹੈ, ਸਦੀਓਂ ਹਮਾਰਾ ਸਕੂੰ
ਅਬ ਨਾ ਹਮ ਪਰ ਚਲੇਗਾ ਤਮਾਰਾ ਫਸੂੰ
ਚਾਰਾਗਰ ਮੈਂ ਤੁਮੇਂ ਕਿਸ ਤਰ੍ਹਾਂ ਕਹੂੰ
ਤੁਮ ਨਹੀਂ ਚਾਰਾਗਰ, ਕੋਈ ਮਾਨੇ, ਮਗਰ
ਮੈਂ ਨਹੀਂ ਮਾਨਤਾ, ਮੈਂ ਨਹੀਂ ਜਾਨਤਾ।

ਇਸ ਕਵਿਤਾ ਨੂੰ ਸੁਣਨ ਦੇ ਸਮੇਂ ਜੋ ਲੋਕ ਸਹਿਮੇ ਹੋਏ ਬੈਠੇ ਸਨ ਉਹ ਨਾਹਰੇ ਮਾਰਨ ਲੱਗ ਪਏ ਤੇ ਬਾਰ-ਬਾਰ ਦਾਦ ਦੇਣ ਲੱਗ ਪਏ ਤੇ ਬਾਰ-ਬਾਰ ਇਕ-ਇਕ ਬੰਦ ਨੂੰ ਸੁਣਿਆ। ਜਦੋਂ ਕਵਿਤਾ ਖ਼ਤਮ ਕਰ ਚੁੱਕਾ ਤੇ ਸਟੇਜ ਤੋਂ ਥੱਲੇ ਉਤਰ ਆਇਆ ਤਾਂ ਮੁਸ਼ਾਹਿਰਾ ਵੀ ਖ਼ਤਮ ਹੋ ਗਿਆ। ਭਾਵੇਂ ਕਿ ਕੁਝ ਕਵੀ ਹਾਲੇਂ ਬੈਠੇ ਹੋਏ ਸੀ, ਪਰ ਉਹਨਾਂ ਨੂੰ ਕਿਸੇ ਨਹੀਂ ਸੁਣਿਆ।

ਚੱਲਦੇ-ਚੱਲਦੇ ਇਕ ਬਜ਼ੁਰਗ ਨੇ ਮੈਨੂੰ ਆਖਿਆ, "ਇਹ ਮੌਕਾ ਨਹੀਂ ਸੀ, ਅਜਿਹੀ ਨਜ਼ਮ ਪੜ੍ਹਨ ਦਾ' ਮੈਂ ਉਸਨੂੰ ਜਵਾਬ ਦਿੱਤਾ, "ਮੈਂ ਮੌਕਾ-ਪ੍ਰਸਤ ਨਹੀਂ ਹਾਂ।" ਇਹ ਕਵਿਤਾ ਮਿੰਟਾਂ-ਸਕਿੰਟਾਂ ਵਿਚ ਸਾਰੇ ਸ਼ਹਿਰ ਵਿਚ ਫੈਲ ਗਈ। ਮਨਜ਼ੂਰ ਕਾਦਰ ਵਜ਼ੀਰ ਤੀਕ ਵੀ ਪਹੁੰਚ ਗਈ। ਉਹਨਾਂ ਨੇ ਇਕ ਸਮਾਗਮ ਵਿਚ ਆਖਿਆ ਕਿ "ਹੁਣ ਮੇਰਾ ਦਸਤੂਰ ਨਹੀਂ ਚੱਲਣਾ। ਇਕ ਲੜਕਾ ਆਪਣਾ 'ਦਸਤੂਰ' ਪੜ੍ਹ ਗਿਆ ਹੈ। ਹੁਣ ਤਾਂ ਉਹੀ ਦਸਤੂਰ ਚੱਲ ਰਿਹਾ ਹੈ।" ਉਥੇ ਜਸਟਿਸ ਬਸ਼ੀਰ ਅਹਿਮਦ ਵੀ ਸਨ। ਉਹਨਾਂ ਆਖਿਆ, "ਹੁਣੇ ਨਹੀਂ ਫੜਾਂਗੇ। ਹੌਲੀ-ਹੌਲੀ ਫੜਾਂਗੇ।" ਇਸ ਕਵਿਤਾ ਨੂੰ ਪੜ੍ਹਨ ਤੋਂ ਪਿੱਛੋਂ ਦਸ ਸਾਲ ਤੱਕ ਮਰੀ ਸ਼ਹਿਰ ਵਿਚ ਮੇਰਾ ਦਾਖਲਾ ਬੰਦ ਰਿਹਾ ਅਤੇ ਕੈਦ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮੈਂ ਇਹਨਾਂ ਦਿਨਾਂ ਵਿਚ ਪੰਜਾਬ ਦੇ ਹਰ ਜ਼ਿਲ੍ਹੇ ਅਤੇ ਹਰ ਸ਼ਹਿਰ ਵਿਚ ਇਕ ਵਾਰ ਜ਼ਰੂਰ ਗਿਆ ਤੇ ਉਥੇ ਜਾ ਕੇ ਇਹ ਕਵਿਤਾ ਸੁਣਾਈ। ਕੋਈ ਡੀ. ਸੀ. ਮੈਨੂੰ ਜਿੱਤ ਨਹੀਂ ਸਕਿਆ। ਲੋਕਾਂ ਨੇ ਮੇਰੇ ਕੋਲੋਂ ਇਸ ਨਜ਼ਮ ਨੂੰ ਬਾਰ-ਬਾਰ ਸੁਣਿਆ।



ਮੈਂ ਸੋਚਿਆ ਕਿ ਕਵੀ-ਦਰਬਾਰ ਵਿਚ ਕਵਿਤਾ ਪੜ੍ਹਨ ਦਾ ਜਿਹੜਾ ਤਿੰਨ-ਚਾਰ ਸੌ ਰੁਪਈਆ ਇਵਜ਼ਾਨਾ ਹੁੰਦਾ ਹੈ, ਇਸ ਤੋਂ ਕਈ ਗੁਣਾ ਜ਼ਿਆਦਾ ਕੀਮਤੀ ਲੋਕਾਂ ਦਾ ਉਹ ਜਜ਼ਬਾ ਹੈ। ਮੈਂ ਕੁਝ ਪੈਸਿਆਂ ਲਈ ਲੋਕਾਂ ਦੇ ਇਸ ਜਜ਼ਬੇ ਨੂੰ ਕਤਲ ਨਹੀਂ ਕਰ ਸਕਦਾ।

ਮੈਂ ਲੋਕਾਂ ਦੇ ਹੌਂਸਲੇ ਵਧਾਏ ਤੇ ਇਹਨਾਂ ਦਾ ਸਾਥ ਦਿੱਤਾ। ਕਵੀ-ਦਰਬਾਰਾਂ ਦੇ ਕਵੀ ਵੀ ਮੇਰਾ ਪਿੱਛੇ ਕਰਦੇ ਸਨ। ਮੈਂ ਜਿੱਥੇ ਵੀ ਜਾਂਦਾ, ਉਹ ਜ਼ਿਲ੍ਹੇ ਦੇ ਡੀ. ਸੀ. ਨੂੰ ਕਹਾਉਂਦੇ ਕਿ ਇਸਨੂੰ ਰੋਕੋ। ਇਹ ਕਵਿਤਾ "ਦਸਤੂਰ" ਪੜ੍ਹੂਗਾ। ਜਿੰਨੇ ਤਸੀਹੇ ਮੈਨੂੰ ਇਹਨਾਂ ਕਵੀਆਂ ਨੇ ਦਿੱਤੇ, ਏਨੇ ਪੁਲਸ ਨੇ ਨਹੀਂ ਦਿੱਤੇ। •

## 5. ਬਗ਼ਾਵਤ ਲਿਖਣ ਵਾਲੇ

ਲੋਕਾਂ ਦੀ ਵੱਡੀ ਬਹੁ-ਗਿਣਤੀ ਹਾਕਮਾਂ ਬਾਰੇ ਖਾਮੋਸ਼ ਹੋ ਜਾਂਦੀ ਹੈ। ਇਹ ਉਹਨਾਂ ਦਾ ਸੁਭਾਅ ਹੈ। ਹੁਣ ਇਕ ਆਵਾਜ਼ ਜੋ ਕਿਸੇ ਹੱਦ ਤੀਕ ਪ੍ਰਭਾਵਤ ਕਰਦੀ ਹੈ। ਉਸ ਉੱਤੇ ਵਿਚਾਰ ਹੋ ਸਕਦਾ ਹੈ, ਪਰ ਦੀਵਾਨੇ ਤੇ ਥੋੜ੍ਹੇ ਹੀ ਹੁੰਦੇ ਹਨ ਤੇ ਹਰ ਦੌਰ ਵਿਚ ਹੁੰਦੇ ਹਨ। ਜਿਨ੍ਹਾਂ ਨੂੰ ਲੋਕ 'ਪਾਗਲ' ਵੀ ਆਖਦੇ ਹਨ। ਬੇਵਕੂਫ ਵੀ ਕਹਿੰਦੇ ਹਨ। ਪਰ ਉਹ ਆਪਣੀ ਧੁਨ ਵਿਚ ਮਗਨ ਰਹਿੰਦੇ ਹਨ ਤੇ ਜ਼ੁਲਮ ਦੇ ਵਿਰੁੱਧ ਆਪਣੀ ਭਰਪੂਰ ਆਵਾਜ਼ ਦੇ ਨਾਲ ਰੋਸ ਪ੍ਰਗਟ ਕਰਦੇ ਹਨ। ਜਿਸ ਰਾਹ ਉੱਤੇ ਉਹਨਾਂ ਦਾ ਸਫ਼ਰ ਹੁੰਦਾ ਹੈ, ਉਸ ਤੋਂ ਪਿੱਛੇ ਮੁੜਨਾ ਉਹਨਾਂ ਨੂੰ ਹੱਤਕ ਵਿਖਾਲੀ ਦਿੰਦਾ ਹੈ ਅਤੇ ਅੱਗੇ ਉਹਨਾਂ ਨੂੰ ਮੌਤ ਵੀ ਨਜ਼ਰ ਆਉਂਦੀ ਹੈ। ਪਰ ਉਹ ਮੌਤ ਨੂੰ ਬਾਖ਼ੂਬੀ ਗਲੇ ਲਾ ਲੈਂਦੇ ਅਤੇ ਆਪਣਾ ਨਾਮ ਪਿੱਛੇ ਛੱਡ ਜਾਂਦੇ ਹਨ। ਉਹਨਾਂ ਦੇ ਵਾਕਫ਼ ਤੇ ਜਾਣਕਾਰ ਇਸ ਤਰ੍ਹਾਂ ਦੇ ਜੀਵਨ ਨੂੰ ਮੂਰਖਾਂ ਵਾਲਾ ਕੰਮ ਸਮਝਣਗੇ ਕਿ ਇਹ ਕੀ ਕਰ ਰਹੇ ਹਨ। ਇਕ ਪਹਾੜ ਨਾਲ ਟੱਕਰ ਲੈ ਰਿਹਾ ਹੈ, ਮੇਰੇ ਕੁਝ ਸ਼ਿਅਰ ਹਨ -

ਜ਼ੱਰੇ ਹੀ ਸਹੀ ਕੋਹ ਸੇ ਟਕਰਾ ਤੋਂ ਗਏ ਹਮ।
ਦਿਲ ਲੇ ਕੇ ਸਰੇ-ਅਰਸਾ ਗ਼ਮ ਤੋ ਗਏ ਹਮ।

ਅਬ ਨਾਮ ਰਹੇ ਯਾ ਨਾ ਰਹੇ ਇਸ਼ਕ ਹੈ ਅਪਨਾ,
ਰੂਦਾਦੇ ਵਫ਼ਾ ਦਾਰ ਪੇ ਦੁਹਰਾ ਤੋਂ ਗਏ ਹਮ।

ਕਹਿਤੇ ਥੇ ਜੋ ਅਬ ਕੋਈ ਨਹੀਂ ਜਾਂ ਸੇ ਗੁਜ਼ਰਤਾ
ਲੋ ਜਾਂ ਸੇ ਗੁਜ਼ਰ ਕਰ ਉਨੇ ਝੁਠਲਾ ਤੋ ਗਏ ਹਮ।

ਏਸੇ ਕਬੀਲੇ ਦੇ ਹੋਰ ਦੋਸਤ ਵੀ ਹੈ ਸਨ। ਇਕ ਮੇਰਾ ਦੋਸਤ ਨਿਆਜ਼ ਹੈਦਰ ਵੀ ਸੀ। ਉਸਦਾ ਰਵੱਈਆ ਵੀ ਇਸੇ ਤਰ੍ਹਾਂ ਦਾ ਸੀ। ਉਹ ਐਸ਼-ਆਰਾਮ ਦੀ ਜ਼ਿੰਦਗੀ ਤੋਂ ਹਮੇਸ਼ਾ ਦੂਰ ਹੀ ਰਿਹਾ। ਮਜ਼ਦੂਰਾਂ ਦੀਆਂ ਕੋਠੜੀਆਂ ਅਤੇ ਝੌਂਪੜੀਆਂ ਵਿਚ ਉਸਨੇ ਜ਼ਿੰਦਗੀ ਗੁਜ਼ਾਰੀ।

ਅਮੀਰ ਕਿਸਮ ਦੇ ਲੋਕ ਅਦੀਬ ਤੇ ਸ਼ਾਇਰ ਅਜਿਹੇ ਲੋਕਾਂ ਨੂੰ ਆਪਣੀਆਂ ਮਹਿਫ਼ਿਲਾਂ ਵਿਚ ਨਹੀਂ ਬੁਲਾਉਂਦੇ ਸਨ ਕਿਉਂਕਿ ਇਹ ਮਹਿਫ਼ਿਲਾਂ ਦਾ ਰੰਗ ਖ਼ਰਾਬ ਕਰਦੇ ਹਨ। ਕਿਉਂਕਿ ਅਜਿਹੇ ਲੇਖਕਾਂ ਦਾ ਵਾਰਤਾਲਾਪ ਦਾ ਅੰਦਾਜ਼ ਸਿੱਧਾ, ਬਨਾਵਟ-ਰਹਿਤ ਹੁੰਦਾ ਹੈ ਤੇ ਇਹ ਲੁੱਟ ਕਰਨ ਵਾਲਿਆਂ ਦੇ ਵਿਰੁੱਧ ਹੱਕ ਦਾ ਨਾਹਰਾ ਬਣ ਜਾਂਦਾ ਹੈ। ਨਿਮਾਜ਼ ਹੈਦਰ ਵੀ ਜੱਦੋ-ਜ਼ਹਿਦ ਕਰਦਾ ਮਰ ਗਿਆ।

ਆਪਣੀ ਕਾਜ਼ ਨਾਲ ਇਸ਼ਕ ਕਰਦੇ ਹੋਏ, ਸਿਸਟਿਮ ਨੂੰ ਬਦਲਣ ਅਤੇ ਸੰਘਰਸ਼ ਕਰਦੇ ਜਿਹਨਾਂ ਨੇ ਜ਼ਿੰਦਗੀ ਗੁਜ਼ਾਰ ਦਿੱਤੀ। ਇਹਨਾਂ ਵਿਚ ਮੌਲਾਨਾ ਹਸਰਤ ਮੋਹਾਨੀ ਸਾਡੇ ਸਾਥੀ ਸਨ। ਮਖਦੂਮ ਮਹੀਉਦੀਨ (ਆਂਧਰਾ ਦਾ ਉਰਦੂ ਕਵੀ) ਇਸਦੀ ਬੇਪਨਾਹ ਮਿਸਾਲ ਹੈ ਕਿ ਜ਼ਿੰਦਗੀ ਭਰ ਇਹਨਾਂ ਦਾ ਕਿਰਦਾਰ ਤੇ ਗੁਫ਼ਤਾਰ (ਵਾਰਤਾਲਾਪ) ਵਿਚ ਕੋਈ ਫ਼ਰਕ ਨਹੀਂ ਆਇਆ। ਜੋ ਕੁਝ ਉਹਨਾਂ ਨੇ ਆਖਿਆ, ਉਹੀ ਜਿਹੀ ਜ਼ਿੰਦਗੀ ਗੁਜ਼ਾਰੀ। ਉਹਨਾਂ ਦੇ ਅੰਦਰ ਕੋਈ ਵਿਰੋਧ ਨਹੀਂ ਸੀ। ਐਸੇ ਦੀਵਾਨਿਆਂ ਦੀ ਹੋਂਦ ਬਹੁਤ ਜ਼ਰੂਰੀ ਹੁੰਦੀ ਹੈ। ਮਖਦੂਮ ਮਹੀਉਦੀਨ ਵੀ ਬੰਬਈ ਦੀਆਂ ਰੰਗੀਨੀਆਂ ਵਿਚ ਗਵਾਚ ਸਕਦਾ ਸੀ। ਫ਼ਿਲਮੀ ਦੁਨੀਆਂ ਵਿਚ ਡੁੱਬ ਸਕਦਾ ਸੀ। ਜਿਵੇਂ ਦੂਸਰੇ ਲੇਖਕ ਅਤੇ ਕਵੀ ਡੁੱਬ ਗਏ। ਉਹਨਾਂ ਦੇ ਸਾਹਿਬਜ਼ਾਦੇ ਨੇ ਮੇਰੇ ਕੋਲ ਸ਼ਿਕਾਇਤ ਕੀਤੀ ਕਿ ਸਾਹਿਰ 'ਲੁਧਿਆਣਵੀ' ਫਿਲਮੀ ਦੁਨੀਆਂ ਵਿਚ ਅਜਿਹੇ ਗੁਆਚ ਗਏ ਹਨ ਕਿ ਇਹਨਾਂ ਨੂੰ ਮੇਰੇ ਵੱਲ ਵੇਖਣ ਦੀ ਵਿਹਲ ਨਹੀਂ।' ਕਵੀਆਂ ਜਾਂ ਅਦੀਬਾਂ ਦੇ ਲਈ ਆਪਣਾ ਬੈਂਕ ਬੈਲੈਂਸ ਹੋਣਾ ਅਤੇ ਚੰਗੇਰੀ ਜ਼ਿੰਦਗੀ ਗੁਜ਼ਾਰਨ ਦੇ ਲਈ ਫਿਲਮ ਆਦਿ ਵਿਚ ਕੰਮ ਕਰਨਾ ਜ਼ਰੂਰੀ ਹੁੰਦਾ ਹੈ। ਪਰ ਇਹਨਾਂ ਨੂੰ ਆਪਣੇ ਉਦੇਸ਼ ਨਾਲ ਅਤੇ ਆਮ ਲੋਕਾਂ ਨਾਲੋਂ ਆਪਣਾ ਰਿਸ਼ਤਾ ਨਹੀਂ ਤੋੜਨਾ ਚਾਹੀਦਾ ਤੇ ਆਪਣੇ ਆਪ ਉੱਤੇ ਆਲੋਚਨਾ ਵੀ ਕਰਨੀ ਚਾਹੀਦੀ ਹੈ ਕਿ ਆਖ਼ਰ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਪ੍ਰਗਤੀਵਾਦੀਆਂ ਦੀ ਸਰਕਾਰ ਕਿਉਂ ਨਹੀਂ ਆਈ? ਲੋਕਾਂ ਨਾਲ ਜ਼ਿੰਦਗੀ ਗੁਜ਼ਾਰਨ ਅਤੇ ਉਹਨਾਂ ਦੇ ਦੁੱਖਾਂ ਨੂੰ ਜਾਨਣ ਅਤੇ ਮਹਿਸੂਸ ਕਰਦੇ ਰਹਿਣਾ ਬਹੁਤ ਜ਼ਰੂਰੀ ਸੀ। ਇਸ ਲਈ ਇਹਨਾਂ ਨਾਲੋਂ ਨਾਤਾ ਨਹੀਂ ਤੋੜਨਾ ਚਾਹੀਦਾ। ਜਿਹੜੇ ਤਰੱਕੀ ਪਸੰਦ ਇਧਰ-ਉਧਰ ਹੋ ਗਏ, ਉਹਨਾਂ ਦੀ ਦੇਣ ਤਾਂ ਹੈ ਤੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹਨਾਂ ਨੇ ਚਿਰਾਗ਼ ਤਾਂ ਜਲਾਏ, ਪਰ ਅਜੇ ਬਹੁਤ ਕੰਮ ਕਰਨ ਦੀ ਜ਼ਰੂਰਤ ਸੀ, ਜੋ ਨਹੀਂ ਹੋਇਆ।

**ਮੇਜ਼ਰ ਇਸਹਾਕ ਮੁਹੰਮਦ** - ਸਾਡੇ ਬਜ਼ੁਰਗ ਦੋਸਤ ਮੇਜਰ ਇਸਹਾਕ ਮੁਹੰਮਦ ਵੀ ਸੀ। ਉਹ ਫ਼ੈਜ਼ ਨਾਲ ਜੇਲ੍ਹ ਵਿਚ ਕੈਦ ਰਹੇ। ਉਹਨਾਂ ਦੀ ਪੁਸਤਕ "ਜ਼ਿੰਦਾ-ਨਾਮਾ" ਦੀ ਭੂਮਿਕਾ ਇਹਨਾਂ ਨੇ ਹੀ ਲਿਖੀ ਸੀ। ਮੇਰੀ ਇਕ ਕਿਤਾਬ ਦੇ ਲਈ ਵੀ ਉਹਨਾਂ ਨੇ ਭੂਮਿਕਾ ਲਿਖੀ ਸੀ, ਪਰ ਉਹ ਚੌਧਰੀ ਅਬਦੁਲ ਹਮੀਦ ਮਾਲਕ ਮਕਤਬਾ ਕਾਰਵਾਂ ਦੀ ਨਜ਼ਰ ਹੋ ਗਈ, ਕਿਉਂਕਿ ਉਹੀ ਕਿਤਾਬ ਦੇ ਪ੍ਰਕਾਸ਼ਕ ਸਨ। ਉਹੀ ਮਾਲਕ ਸਨ ਤੇ ਉਹਨਾਂ ਨੂੰ ਕੀ ਕਹਿ ਸਕਦੇ ਸੀ। ਮੇਜਰ ਇਸਹਾਕ ਨੇ ਉਹ ਭੂਮਿਕਾ "ਹਲਕਾ ਅਰਬਾਬੇ ਜ਼ੌਕ" ਵਿਚ ਵੀ ਪੜ੍ਹਿਆ ਸੀ। ਮੈਂ ਇਥੇ



ਕੋਈ ਮੁਕਾਬਲਾ ਨਹੀਂ ਕਰਦਾ, ਪਰ ਉਹਨਾਂ ਨੇ ਮੈਨੂੰ ਆਪਣੇ ਖ਼ਿਆਲਾਂ ਦੇ ਅਨੁਸਾਰ ਬਹੁਤ ਵੱਡਾ ਕਵੀ ਕਰਾਰ ਦਿੱਤਾ ਸੀ। ਫਿਰ ਵੀ ਇਹ ਉਹਨਾਂ ਦੇ ਆਪਣੇ ਖ਼ਿਆਲ ਸਨ, ਉਹ ਆਪਣੀ ਪੰਜਾਬੀ ਦੇ ਨਾਟਕਕਾਰ ਸਨ ਅਤੇ ਉਹਨਾਂ ਦਾ ਡਰਾਮਾ "ਮੁਸੱਲੀ" ਬਹੁਤ ਹਰਮਨ ਪਿਆਰਾ ਹੋਇਆ ਸੀ।

ਜ਼ਿਆ ਉਲ-ਹੱਕ ਦੇ ਦੌਰ ਵਿਚ ਉਹ ਲੋਕ-ਰਾਜ ਦੀ ਬਹਾਲੀ ਦੀ ਲਹਿਰ ਵਿਚ ਜੇਲ੍ਹ ਗਏ ਸਨ। ਉਥੇ ਹੀ ਉਹਨਾਂ ਨੂੰ ਦਿਲ ਦਾ ਦੌਰਾ ਪਿਆ ਤੇ ਉਹ ਚਲਾਣਾ ਕਰ ਗਏ। ਮੇਜਰ ਸਾਹਿਬ ਨੇ ਸਾਰੀ ਜ਼ਿੰਦਗੀ ਮਜ਼ਦੂਰਾਂ ਤੇ ਕਿਸਾਨਾਂ ਦੇ ਸਾਥ ਵਿਚ ਗੁਜ਼ਾਰੀ। ਅਗਾਂਹ-ਵਧੂ ਪਾਰਟੀਆਂ ਬਣਾਉਂਦੇ ਰਹੇ। ਉਹ ਨੈਸ਼ਨਲ ਅਵਾਮੀ ਪਾਰਟੀ ਵਿਚ ਵੀ ਰਹੇ ਸਨ। ਬਹੁਤ ਹੀ ਸਤਿਕਾਰ ਦੇ ਯੋਗ ਸ਼ਖ਼ਸੀਅਤ ਸੀ। ਉਹਨਾਂ ਨੇ ਸ਼ਹੀਦ ਹਸਨ ਨਾਸਰ ਦਾ ਕੇਸ ਲੜਿਆ ਸੀ, ਜਿਸਨੂੰ ਉਹਨਾਂ ਨੇ ਇਕ ਡਾਇਰੀ ਦੀ ਸ਼ਕਲ ਵਿਚ ਛਾਪਿਆ ਸੀ। ਮੇਜਰ ਇਸ਼ਹਾਕ ਮੁਹੰਮਦ ਨੇ ਬੜੀ ਜੁਰਅਤ ਮੰਦੀ ਨਾਲ ਹਸਨ ਨਾਸਰ ਸ਼ਹੀਦ ਦਾ ਕੇਸ ਚੁੱਕਿਆ ਸੀ। ਉਹ ਜਲਸਿਆਂ ਵਿਚ ਇਕੱਲੇ ਹੀ ਵਿਰੋਧੀਆਂ ਦਾ ਟਾਕਰਾ ਕਰਦੇ ਹੁੰਦੇ ਸਨ। ਉਹ ਬੜੇ ਤਾਕਤਵਰ ਕਿਸਮ ਦੇ ਆਦਮੀ ਸਨ। ਉਹ ਡਟ ਜਾਂਦੇ ਹੁੰਦੇ ਸਨ। ਮੇਜਰ ਇਸਹਾਕ ਮੇਰੇ ਦੋਸਤ ਸਨ ਤੇ ਉਹ ਮੇਰੀ ਬੜੀ ਇੱਜ਼ਤ ਕਰਦੇ ਹੁੰਦੇ ਸਨ। ਉਹ ਮੈਨੂੰ ਬਹੁਤ ਅਜੀਜ਼ ਸਨ। ਮੈਂ ਉਹਨਾਂ ਦੀ ਬਰਸੀ ਉੱਤੇ ਉਹਨਾਂ ਦੇ ਪਿੰਡ ਜਾਂਦਾ ਰਹਿੰਦਾ ਹਾਂ।

**ਅਨਵਰ ਅਲੀ ਚੌਧਰੀ** - ਮੇਜਰ ਇਸ਼ਹਾਕ ਦੇ ਭਰਾ ਅਨਵਰ ਚੌਧਰੀ ਐਡਵੋਕੇਟ ਮੇਰੇ ਬਹੁਤ ਹਮ-ਖ਼ਿਆਲ ਹਨ। ਉਹਨਾਂ ਨੂੰ ਨੈਸ਼ਨਲ ਅਵਾਮੀ ਪਾਰਟੀ ਵਿਚ ਵੀ ਇਕ ਵਿਸ਼ੇਸ਼ ਆਗੂ ਦੀ ਹੈਸੀਅਤ ਪ੍ਰਾਪਤ ਹੋ ਗਈ ਸੀ। ਉਹਨਾਂ ਨੇ ਆਪਣੀ ਲਗਨ ਸਦਕਾ ਵਕਾਲਤ ਦਾ ਇਮਤਿਹਾਨ ਪਾਸ ਕੀਤਾ ਸੀ। ਉਹ ਦਰਵੇਸ਼-ਸਿਫਤ ਵਾਲੇ ਆਦਮੀ ਸਨ। ਅਨਵਰ ਚੌਧਰੀ ਧਰਮ-ਨਿਰਪੱਖ ਦਿਮਾਗ ਵਾਲੇ ਸਨ ਤੇ ਅਮਨ ਦੇ ਹਾਮੀ ਹਨ। ਉਹ ਹਿੰਦੁਸਤਾਨ ਤੇ ਪਾਕਿਸਤਾਨ ਵਿਚਕਾਰ ਜੰਗ ਦੇ ਸਖ਼ਤ ਵਿਰੁੱਧ ਹਨ। ਉਹ ਠੀਕ ਤਰ੍ਹਾਂ ਇਹ ਗੱਲ ਸਮਝਦੇ ਹਨ ਕਿ ਹਿੰਦੁਸਤਾਨ ਨਾਲ ਜੰਗ ਕਰਨ ਨਾਲ ਪਾਕਿਸਤਾਨ ਦਾ ਹੀ ਨੁਕਸਾਨ ਹੁੰਦਾ ਹੈ ਅਤੇ ਅੱਗੋਂ ਵੀ ਪਹੁੰਚੇਗਾ। ਇਸ ਲਈ ਜੰਗ ਕਰਨ ਤੋਂ ਗੁਰੇਜ਼ ਹੀ ਕੀਤਾ ਜਾਵੇ। ਅਨਵਰ ਚੌਧਰੀ ਨੇ ਪਾਕ-ਭਾਰਤ ਦੋਸਤੀ ਲਈ ਬਹੁਤ ਕੰਮ ਕੀਤਾ ਹੈ। ਉਹਨਾਂ ਦੀ ਸੋਚ ਇਹ ਸੀ ਕਿ ਇਹ ਦੇਸ਼ ਪਾਕਿਸਤਾਨ ਬਣ ਗਿਆ ਹੈ ਤਾਂ ਹੁਣ ਇਸਦੇ ਮਸਲੇ ਹੱਲ ਕੀਤਾ ਜਾਣ ਤੇ ਖੁਸ਼ਹਾਲ ਸਮਾਜ ਕਾਇਮ ਕੀਤਾ ਜਾਵੇ।

**ਸ਼ਹੀਦ ਹਸਨ ਨਾਸਰ** - ਉਸ ਜ਼ਮਾਨੇ ਵਿਚ ਹਸਨ ਨਾਸਰ ਨੂੰ ਕਿਲ੍ਹੇ ਲਾਹੌਰ ਵਿਚ ਸ਼ਹੀਦ ਕੀਤਾ ਗਿਆ। ਹਸਨ ਨਾਸਰ ਨੈਸ਼ਨਲ ਆਵਾਮੀ ਪਾਰਟੀ ਦੇ ਦਫਤਰ ਸਕੱਤਰ ਸਨ, ਪਰ ਉਸਦਾ ਸੰਬੰਧ ਕਮਿਊਨਿਸਟ ਪਾਰਟੀ ਨਾਲ ਵੀ ਸੀ। ਉਹ ਲੋਕ-ਰਾਜੀ ਪਾਰਟੀ ਕਾਰਨ ਸਾਡਾ ਸਾਥ ਦੇ ਰਿਹਾ ਸੀ। ਹਸਨ ਨਾਸਰ ਬਹੁਤ ਖ਼ੂਬਸੂਰਤ ਨੌਜਵਾਨ ਸੀ। ਬਲਾ ਦਾ ਜ਼ਹੀਨ

ਆਦਮੀ ਅਤੇ ਵੱਡੇ ਬਾਪ ਦਾ ਬੇਟਾ ਸੀ। ਉਸਦਾ ਆਮ ਲੋਕਾਂ ਨਾਲ ਡੂੰਘਾ ਸੰਬੰਧ ਸੀ। ਉਹ ਮਜ਼ਦੂਰ ਬਸਤੀਆਂ ਵਿਚ ਰਹਿੰਦਾ ਅਤੇ ਉਹਨਾਂ ਲਈ ਕੰਮ ਕਰਦਾ ਸੀ। ਸਰਕਾਰ ਨੇ ਪੁਲਸ ਨੂੰ ਇਸ ਦੇ ਪਿੱਛੇ ਲਾਇਆ ਹੋਇਆ ਸੀ। ਇਸ ਦੌਰ ਵਿਚ ਸੋਸ਼ਲਿਜ਼ਮ ਜਾਂ ਤਰੱਕੀ ਪਸੰਦ (ਪ੍ਰਗਤੀਵਾਦੀ) ਆਖਣਾ ਬਹੁਤ ਹੌਸਲੇ ਤੇ ਦਿਲ-ਗੁਰਦੇ ਦਾ ਕੰਮ ਸੀ। ਹਕੂਮਤ ਅਤੇ ਹਕੂਮਤ-ਨਿਵਾਜ਼ ਅਜਿਹੇ ਲੋਕਾਂ ਨੂੰ ਗੱਦਾਰ ਅਤੇ ਪਤਾ ਨਹੀਂ ਕੈਸੇ-ਕੈਸੇ ਦੂਸ਼ਣਾਂ ਨਾਲ ਬੁਲਾਉਂਦੇ ਸਨ। ਸਮਾਜ ਵਿਚ ਅਜਿਹੇ ਲੋਕਾਂ ਦਾ ਰਹਿਣਾ ਦੁੱਬਰ ਕਰ ਦਿੱਤਾ ਜਾਂਦਾ ਸੀ। ਇਸ ਦੌਰ ਵਿਚ ਇਥੇ ਲਾਹੌਰ ਵਿਚ ਤਰੱਕੀ ਪਸੰਦ ਲੇਖਕਾਂ ਦਾ ਇਕ ਇਕੱਠ ਸੀ। ਹਕੂਮਤ ਦੇ ਪਾਲਤੂ ਗੁੰਡਿਆਂ ਨੇ ਤਰੱਕੀ-ਪਸੰਦਾਂ ਦੇ ਜਲਸਿਆਂ ਉੱਤੇ ਪਥਰਾ ਕੀਤਾ ਤੇ ਲਾਠੀਚਾਰਜ ਹੋਇਆ ਤੇ ਲੇਖਕਾਂ ਦੀ ਖਿੱਚ-ਧੂਹ ਕੀਤੀ ਗਈ। ਇਹ ਉਹ ਦੌਰ ਸੀ, ਜਦੋਂ ਪ੍ਰਤੀਗਾਮੀ ਅੰਸ਼ ਤਰੱਕੀ ਪਸੰਦ ਦ੍ਰਿਸ਼ਟੀਕੋਣ ਰੱਖਣ ਵਾਲਿਆਂ ਨੂੰ ਬਰਦਾਸ਼ਤ ਨਹੀਂ ਕਰਦੇ ਸਨ। ਇਸੇ ਕਾਰਨ ਹਸਨ ਨਾਸਰ ਨੂੰ ਵੀ ਹਕੂਮਤ ਨੇ ਗ੍ਰਿਫਤਾਰ ਕਰ ਲਿਆ ਅਤੇ ਸ਼ਾਹੀ ਕਿਲ੍ਹੇ ਲਾਹੌਰ ਦੇ ਟਾਰਚਰ ਸੈੱਲ (ਤਸੀਹਾ-ਕੇਂਦਰ) ਵਿਚ ਰੱਖਿਆ ਗਿਆ। ਇਥੇ ਉਸ ਉੱਤੇ ਇਸ ਹੱਦ ਤੀਕ ਤਸ਼ੱਦਦ ਕੀਤਾ ਗਿਆ ਕਿ ਉਹ ਸ਼ਹੀਦ ਹੋ ਗਿਆ ਤੇ ਪੁਲਸ ਨੇ ਉਸਦੀ ਲਾਸ਼ ਨੂੰ ਖ਼ੁਦ ਹੀ ਦਫਨਾ ਦਿੱਤਾ। ਉਸਦੀ ਮਾਂ ਹਿੰਦੁਸਤਾਨ ਤੋਂ ਇਥੇ ਆਈ। ਉਸਨੇ ਆਖਿਆ ਕਿ ਮੇਰੇ ਲੜਕੇ ਦੀ ਲਾਸ਼ ਨੂੰ ਵਿਖਾਇਆ ਜਾਵੇ, ਜੋ ਲਾਸ਼ ਵਿਖਾਈ ਗਈ, ਉਸਨੂੰ ਵੇਖ ਕੇ ਉਸਨੇ ਕਿਹਾ, "ਇਹ ਮੇਰੇ ਲੜਕੇ ਦੀ ਲਾਸ਼ ਨਹੀਂ ਹੈ ਕਿਉਂਕਿ ਮਾਂ ਆਪਣੇ ਬੇਟੇ ਨੂੰ ਵਾਲਾਂ ਤੋਂ ਪਛਾਣ ਲੈਂਦੀ ਹੈ। ਮੀਆਂ ਮਹਿਮੂਦ ਅਲੀ ਕਸੂਰੀ ਅਤੇ ਮੇਜਰ ਇਸਹਾਕ ਮੁਹੰਮਦ ਨੇ ਖਾਸ ਤੌਰ ਤੇ ਇਸ ਮੁਕੱਦਮੇ ਦੀ ਪੈਰਵਾਈ ਕੀਤੀ ਸੀ, ਤੇ ਉਹਨਾਂ ਦੀਆਂ ਕੋਸ਼ਿਸ਼ਾਂ ਨਾਲ ਇਹ ਕੇਸ ਦੇ ਬਾਰੇ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਈਆਂ ਸਨ। ਪਰ ਤਾਨਾਸ਼ਾਹੀ ਅਤੇ ਤਾਨਾਸ਼ਾਹ ਅਰਥਾਤ ਵਕਤ ਦੀ ਹਕੂਮਤ ਨੂੰ ਕੌਣ ਜਿੱਤ ਸਕਦਾ ਹੈ? ਸਿੱਟੇ ਵਜੋਂ ਸਰਕਾਰ ਰਾਏ ਨੂੰ ਹੀ ਮਨਵਾਇਆ ਗਿਆ ਅਤੇ ਹਸਨ ਨਾਸਰ ਨੂੰ ਅਯੂਬ-ਸ਼ਾਹੀ ਤਾਨਾਸ਼ਾਹੀ ਨੇ ਸ਼ਹੀਦ ਕਰ ਦਿੱਤਾ। •

## 6. ਹਕੂਮਤ ਦੀ ਕਵਿਤਾ

ਪਾਕ-ਟੀ-ਹਾਊਸ ਵਿਚ ਬੜੇ ਚੰਗੇ-ਚੰਗੇ ਲੋਕ ਬੈਠਦੇ ਹੁੰਦੇ ਸਨ। ਮੇਰੀਆਂ ਉਹਨਾਂ ਨਾਲ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਮੌਲਾਨਾ ਚਿਰਾਗ ਹਸਨ ਹਸਰਤ ਮਨਜ਼ੂਰ ਕਾਦਰ ਨਾਸਰ ਨਾਜ਼ਮੀ ਅਤੇ ਰਿਆਜ਼ ਕਾਦਰ ਜਿਨ੍ਹਾਂ ਨਾਲ ਰੋਜ਼ਾਨਾ ਮੁਲਾਕਾਤ ਹੁੰਦੀ ਸੀ। ਮਨਜ਼ੂਰ ਕਾਦਰ ਜਦੋਂ ਵਜ਼ੀਰ ਬਣ ਗਏ ਤਾਂ ਇੱਕ ਦਿਨ ਕੁਝ ਫੌਜੀਆਂ ਨਾਲ ਉਤੇ ਤਸ਼ਰੀਫ ਲਿਆਏ। ਉਹਨਾਂ ਨੇ ਮੈਨੂੰ ਪੁੱਛਿਆ ਕਿ "ਸੁਣਾ ਬਈ ਅੱਜ ਕੱਲ ਕੀ ਹੋ ਰਿਹਾ ਹੈ?" ਮੈਂ ਟਾਇਲਟ ਵੱਲ ਜਾ ਰਿਹਾ ਸੀ। ਮੈਂ ਉਹਨਾਂ ਨੂੰ ਕਿਹਾ ਕਿ ਹੁਣੇ ਆਉਂਦਾ ਹਾਂ। ਉਹਨਾਂ ਦੇ ਨਾਲ ਇਕ ਜਰਨੈਲ ਵੀ ਬੈਠਾ ਹੋਇਆ ਸੀ। ਮੈਂ ਮਨਜ਼ੂਰ ਕਾਦਰ ਨੂੰ ਕਿਹਾ ਕਿ ਚਾਰ ਮਿਸਰੇ ਅਰਜ਼ ਕਰ ਰਿਹਾ ਹਾਂ –



ਜ਼ਹਾਨਤ ਹੋ ਰਹੀ ਹੈ ਮੂੰਹ ਛੁਪਾਏ
ਜਹਾਲਤ ਕਹਿਕਹੇ ਬਰਸਾ ਰਹੀ ਹੈ।
ਅਦਬ ਪਰ ਅਫਸਰੋਂ ਕਾ ਕਬਜ਼ਾ ਹੈ
ਹਕੂਮਤ ਸ਼ਾਇਰੀ ਫਰਮਾ ਰਹੀ ਹੈ।

ਮਨਜ਼ੂਰ ਕਾਦਰ ਕਹਿਣ ਲੱਗੇ, "ਇਹ ਰਾਈਟਰਜ਼ ਗਿਲਡ ਵਿਚ ਕੀ ਹੋ ਰਿਹਾ ਹੈ?' ਮੈਂ ਆਖਿਆ ਕਿ ਤਬਸਰਾ ਤਾਂ ਇਹ ਹੈ ਕਿ ਜੋ ਤੁਹਾਨੂੰ ਸੁਣਾਇਆ ਹੈ। ਮਨਜ਼ੂਰ ਕਾਦਰ ਸਰ ਅਬਦੁਲਾ ਕਾਦਰ ਦੇ ਲੜਕੇ ਸਨ। ਸਰ ਅਬਦੁਲਾ ਕਾਦਰ ਅਦਬ ਦੋਸਤ ਸਨ। ਆਲੋਚਕ ਸਨ, ਭੂਮਿਕਾਵਾਂ ਉਹਨਾਂ ਦੀਆਂ ਹੁੰਦੀਆਂ ਸਨ। ਪ੍ਰਧਾਨਗੀਆਂ ਵੀ ਉਹੀ ਕਰਦੇ ਸਨ। ਮਨਜ਼ੂਰ ਕਾਦਰ ਆਪ ਵੀ ਸ਼ਿਅਰ ਕਹਿ ਲੈਂਦੇ ਸਨ। ਉਹਨਾਂ ਦੀ ਕਵਿਤਾ ਅਜੀਬੋ-ਗਰੀਬ ਹੁੰਦੀ ਸੀ। ਉਹ ਜਦੋਂ ਅਯੂਬ ਖਾਨ ਦੀ ਵਜ਼ਾਰਤ ਵਿਚੋਂ ਨਿਕਲੇ ਤਾਂ ਉਹਨਾਂ ਦੇ ਘਰ ਮੈਨੂੰ ਮੀਰ ਅਬਦੁਲ ਕਿਊਮ ਦੇ ਸਾਹਿਬਜ਼ਾਦੇ ਰਹਿਮਾਨ ਲੈ ਕੇ ਗਏ ਸਨ। ਰਹਿਮਾਨ ਚੌਧਰੀ ਜ਼ਹੂਰ ਇਲਾਹੀ ਅਤੇ ਜਸਟਿਸ ਮੌਲਵੀ ਮੁਸ਼ਤਾਕ ਹਸੈਨ ਦੇ ਨਾਲ ਜ਼ਖ਼ਮੀ ਹੋਏ ਸਨ। ਜ਼ਹੂਰ ਇਲਾਹੀ ਮਰ ਗਏ। ਰਹਿਮਾਨ ਵੀ ਜ਼ਖ਼ਮਾਂ ਦੀ ਤਾਬ ਨਾਲ ਝੱਲਦੇ ਹੋਏ ਚਲਾਣਾ ਕਰ ਗਏ। ਰਹਿਮਾਨ ਦੇ ਨਾਲ ਮਨਜ਼ੂਰ ਨਾਲ ਦੇ ਘਰ ਜਾਣਾ ਹੋਇਆ ਤਾਂ ਉਥੇ ਉਹਨਾਂ ਨੇ ਮੈਨੂੰ ਦੱਸਿਆ ਕਿ "ਜਦੋਂ ਤੁਸੀਂ ਮਰੀ ਸ਼ਹਿਰ ਵਿਚ ਕਵੀ-ਦਰਬਾਰ ਵਿਚ ਆਪਣੀ ਨਜ਼ਮ 'ਦਸਤੂਰ' ਸੁਣਾਈ ਸੀ ਤਾਂ ਮੈਂ ਆਖਿਆ ਸੀ ਕਿ ਹੁਣ ਮੇਰਾ ਦਸਤੂਰ ਨਹੀਂ ਚੱਲ ਸਕਦਾ। ਇਹ ਲੜਕਾ 'ਦਸਤੂਰ' ਪੜ੍ਹ ਗਿਆ ਹੈ।" ਉਹਨਾਂ ਨੇ ਮੇਰਾ ਕਲਾਮ ਸੁਣਿਆ ਤੇ ਬੜੇ ਖ਼ੁਸ਼ ਹੋਏ ਅਤੇ ਕਿਹਾ, "ਕਿ ਮੈਨੂੰ ਹਟਾਉਣ ਵਿਚ 60% ਹਿੱਸਾ ਮਾਦਰੇ-ਮਿੱਲਤ ਦਾ ਸੀ ਤੇ ਬਾਕੀ 40% ਤੁਹਾਡਾ ਹੈ। ਮਨਜ਼ੂਰ ਕਾਦਰ ਮਖਲਸ ਤੇ ਡੂੰਘੇ ਸਨ। ਉਹਨਾਂ ਨੇ ਮੈਨੂੰ ਪੁੱਛਿਆ ਕਿ "ਭਈ, ਅੱਜਕੱਲ ਕੀ ਕਰ ਰਹੇ ਹੋ? ਮੈਂ ਆਖਿਆ ਕਿ ਜੀ ਕਰਨ ਕਰਾਉਣਾ ਕੀ ਹੈ, ਮੀਆਂ ਮਹਿਮੂਦ ਅਲੀ ਕਸੂਰੀ ਦੇ ਮਿੱਤਰ ਸੱਯਦ ਮਜਾਹਿਦ ਅਲੀ ਮੇਰੇ ਲਈ ਕੁਝ ਕਰਦੇ ਹਨ। ਉਹਨਾਂ ਨੇ ਮੈਨੂੰ ਬੀਮੇ ਕਰਨ ਦੇ ਧੰਦੇ ਵਿਚ ਲਗਾ ਦਿੱਤਾ ਹੈ। ਉਹ ਮੇਰਾ ਹੌਸਲਾ ਵਧਾਉਂਦੇ ਰਹਿੰਦੇ ਹਨ। ਇੰਝ ਕੁਝ ਨਾ ਕੁਝ ਕੰਮ ਦੇ ਛੱਡਦੇ ਹਨ। ਮਨਜ਼ੂਰ ਕਾਦਰ ਹੁਰਾਂ ਕਿਹਾ, "ਉਹਨਾਂ ਨੂੰ ਕੱਲ ਲੈ ਕੇ ਆਇਓ" ਮੈਂ ਉਹਨਾਂ ਨੂੰ ਲੈ ਕੇ ਗਿਆ ਤਾਂ ਉਹਨਾਂ ਨੇ ਆਪਣੇ ਦੋਵਾਂ ਲੜਕਿਆਂ ਤੇ ਦੋਵਾਂ ਪਤਨੀਆਂ ਦੇ ਬੀਮੇ ਕਰਵਾ ਦਿੱਤੇ। ਇਸ ਤਰ੍ਹਾਂ ਮੇਰੀ ਹਉਮੈ ਨੂੰ ਠੇਸ ਨਾ ਪਹੁੰਚੀ। ਸੱਯਦ ਮੁਜ਼ਾਹਦ ਅਲੀ ਨੇ ਮੈਨੂੰ ਕਿਹਾ ਸੀ, "ਜੇ ਤੈਨੂੰ ਕੋਈ ਕਹੇ ਕਿ ਦਸ ਹਜ਼ਾਰ ਲੈ ਜਾਓ ਤਾਂ ਨਾ ਲੈਣਾ। ਇਸ ਲਈ ਕਿ ਤੁਹਾਡੀ ਅਣਖ ਨੂੰ ਠੇਸ ਨਾ ਪਹੁੰਚੇਗੀ ਅਤੇ ਤੁਹਾਡੇ ਲਈ ਇਹ ਠੀਕ ਨਹੀਂ ਹੋਵੇਗਾ। ਸਗੋਂ ਇਹ ਬੀਮੇ ਦਾ ਕੰਮ ਕਰੋ।"

ਇਸ ਤਰ੍ਹਾਂ ਮੇਰਾ ਵਕਤ ਲੰਘਦਾ ਗਿਆ। ਜਦੋਂ ਸਰਕਾਰ ਨਾਲ ਟੱਕਰ ਲਈ ਜਾਵੇ ਤਾਂ ਗੁਜ਼ਾਰੇ ਦਾ ਕੋਈ ਸਾਧਨ ਨਹੀਂ ਰਹਿੰਦਾ। ਇਸ ਕਾਰਨ ਕੋਈ ਨਾ ਕੋਈ ਰਾਹ ਕੱਢਣਾ ਪੈਂਦਾ ਹੈ। •

# 7. ਪੰਜ ਲੱਖ ਦੀ ਪੇਸ਼ਕਸ਼

1.

ਜਨਰਲ ਜ਼ਿਆ-ਉਲ-ਹੱਕ ਦਾ ਜ਼ਮਾਨਾ ਸੀ। ਚੌਧਰੀ ਸ਼ਜਾਹਤ ਹਸੈਨ ਉਹਨਾਂ ਦੇ ਵਜ਼ੀਰ ਸਨ। ਇਕ ਦਿਨ ਥਾਣੇ ਵਾਲਿਆਂ ਫੋਨ ਕੀਤਾ ਕਿ "ਆਪ ਦੇ ਘਰ ਦਾ ਸਿਰਨਾਵਾਂ ਕੀ ਹੈ?" ਚੌਧਰੀ ਸ਼ਜਾਹਤ ਹੁਸੈਨ ਆਉਣਾ ਚਾਹੁੰਦੇ ਹਨ। ਮੈਂ ਉਹਨਾਂ ਨੂੰ ਦੱਸਿਆ ਕਿ ਸਰੋਬਾ ਗਾਰਡਨ ਵਿਚ ਹੈ। ਉਹ ਆ ਜਾਣ। ਉਹ ਆ ਗਏ। ਉਹਨਾਂ ਦੇ ਨਾਲ ਜੋ ਲੋਕ ਸਨ, ਉਨ੍ਹਾਂ ਨੂੰ ਉਹ ਅੰਦਰ ਲੈ ਕੇ ਨਾ ਆਏ। ਖ਼ੁਦ ਇਕੱਲੇ ਹੀ ਆਏ। ਮੇਰੀ ਘਰਵਾਲੀ ਉਹਨਾਂ ਨੂੰ ਜਾਣਦੀ ਸੀ। ਉਸਨੂੰ ਵੀ ਮਿਲੇ ਅਤੇ ਮੈਨੂੰ ਆਖਿਆ, "ਆਪ ਬੀਮਾਰ ਹੋ ਇਹਨੀਂ ਦਿਨੀਂ ਤੇ ਮੈਂ ਇਹ ਕੁਝ ਪੈਸੇ ਲਿਆਇਆ ਹਾਂ। ਇਹ ਆਪ ਨੂੰ ਦੇਣਾ ਚਾਹੁੰਦਾ ਹਾਂ।" ਮੈਂ ਆਖਿਆ ਕਿ "ਇਹਨਾਂ ਪੈਸਿਆਂ ਨੂੰ ਤੇ ਮੈਂ ਪ੍ਰਵਾਨ ਨਹੀਂ ਕਰਾਂਗਾ। ਇਹ ਆਪ ਵਾਪਸ ਲੈ ਜਾਓ। ਆਪ ਦਾ ਪਿਤਾ ਜੀ ਚੌਧਰੀ ਜ਼ਹੂਰ ਇਲਾਹੀ, ਜੋ ਮੇਰੇ ਬਹੁਤ ਚੰਗੇ ਦੋਸਤ ਹਨ। ਉਹਨਾਂ ਦੀ ਵੀ ਪੇਸ਼ਕਸ਼ ਨੂੰ ਮੈਂ ਕਬੂਲ ਨਹੀਂ ਸੀ ਕੀਤਾ, ਜਦੋਂ ਉਹਨਾਂ ਨੇ ਮੈਨੂੰ ਮਾਡਰਨ ਫਲੌਰ ਮਿਲਜ਼ ਦੇ ਵੈਲਫੇਅਰ ਅਫਸਰ ਦਾ ਅਹੁਦਾ ਪੇਸ਼ ਕੀਤਾ ਸੀ ਤੇ ਉਨ੍ਹਾਂ ਆਖਿਆ ਸੀ, ਪੰਜ ਹਜ਼ਾਰ ਰੁਪਏ ਹਰ ਮਹੀਨੇ ਤਨਖਾਹ ਲੈ ਜਾਇਆ ਕਰਨਾ ਤੇ ਤੁਸਾਂ ਕੇਵਲ ਦਸਤਖਤ ਕਰਨ ਲਈ ਹੀ ਆਇਆ ਕਰਨਾ ਹੈ।" ਮੈਂ ਚੌਧਰੀ ਸਾਹਿਬ ਹੁਰਾਂ ਨੂੰ ਆਖਿਆ ਸੀ ਕਿ ਚੌਧਰੀ ਸਾਹਿਬ ਅਸੀਂ ਆਪ ਦੇ ਨਾਲ ਹਾਂ, ਪਰ ਏਨੇ ਜ਼ਿਆਦਾ ਵੀ ਨਹੀਂ ਹਾਂ। ਆਪ ਦੇ ਇਹ ਪੰਜ ਹਜ਼ਾਰ ਰੁਪਏ ਮੈਨੂੰ ਬਹੁਤ ਪ੍ਰੇਸ਼ਾਨ ਕਰਨਗੇ। ਇਸ ਲਈ ਮੈਂ ਮੁਆਫ਼ੀ ਮੰਗਦਾ ਹਾਂ। ਮੇਰੇ ਉੱਤੇ ਆਪ ਇਹ ਮਿਹਰਬਾਨੀ ਨਾ ਕਰੋ।

ਮੀਆਂ ਮਹਿਮੂਦ ਅਲੀ ਕਸੂਰੀ ਦੇ ਪੱਕੇ ਯਾਰ ਸੱਯਦ ਜਾਹਦ ਅਲੀ ਸਨ। ਬਹੁਤ ਨੇਕ ਆਦਮੀ ਸਨ। ਉਹਨਾਂ ਨੇ ਮੈਨੂੰ ਬੀਮਾ ਕਰਨ ਦੇ ਕੰਮ ਉੱਤੇ ਲਗਵਾ ਦਿੱਤਾ ਕਿ ਇਸ ਤਰ੍ਹਾਂ ਤੇਰੀ ਹਉਮੈ ਨੂੰ ਠੇਸ ਨਹੀਂ ਪਹੁੰਚੇਗੀ। ਤੇ ਇਹ ਕੰਮ ਵੀ ਚੱਲਦਾ ਰਹੇਗਾ। ਚੌਧਰੀ ਜਹੂਰ ਇਲਾਹੀ ਮਰਹੂਮ ਨੇ ਵੀ ਮੇਰੇ ਕੋਲੋਂ ਹੀ ਬੀਮਾ ਕਰਵਾਇਆ ਸੀ। ਕਿਸ਼ਤ ਇੱਕ ਹੀ ਦਿੱਤੀ ਸੀ, ਉਸਦੇ ਬਾਅਦ ਨਹੀਂ।

ਚੌਧਰੀ ਸਜ਼ਾਹਤ ਹੁਸੈਨ ਨੇ ਫਿਰ ਜ਼ਿੱਦ ਕੀਤੀ ਤੇ ਮੇਰੀ ਬੀਵੀ ਨੂੰ ਸੰਬੋਧਨ ਹੋਏ ਕਿ "ਵੇਖੋ, ਇਹ ਕੀ ਕਰ ਰਹੇ ਹਨ। ਇਹਨਾਂ ਨੂੰ ਰੋਕੋ। ਇਹਨਾਂ ਨੂੰ ਸਮਝਾਓ। ਤੁਸੀਂ ਮੇਰਾ ਸਾਥ ਦਿਓ।" ਮੇਰੇ ਬੀਵੀ ਜੋ ਕਿ ਮੇਰੇ ਆਖਣ ਦੇ ਅਨੁਸਾਰ ਹੀ ਜ਼ਿੰਦਗੀ ਬਤੀਤ ਕਰਦੀ ਸੀ ਉਸਨੇ ਵੀ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ। ਮੈਂ ਫਿਰ ਉਹਨਾਂ ਨੂੰ ਕਿਹਾ ਕਿ ਇਹ ਮੇਰੇ ਸੁਭਾਅ (ਮਿਜ਼ਾਜ) ਦੇ ਉਲਟ ਹੈ ਤੇ ਫਿਰ ਇਹ ਜਨਰਲ ਜ਼ਿਆਉਲ-ਹੱਕ ਦਾ ਭਿਆਨਕ ਸਮਾਂ। ਆਪਰ ਇਹ ਮਿਹਰਵਾਨੀ ਮੇਰੇ ਉੱਤੇ ਨਾ ਕਰੋ ਤੇ ਇਹ ਪੈਸੇ ਲੈ ਜਾਓ। ਉਸਨੇ ਆਖਿਆ, "ਮੈਂ ਕਦੇਂ ਤੁਹਾਡੇ ਕੋਲ ਨਹੀਂ ਆਇਆ ਕਰਾਂਗਾ।" ਮੈਂ ਜਵਾਬ ਦਿੱਤਾ ਕਿ ਆਪ ਮੇਰੇ ਭਤੀਜੇ



ਹੋ। ਆਪ ਇਸ ਹੈਸੀਅਤ ਵਿਚ ਹਮੇਸ਼ਾ ਆਓ। ਆਪ ਲਈ ਹਮੇਸ਼ਾ ਮੇਰੇ ਦਿਲ ਤੇਘਰ ਦੇ ਦਰਵਾਜ਼ੇ ਖੁੱਲ੍ਹੇ ਰਹਿਣਗੇ। ਜੇ ਇੰਝ ਆਓਗੇ ਤਾਂ ਮੈਂ ਆਪ ਨੂੰ ਮਿਲਵਰਤਨ ਨਹੀਂ ਦੇਵਾਂਗਾ। ਤੇ ਉਹ ਚਲੇ ਗਏ। ਉਹ ਮੇਰੇ ਲਈ ਪੰਜ ਲੱਖ ਰੁਪਏ ਲੈ ਕੇ ਆਏ ਸੀ। ਪਰ ਇਕ ਤਾਨਾਸ਼ਾਹ ਵਲੋਂ ਆਈ ਇਸ ਵੱਡੀ ਰਕਮ ਨੂੰ ਠੁਕਰਾ ਦਿੱਤਾ। •

# 8. ਲੋਕ ਰਾਜੀ ਪੁਰਸਕਾਰ

ਬੇਨਜ਼ੀਰ ਭੁੱਟੋ ਦੀ ਹਕੂਮਤ ਦਾ ਦੌਰ ਆਇਆ ਤਾਂ ਉਹਨਾਂ ਨੇ ਮੇਰੇ ਲਈ ਪੰਜਾਹ ਹਜ਼ਾਰ ਰੁਪਏ ਲੋਕ-ਰਾਜ ਦੀਆਂ ਸੇਵਾਵਾਂ ਦੇ ਬਦਲੇ ਦੇਣ ਦੀ ਪੇਸ਼ਕਸ਼ ਕੀਤੀ। ਮੈਂ ਉਹਨਾਂ ਨੂੰ ਕਹਿ ਦਿੱਤਾ ਕਿ ਮੈਂ ਇਹ ਐਵਾਰਡ ਨਹੀਂ ਲੈਂਦਾ। ਮੈਂ ਇਨਕਾਰ ਕਰ ਦਿੱਤਾ ਫਿਰ ਉਹਨਾਂ ਨੇ ਇਕ ਹੋਰ ਤਰੀਕਾ ਕੱਢਿਆ। ਫਹਿਮੀਦਾ ਰਿਆਜ਼ ਨੈਸ਼ਨਲ ਬੁੱਕ ਫਾਊਂਡੇਸ਼ਨ ਦੀ ਡਾਇਰੈਕਟਰ ਸੀ। ਉਸਨੇ ਚਾਰਾਂ ਸੂਬਿਆਂ ਦੇ ਸਾਹਿਤਕਾਰਾਂ ਅਤੇ ਕਵੀਆਂ ਦੀ ਚੋਣ ਕੀਤੀ। ਪੰਜਾਬ ਵਲੋਂ ਮੇਰੀ ਚੋਣ ਕੀਤੀ ਗਈ। ਮੇਰੇ ਲਈ ਇਕ ਲੱਖ ਰੁਪਏ ਅਤੇ ਸੋਨੇ ਦਾ ਤਮਗਾ ਦੇਣ ਦਾ ਐਲਾਨ ਕੀਤਾ ਗਿਆ। ਕਿਸ਼ਵਰ ਨਾਹੀਦ ਨੂੰ ਫਹਿਮੀਦਾ ਰਿਆਜ਼ ਨੇ ਦੱਸਿਆ ਤਾਂ ਕਿਸ਼ਵਰ ਨੇ ਆਖਿਆ ਕਿ ਉਹ ਪਹਿਲਾਂ ਹੀ ਪੰਜਾਹ ਹਜ਼ਾਰ ਰੁਪਏ ਲੈਣ ਤੋਂ ਇਨਕਾਰ ਕਰ ਚੁੱਕਾ ਹੈ। ਉਹ ਕਿੱਥੇ ਲਵੇਗਾ। ਮਾਮਲਾ ਖਰਾਬ ਹੋ ਜਾਵੇਗਾ।"ਫਹਿਮੀਦਾ ਰਿਆਜ਼ ਨੇ ਮੈਨੂੰ ਖ਼ਤ ਲਿਖਿਆ। ਮੈਂ ਉਹ ਖ਼ਤ ਆਪਣੇ ਦੋਸਤਾਂ ਨੂੰ ਵਿਖਾਇਆ। ਆਬਦ ਹਸਨ ਮੰਟੋ, ਆਈ. ਏ. ਰਹਿਮਾਨ, ਨਿਸਾਰ ਉਸਮਾਨੀ ਅਤੇ ਅਖਤਰ ਕਜਲਬਾਸ ਨੇ ਇਸ ਬਾਰੇ ਵਿਚ ਸਲਾਹ ਕੀਤੀ। ਉਹਨਾਂ ਨੇ ਆਖਿਆ ਕਿ "ਇਹ ਆਪ ਦੀਆਂ ਕਿਤਾਬਾਂ ਉੱਤੇ ਇਨਾਮ ਦਿੱਤਾ ਜਾ ਰਿਹਾ ਹੈ। ਨੈਸ਼ਨਲ ਬੁੱਕ ਫਾਊਂਡੇਸ਼ਨ ਦੇ ਰਿਹਾ ਹੈ ਅਤੇ ਚੁਣਿਆ ਪ੍ਰਧਾਨ ਮੰਤਰੀ ਇਹ ਪੁਰਸਕਾਰ ਦੇਵੇਗਾ। ਆਪ ਨੇ ਜ਼ੁਲਫਕਾਰ ਅਲੀ ਭੁੱਟੋ ਦੇ ਵਿਰੁੱਧ ਵੀ ਕਵਿਤਾਵਾਂ ਲਿਖੀਆਂ ਹਨ। ਇੰਝ ਮੈਂ ਉਹਨਾਂ ਲੋਕਾਂ ਦੀ ਰਾਇ ਦੀ ਕਦਰ ਕਰਦਿਆਂ ਪ੍ਰਵਾਨ ਕੀਤੀ, ਜੋ ਜ਼ਿਆਦਾ ਸੂਝ-ਬੂਝ ਰੱਖਦੇ ਸਨ। ਉਹਨਾਂ ਦੀ ਗੱਲ ਨੂੰ ਮੈਂ ਮੰਨ ਲਿਆ ਤੇ ਇਨਾਮ ਲੈ ਲਿਆ।

ਚੌਧਰੀ ਸ਼ਜਾਹਤ ਹੁਸੈਨ ਨੇ ਕੌਮੀ ਅਸੈਂਬਲੀ ਦੇ ਕੈਫੇਟੀਰੀਆ ਵਿਚ ਇਹ ਬਿਆਨ ਦਿੱਤਾ ਕਿ ਮੈਂ ਉਸ ਕੋਲ ਪੰਜ ਲੱਖ ਰੁਪਏ ਲੈ ਕੇ ਗਿਆ ਸੀ। ਪਰ ਹਬੀਬ ਜਾਲਿਬ ਨੇ ਕਬੂਲ ਨਹੀਂ ਕੀਤੇ ਸਨ। ਮੈਂ ਹੈਰਾਨ ਹਾਂ ਕਿ ਬੇਨਜ਼ੀਰ ਭੁੱਟੋ ਤੋਂ ਉਸਨੇ ਇਕ ਲੱਖ ਰੁਪਏ ਕਿਵੇਂ ਪ੍ਰਵਾਨ ਕਰ ਲਏ। ਪਰ ਲਿਖੇਗਾ ਉਹ ਆਪਣੀ ਮਰਜ਼ੀ ਨਾਲ ਹੀ। ਇਹ ਆਖਰੀ ਫਿਕਰਾ ਜੋ ਉਸਨੇ ਕਿਹਾ ਕਿ "ਲਿਖੇਗਾ ਉਹ ਆਪਣੀ ਮਰਜ਼ੀ ਨਾਲ ਹੀ" ਇਸ ਵਾਸਤੇ ਮੈਂ ਚੌਧਰੀ ਸ਼ਜਾਹਤ ਹੁਸੈਨ ਦਾ ਧੰਨਵਾਦੀ ਹਾਂ ਕਿ ਉਸਨੇ ਮੇਰੀ ਇੱਜ਼ਤ ਵਧਾਈ ਤੇ ਆਪਣੀ ਮੁਹੱਬਤ ਦਾ ਪ੍ਰਗਟਾਵਾ ਕੀਤਾ। ਉਸਦੀ ਇਹ ਗੱਲ ਦਰੁਸਤ ਹੈ ਕਿ ਮੈਂ ਲਿਖਦਾ ਆਪਣੀ ਮਰਜ਼ੀ ਨਾਲ ਹੀ ਹਾਂ, ਪਰ ਮੈਂ ਇਹ ਫ਼ਰਕ ਜ਼ਰੂਰ ਬਿਆਨ ਕਰ ਦੇਣਾ ਚਾਹੁੰਦਾ ਹਾਂ ਕਿ ਉਹ ਦੌਰ ਸੀ ਜ਼ਿਆਉਲ

ਹੱਕ ਦਾ ਤੇ ਜ਼ਿਆਉਲ ਹੱਕ ਇਕ ਡਿਕਟੇਟਰ ਸੀ। ਉਸਦਾ ਰੈਫਰੈਂਡਮ ਮੇਰਾ ਲਈ ਪ੍ਰਵਾਨ ਕਰਨ ਦੇ ਕਾਬਿਲ ਨਹੀਂ ਸੀ। ਉਸਦਾ ਆਉਣਾ ਤੇ ਏਨੀ ਦੇਰ ਰਹਿ ਜਾਣਾ, ਮੈਂ ਇਸਦੇ ਹੱਕ ਵਿਚ ਨਹੀਂ ਸੀ। ਉਸਨੇ ਇਸਲਾਮ ਨੂੰ ਜਿਸ ਤਰ੍ਹਾਂ ਵਰਤਿਆ, ਉਹ ਵੀ ਮੈਨੂੰ ਮਨਜੂਰ ਨਹੀਂ ਸੀ। ਇਸ ਲਈ ਮੈਂ ਉਸ ਦੀ ਪੰਜ ਲੱਖ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ।

ਮੈਂ ਬੇਨਜ਼ੀਰ ਦੇ ਦੌਰ ਵਿਚ ਲਿਖਿਆ ਸੀ,

ਵੁਹੀ ਹਾਲਾਤ ਹੈ ਫਕੀਰੋਂ ਕੇ
ਦਿਨ ਫਿਰੇ ਹੈ ਫਕਤ ਵਜ਼ੀਰੋਂ ਕੇ
ਆਪਨਾ ਹਲਕਾ ਹੈ, ਹਲਕਾ-ਏ-ਜ਼ੰਜੀਰ
ਔਰ ਹਲਕੇ ਹੈ ਸਭ ਅਮੀਰੋਂ ਕੇ
ਹਰ 'ਬਿਲਾਵਲ' ਹੈ ਦੇਸ਼ ਦਾ ਮਕਰੂਜ਼
ਪਾਓਂ ਨੰਗੇ ਹੈਂ, ਬੇਨਜ਼ੀਰੋਂ ਕੇ
ਵੁਹੀ ਅਹਿਲੇ-ਵਫ਼ਾ ਕੀ ਸੂਰਤੇ-ਹਾਲ
ਵਾਰੇ ਨਿਆਰੇ ਹੈਂ ਬੇਜ਼ਮੀਰੋਂ ਕੇ
ਸਾਜ਼ਿਸ਼ੇਂ ਹੈ ਵੁਹੀ ਖਲਾਫ਼ੇ-ਅਵਾਮ
ਮਸ਼ਵਰੇ ਹੈਂ ਵੁਹੀ ਮਸ਼ੀਰੋਂ ਕੇ
ਬੇੜੀਆਂ ਸਾਮਰਾਜ ਕੀ ਹੈਂ ਵੁਹੀ
ਵੁਹੀ ਰਾਤ ਦਿਨ ਹੈਂ ਅਸੀਰੋਂ ਕੇ। •

## 9. ਕੁੱਟੇ ਗਏ ਸੜਕ ਵਿਚਕਾਰ

1.

ਔਰਤਾਂ ਨੇ ਅੱਧੀ ਗਵਾਹੀ ਦੇ ਵਿਰੁੱਧ ਇਕ ਰੋਸ-ਜਲੂਸ ਕੱਢਿਆ ਸੀ, ਜਿਸ ਨੂੰ ਮਾਲ ਰੋਡ (ਲਾਹੌਰ) ਉੱਤੇ ਰੋਕ ਲਿਆ ਗਿਆ ਸੀ। ਉਸ ਵੇਲੇ ਹਾਈ ਕੋਰਟ ਦੇ ਚੀਫ਼ ਜਸਟਿਸ ਡਾਕਟਰ ਜਾਵੇਦ ਇਕਬਾਲ ਹੁੰਦੇ ਸਨ। ਔਰਤਾਂ ਨੇ ਉਹਨਾਂ ਨੂੰ ਇਕ ਮੈਮੋਰੈਂਡਮ ਪੇਸ਼ ਕਰਨਾ ਸੀ ਅਤੇ ਉਹ ਹਾਈਕੋਰਟ ਆਉਣਾ ਚਾਹੁੰਦੀਆਂ ਸਨ ਪਰ ਉਹਨਾਂ ਨੂੰ ਮਾਲ ਰੋਡ ਉੱਤੇ ਹੀ ਰੋਕ ਲਿਆ ਗਿਆ ਸੀ। ਪੁਲਸ ਨੇ ਘੇਰਾ ਪਾ ਲਿਆ ਸੀ ਤੇ ਔਰਤਾਂ ਉਥੇ ਹੀ ਧਰਨਾ ਮਾਰ ਕੇ ਬੈਠ ਗਈਆਂ ਸਨ। ਆਸਮਾਂ ਜਹਾਂਗੀਰ ਹਾਈਕੋਰਟ ਤੋਂ ਆਈ। ਉਸ ਵੇਲੇ ਮੈਂ ਵੀ ਉਥੇ ਹਾਜ਼ਰ ਸੀ। ਆਬਦ ਹਸਨ ਮੰਟੋ, ਸੱਯਦ ਅਫ਼ਜ਼ਲ ਹੈਦਰ ਅਤੇ ਇਹਤਜ਼ਾਜ ਹਸਨ ਵੀ ਮੇਰੇ ਨਾਲ ਬੈਠੇ ਹੋਏ ਸਨ। ਆਸਮਾਂ ਜਹਾਂਗੀਰ ਨੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਤੇ ਇਹ ਤਜਵੀਜ ਦਿੱਤੀ ਕਿ ਹਬੀਬ ਜਾਲਿਬ ਨੂੰ ਸਾਡੇ ਨਾਲ ਭੇਜ ਦਿਓ ਅਤੇ ਇਹ ਉਥੇ ਆਪਣਾ



ਕਲਾਮ ਸੁਣਾ ਕੇ ਖਿੰਡ ਦੇਣਗੇ ਤੇ ਇੰਝ ਸਾਡੀ ਇੱਜ਼ਤ ਵੀ ਰਹਿ ਜਾਵੇਗੀ। ਅਰਥਾਤ ਗੱਲ ਬਣ ਜਾਵੇਗੀ, ਕਿਉਂਕਿ ਪੁਲਸ ਅੱਗੇ ਆਉਣ ਤੋਂ ਰੋਕ ਰਹੀ ਹੈ। ਮੈਂ ਉਹਨਾਂ ਦੇ ਨਾਲ ਕਾਰ ਵਿਚ ਬੈਠ ਗਿਆ। ਜਦੋਂ ਕਾਰ ਸਟਾਰਟ ਹੋਈ ਤਾਂ ਇਕ ਲਹਿਰ ਮੇਰੇ ਜ਼ਿਹਨ ਵਿਚ ਆਈ ਕਿ ਜੇ ਇਹ ਜਲੂਸ ਨਾ ਨਿਕਲਿਆ ਤਾਂ ਵਿਰੋਧ ਰੁਕ ਜਾਵੇਗਾ ਤੇ ਬੇਅਸਰ ਜਾਵੇਗਾ। ਮੈਂ ਸੋਚਿਆ ਕਿ ਹੁਣ ਜਲਸੇ ਜਲੂਸਾਂ ਨੂੰ ਖਿੰਡਾਉਣ ਲਈ ਮੈਂ ਹੀ ਰਹਿ ਗਿਆ ਹਾਂ। ਮੇਰਾ ਕੰਮ ਤਾਂ ਜਲੂਸ ਨੂੰ ਅਤੇ ਸੰਘਰਸ਼ ਨੂੰ ਜਾਰੀ ਰੱਖਣ ਲਈ ਹੈ। ਮੇਰਾ ਇਹ ਫੈਸਲਾ ਹੈ ਕਿ ਵਿਰੋਧ ਨੂੰ ਜਾਰੀ ਰੱਖਿਆ ਜਾਵੇ।

ਮੈਂ ਉਥੇ ਪਹੁੰਚ ਗਿਆ, ਜਿੱਥੇ ਔਰਤਾਂ ਧਰਨਾ ਮਾਰ ਕੇ ਬੈਠੀਆਂ ਹੋਈਆਂ ਸਨ। ਮੈਂ ਇਕ ਸੰਖੇਪ ਜਿਹੀ ਤਕਰੀਰ ਕੀਤੀ। ਇਸ ਤੋਂ ਪਿੱਛੋਂ ਔਰਤਾਂ ਬਾਰੇ ਕੁਝ ਨਜ਼ਮਾਂ ਸੁਣਾਉਣੀਆਂ ਸ਼ੁਰੂ ਕੀਤੀਆਂ। ਜਦੋਂ ਮੈਂ ਸੁਣਾ ਰਿਹਾ ਸੀ ਤਾਂ ਉਹਨਾਂ ਚਿਹਰੇ ਉੱਤੇ ਖੁਸ਼ੀ ਦੀ ਚਮਕ ਆ ਗਈ। ਇੱਕ ਹੌਂਸਲਾ ਉਹਨਾਂ ਦੇ ਚਿਹਰਿਆਂ ਤੇ ਝਲਕ ਰਿਹਾ ਸੀ ਤੇ ਮੇਰਾ ਕਲਾਮ ਸੁਣਾਉਣ ਦਾ ਮੰਤਵ ਵੀ ਹੌਂਸਲਾ ਵਧਾਉਣਾ ਸੀ। ਇਸੇ ਦੌਰਾਨ ਇਕ ਐਸ. ਐਚ. ਓ. ਆਇਆ ਤੇ ਉਸਨੇ ਕਿਹਾ, ਜਾਲਿਬ ਸਾਹਿਬ ਇਧਰ ਆਓ ਤੇ ਜ਼ਰਾ ਸਾਡੀ ਗੱਲ ਸੁਣੋ। ਔਰਤਾਂ ਨੇ ਇਕ ਜ਼ੁਬਾਨ ਹੋ ਕੇ ਕਿਹਾ, ਇਹਨਾਂ ਦੀ ਗੱਲ ਮੱਤ ਸੁਣੋ। ਮੈਂ ਆਖਿਆ, "ਨਹੀਂ ਕੋਈ ਗੱਲ ਨਹੀਂ। ਇਸ ਇਸਨੂੰ ਕੈਂਪ ਜੇਲ੍ਹ ਤੋਂ ਜਾਣਦਾ ਹਾਂ। ਜੇ ਇਹ ਮੇਰੇ ਨਾਲ ਕੋਈ ਗੱਲਬਾਤ ਕਰਨੀ ਚਾਹੁੰਦਾ ਹੈ ਤਾਂ ਸੁਣ ਲੈਣੀ ਚਾਹੀਦੀ ਹੈ। ਮੈਂ ਉਸਦੇ ਕੋਲ ਗਿਆ ਅਤੇ ਪੁੱਛਿਆ, "ਹਾਂ ਫਰਮਾਓ?" ਕਹਿਣ ਲੱਗਾ, "ਇਹਨਾਂ ਔਰਤਾਂ ਨੂੰ ਵੈਨ ਵਿਚ ਬਿਠਾ ਕੇ ਹਾਈਕੋਰਟ ਲੈ ਚੱਲਦੇ ਹਾਂ।" ਮੈਂ ਆਖਿਆ, "ਆਖਿਰ ਪੁਲਿਸ ਵਾਲੇ ਹੀ ਨਿਕਲੇ ਨਾ। ਮੈਂ ਜਾਣਦਾ ਹਾਂ ਕਿ ਤੁਸੀਂ ਇਹਨਾਂ ਨੂੰ ਬਿਠਾ ਕੇ ਸਿਵਲ-ਲਾਈਨਜ਼ ਥਾਣੇ ਲੈ ਜਾਓਗੇ। ਹਟ ਜਾਓ – ਤੁਸੀਂ।" ਮੈਂ ਫਿਰ ਉਸ ਦਾਇਰੇ ਵਿਚ ਆ ਗਿਆ, ਜਿੱਥੇ ਔਰਤਾਂ ਬੈਠੀਆਂ ਹੋਈਆਂ ਸਨ। ਮੈਂ ਫਿਰ ਨਜ਼ਮਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸਾਰੀਆਂ ਔਰਤਾਂ ਜੋਸ਼ ਕਾਰਨ ਉਠ ਖਲੋਤੀਆਂ। ਮੈਂ ਮੌਕੇ ਦਾ ਲਾਭ ਉਠਾਇਆ ਅਤੇ ਆਖਿਆ, "ਹਟੋ ਪੁਲਿਸ ਵਾਲਿਓ! ਚਲੋ ਬੀਬੀਓ" ਮੈਂ ਉਹਨਾਂ ਦਾ ਰੁਖ਼ ਮਾਲ ਰੋਡ ਵੱਲ ਕਰ ਦਿੱਤਾ। ਉਹ ਹਾਈਕੋਰਟ ਵਾਲੇ ਪਾਸੇ ਜਾ ਰਹੀਆਂ ਸਨ ਕਿ ਪੁਲਿਸ ਨੇ ਉਹਨਾਂ ਨੂੰ ਫਿਰ ਰੋਕ ਦਿੱਤਾ ਤੇ ਕੁੱਟਣਾ ਸ਼ੁਰੂ ਕਰ ਦਿੱਤਾ। ਮੈਂ ਇਹ ਹਾਲਤ ਵੇਖੀ ਤੇ ਉਥੇ ਖੜ੍ਹੀ ਇਕ ਡੀ. ਐਸ. ਪੀ. ਨੂੰ ਕਿਹਾ, "ਇਹ ਕੀ ਹੋ ਰਿਹਾ ਹੈ? ਹਟਾਓ ਇਹਨਾਂ ਪੁਲਿਸ ਵਾਲਿਆਂ ਨੂੰ। ਮੇਰਾ ਇਹ ਆਖਣਾ ਸੀ ਕਿ ਉਸ ਨੇ ਇਕ ਇੰਸਪੈਕਟਰ ਨੂੰ ਇਸ਼ਾਰਾ ਕੀਤਾ ਤੇ ਕਿਹਾ, "ਪਕੜ ਲਓ ਇਸ ਹਬੀਬ ਜਾਲਿਬ ਨੂੰ" ਉਸ ਇੰਸਪੈਕਟਰ ਨੇ ਮੈਨੂੰ ਫੜ ਲਿਆ, ਉਸਦੇ ਨਾਲ ਚੂਹੜਕਾਣੇ ਦੇ ਪੰਦਰਾਂ-ਵੀਹ ਪੁਲਿਸ ਵਾਲੇ ਸਨ। (ਮੈਨੂੰ ਕਿਸੇ ਨੇ ਦੱਸਿਆ ਸੀ ਕਿ ਜ਼ਿਆਦਾ-ਤਰ ਪੁਲਿਸ ਵਾਲੇ ਚੂਹੜਕਾਣੇ ਨਾਲ ਸਬੰਧਤ ਹਨ) ਹੁਣ ਉਹਨਾਂ ਨੇ ਮੈਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬੂਟਾਂ ਨਾਲ ਪਿੰਡਲੀਆਂ ਤੇ ਸੱਟਾਂ ਮਾਰ ਰਹੇ ਸੀ ਤੇ ਡੰਡੇ ਮੇਰੀ ਪਿੱਠ

ਤੇ ਬਰਸਾ ਰਹੇ ਸੀ। ਮੇਰੀ ਕਮੀਜ਼ ਇੰਸਪੈਕਟਰ ਨੇ ਪਕੜ ਲਈ। ਮੇਰੀ ਵਾਸਕਟ, ਦੇ ਉਪਰਲੇ ਬਟਨ ਬੰਦ ਸਨ ਤੇ ਮੇਰਾ ਗਲ ਉਸ ਦੀ ਮਜ਼ਬੂਤ ਪਕੜ ਵਿਚ ਸੀ। ਮੇਰੀਆਂ ਅੱਖਾਂ ਬਾਹਰ ! ਰਹੀਆਂ ਸਨ ਤੇ ਹਨੇਰਾ ਮੇਰੀਆਂ ਅੱਖਾਂ ਸਾਹਮਣੇ ਸੀ। ਮੌਤ ਮੇਰੀਆਂ ਅੱਖਾਂ ਸਾਹਮਣੇ ਨੱਚ ਰਹੀ ਸੀ। ਮੇਰੀ ਹਾਲਤ ਖਰਾਬ ਹੁੰਦੀ ਜਾ ਰਹੀ ਸੀ। ਵਹੀਮ ਚੌਧਰੀ ਜੋ ਹਾਈਕੋਰਟ ਬਾਰ ਦੇ ਸੈਕਟਰੀ-ਜਨਰਲ ਸਨ, ਉਹਨਾਂ ਨੇ ਮੈਨੂੰ ਦੇਖਿਆ ਤੇ ਇੰਸਪੈਕਟਰ ਦੀ ਪਕੜ ਤੋਂ ਮੈਨੂੰ ਛੁਡਾ ਲਿਆ। ਮੈਂ ਇਸ਼ਾਰੇ ਨਾਲ ਆਖਿਆ ਕਿ ਮੇਰੀ ਵਾਸਕਟ ਦੇ ਬਟਨ ਤੋੜ ਦਿਓ। ਉਸ ਨੇ ਵਾਸਕਟ ਖੋਲ੍ਹ ਦਿੱਤੀ ਤੇ ਮੈਨੂੰ ਸਾਹ ਸੌਖਾ ਆਉਣ ਲੱਗ ਪਿਆ। ਉਸਨੇ ਇੰਸਪੈਕਟਰ ਨੂੰ ਮੋਟੀ ਜਿਹੀ ਗਾਲ੍ਹ ਕੱਢੀ। ਹੁਣ ਪੁਲਿਸ ਵਾਲਿਆਂ ਨੇ ਵਹੀਮ ਚੌਧਰੀ ਨੂੰ ਫੜ ਲਿਆ ਤੇ ਉਸ ਨਾਲ ਘਸੁੰਨ ਮੁੱਕੀ ਸ਼ੁਰੂ ਕਰ ਦਿੱਤੀ।

ਜਦੋਂ ਉਹਨਾਂ ਨੇ ਮੈਨੂੰ ਛੱਡ ਦਿੱਤਾ ਤਾਂ 'ਡਾਨ' ਅਖਬਾਰ ਦੇ ਬਿਊਰੋ-ਚੀਫ਼ ਨਿਸਾਰ ਅਸਮਾਨੀ ਉਥੇ ਹਾਜ਼ਰ ਸਨ। ਉਨ੍ਹਾਂ ਨੇ ਮੈਨੂੰ ਸੰਭਾਲਿਆ ਤੇ ਸਹਾਰਾ ਦੇ ਕੇ ਪ੍ਰੈਸ ਕਲੱਬ ਲਾਹੌਰ ਵਿਚ ਲੈ ਆਏ। ਜਿੱਥੇ ਉਹਨਾਂ ਨੇ ਮੈਨੂੰ ਪਾਣੀ-ਧਾਣੀ ਪਿਆਇਆ। ਉਸ ਦਿਨ ਔਰਤਾਂ ਤੇ ਜਲੂਸ ਵਿਚ ਵੱਡੇ-ਵੱਡੇ ਲੋਕਾਂ ਦੀਆਂ ਮਾਵਾਂ-ਭੈਣਾਂ ਸ਼ਾਮਿਲ ਸਨ। ਇਹਤਜਾਜ਼ ਹਸਨ ਦੀ ਮਾਤਾ ਸੀ, ਉਸਦੀ ਬੇਗਮ ਬੁਸ਼ਰਾ ਇਹਤਜਾਜ਼ ਸੀ। ਜਨਰਲ ਮਿੱਠਾ ਦੀਆਂ ਬੇਟੀਆਂ ਸਨ, ਐੱਸ. ਐੱਮ. ਜ਼ਫ਼ਰ ਦੀ ਬੀਵੀ ਸੀ। ਮਜਦੂਰਾਂ ਦੀਆਂ ਔਰਤਾਂ ਸਨ। ਮਿਹਨਤ-ਕਸ਼ਾਂ ਦੀਆਂਔਰਤਾਂ ਸਨ। ਸਿਆਸੀ ਵਰਕਰ ਸ਼ਾਹਿਦਾ ਜਬੀਂ, ਕਨੀਜ ਮੀਰ ਅਤੇ ਦੂਸਰੀਆਂ ਔਰਤਾਂ ਸਨ। ਇਹ ਜਲੂਸ ਪੁਰ ਅਮਨ ਸੀ। ਇਹਨਾਂ ਔਰਤਾਂ ਨੇ ਕੇਵਲ ਜਸਟਿਸ ਜਾਵੇਦ ਇਕਬਾਲ ਨੂੰ ਜਾਕੇ ਇਕ ਮੰਗ-ਪੱਤਰ ਦੇਣਾ ਸੀ। ਉਸ ਦਿਨ ਦੇ ਜਲੂਸ ਦੀ ਰਿਪੋਰਟਿੰਗ ਵਾਸਤੇ ਬੀ. ਬੀ. ਸੀ. ਦੀਆਂ ਕੁਝ ਪੱਤਰਕਾਰ ਔਰਤਾਂ ਵੀ ਆਈਆਂ ਹੋਈਆਂ ਸਨ। ਉਹਨਾਂ ਵੀ ਇਹ ਦ੍ਰਿਸ਼ ਵੇਖਿਆ, ਜਿਸ ਉੱਤੇ ਮੈਂ ਇਹ ਸ਼ਿਅਰ ਲਿਖੇ ਸਨ।

ਬੜੇ ਬਨੇ ਥੇ ਜਾਲਿਬ ਸਾਹਿਬ, ਪਿਟੇ ਸੜਕ ਕੇ ਬੀਚ।
ਗਾਲੀ ਖਾਈ, ਲਾਠੀ ਖਾਈ, ਗਿਰੇ ਸੜਕ ਕੇ ਬੀਚ।

ਕਭੀ ਗਰੇਬਾਂ ਚਾਕ ਹੂਆ, ਔਰ ਕਭੀ ਹੂਆ ਦਿਲ ਖ਼ੂੰ,
ਹਮੀਂ ਤੋਂ ਯੂੰ ਹੀ ਮਿਲੇ ਸੁਖ਼ਨ ਕੇ ਸਿਲੇ, ਸੜਕ ਕੇ ਬੀਚ।

ਜਿਸਮ ਪੇ ਜੋ ਜ਼ਖਮੋਂ ਕੇ ਨਿਸ਼ਾ ਹੈ, ਆਪਨੇ ਤਮਗੇ ਹੈਂ,
ਮਿਲੀ ਹੈ ਐਸੀ ਦਾਦ ਵਫ਼ਾ ਕੀ ਕਿਸੇ ਸੜਕ ਕੇ ਬੀਚ।

ਇਸ ਪੁਲਿਸ ਤਸ਼ੱਦਦ ਦਾ ਮੇਰੇ ਜਿਸਮ ਉੱਤੇ ਬਹੁਤ ਬੁਰਾ ਅਸਰ ਹੋਇਆ। ਮੇਰਾ ਸਾਰਾ ਜਿਸਮ ਅੰਦਰਲੇ ਦਰਦ ਨਾਲ ਭਰ ਗਿਆ। ਮੈਂ ਸੋਚਿਆ ਕਰਾਚੀ ਚਲਾ ਜਾਵਾਂ। ਉਥੇ ਡਾਕਟਰਾਂ ਨਾਲ ਮੇਰੀ ਬਹੁਤ ਦੋਸਤੀ ਹੈ। ਉਹ ਪੁਰਾਣੀ ਐੱਨ. ਐੱਸ. ਐੱਫ. ਦੇ ਜ਼ਮਾਨੇ ਦੇ ਦੋਸਤ ਹਨ।



ਉਹਨਾਂ ਨੇ ਵੀ ਲੋਕ-ਰਾਜ ਅਤੇ ਆਜ਼ਾਦੀ ਲਈ ਕੰਮ ਕੀਤਾ ਸੀ। ਡਾਕਟਰ ਸਰਵਰ, ਡਾਕਟਰ ਅਦੀਬ ਅਲਹ ਸਨ, ਰਜ਼ਵੀ, ਡਾਕਟਰ ਤਾਰਕ ਸਈਦ ਹਨ। ਮੈਂ ਕਰਾਂਚੀ ਚਲਾ ਗਿਆ ਤੇ ਉਥੇ ਦਾਖਲ ਹੋ ਗਿਆ। ਉਹਨਾਂ ਨੇ ਮੇਰੇ ਜ਼ਖ਼ਮਾਂ ਦੀ 'ਸਕਾਈ' ਕੀਤੀ। ਲਾਹੌਰ ਵਿਚ ਪਿਟਾਈ ਹੋਈ ਅਤੇ ਕਰਾਂਚੀ ਵਿਚ 'ਸਕਾਈ'? ਸਕਾਈ ਇਕ ਬਿਜਲੀ ਲਗਾਉਣ ਦਾ ਇਲਾਜ ਹੈ। ਉਹਨਾਂ ਨੇ ਮੇਰੀ ਸ਼ੂਗਰ ਦਾ ਵੀ ਇਲਾਜ ਕੀਤਾ। ਜ਼ਰਾ ਤੰਦਰੁਸਤ ਹੋਇਆ ਤਾਂ ਕਰਾਂਚੀ ਵਾਲਿਆਂ ਨੇ ਇਕ ਮੁਸ਼ਾਹਿਰਾ ਰੱਖ ਦਿੱਤਾ, ਜੋ ਬੇਗਮ ਨੁਸਰਤ ਭੁੱਟੋ ਦੀ ਪ੍ਰਧਾਨਗੀ ਵਿਚ ਸੀ।

ਮੈਂ ਡਾਕਟਰ ਅਦੀਬ ਦੇ ਹਸਪਤਾਲ ਵਿਚ ਦਾਖਲ ਸੀ। ਉਹਨਾਂ ਨੇ ਇਕ ਸਾਫ਼ ਸੁਥਰੇ ਵਾਰਡ ਵਿਚ ਰੱਖਿਆ। ਉਹ ਮੇਰਾ ਇਤਨਾ ਖ਼ਿਆਲ ਰੱਖਦੇ ਸਨ ਕਿ ਮੇਰੇ ਲਈ ਖਾਣਾ ਆਪਣੇ ਘਰ ਤੋਂ ਹੀ ਮੰਗਵਾ ਲੈਂਦੇ ਸਨ। ਅਤੇ ਸ਼ਾਇਰ ਨੂੰ ਜੋ ਸ਼ਿਅਰ ਸੁਣਾਉਣ ਦਾ ਚਸਕਾ ਹੁੰਦਾ ਹੈ, ਇਸ ਦਾ ਵੀ ਉਹਨਾਂ ਨੇ ਇਲਾਜ ਕੀਤਾ। ਆਪਣੇ ਵਿਦਿਆਰਥੀ ਅਤੇ ਜੂਨੀਅਰ ਡਾਕਟਰਾਂ ਦੀ ਟੀਮ ਸੀ, ਉਹਨਾਂ ਨੂੰ ਦੁਪਹਿਰ ਨੂੰ ਬੁਲਾ ਲਿਆ ਕਰਦੇ ਸਨ। ਉਹ ਸਾਰੇ ਮੇਰੇ ਕੋਲੋਂ ਨਜ਼ਮਾਂ ਸੁਣਦੇ ਸਨ। ਮੇਰੇ ਸ਼ੌਕ ਦੀ ਵੀ ਤ੍ਰਿਪਤੀ ਹੋ ਜਾਂਦੀ ਸੀ ਅਤੇ ਉਹਨਾਂ ਨਾਲ ਗੱਪ-ਸ਼ੱਪ ਵੀ ਹੁੰਦੀ ਸੀ। •

## 10. ਅਵਾਮੀਂ ਸ਼ਾਇਰ (ਲੋਕ-ਕਵੀ)

ਮੈਨੂੰ ਇਹ ਮਾਣ ਹੈ ਕਿ ਚਿਰਾਗ਼ ਹਸਨ ਹਸਰਤ ਵਰਗੇ ਵੱਡੇ ਕੱਦ ਵਾਲੇ ਸ਼ਾਇਰ ਤੇ ਮਹਾਨ ਪੱਤਰਕਾਰ ਨੇ ਵੀ ਮੈਨੂੰ ਇਹ ਇੱਜ਼ਤ ਦਿੱਤੀ ਕਿ ਮੇਰਾ ਕਲਾਮ ਫਰਮਾਇਸ਼ ਪਾ ਕੇ ਸੁਣਿਆ ਤੇ ਮੈਨੂੰ ਦਾਦ ਦੇ ਕੇ ਨਿਵਾਜਿਆ। ਇਸ ਲਈ ਮੈਂ ਨਵੇਂ ਤੋਂ ਨਵੇਂ ਆਲੋਚਕਾਂ ਦੀ ਭੋਰਾ ਵੀ ਪ੍ਰਵਾਹ ਨਹੀਂ ਕਰਦਾ, ਕਿਉਂਕਿ ਪ੍ਰਵਾਣਤ ਕਵੀਆਂ ਨੇ ਮੈਨੂੰ ਦਾਦ ਦਿੱਤੀ ਹੈ। ਹੁਕਮਰਾਨ ਤਬਕੇ ਨਾਲ ਜੁੜੇ ਸਾਹਿਤਕਾਰ ਅਤੇ ਸ਼ਾਇਰ ਆਪਣੀ ਬਦਨਾਮੀ ਤੇ ਨਾਰਾਜ਼ਗੀ ਨੂੰ ਲੁਕਾਉਣ ਲਈ ਮੇਰੇ ਵਿਚੋਂ ਕੀੜੇ ਕੱਢਦੇ ਹਨ। ਉਹ ਆਪਣੇ ਇਸ ਵਿਹਾਰ ਉੱਤੇ ਸ਼ਰਮਾਉਂਦੇ ਨਹੀਂ ਹਨ। ਐਸੇ ਵੀ ਸਾਹਿਤਕਾਰ ਅਤੇ ਸ਼ਾਇਰ ਹਨ, ਜੋ ਰਿਆਇਤਾਂ ਲੈਣ ਵਾਲੇ ਹਨ, ਪਰ ਖ਼ੁਦ ਨੂੰ ਕ੍ਰਾਂਤੀਕਾਰੀ ਵੀ ਅਖਵਾਉਂਦੇ ਹਨ ਤੇ ਉਹਨਾਂ ਦਾ ਆਖਣਾ ਹੈ ਕਿ ਸਾਡਾ ਹੱਕ ਬਣਦਾ ਹੈ। ਅਸੀਂ ਸਦਾ ਸੱਚ ਲਿਖਿਆ ਹੈ, ਜੋ ਦਿਲ ਉੱਤੇ ਵਾਪਰਦਾ ਹੈ ਉਹੋ ਆਖਿਆ ਹੈ। ਪਰ ਉਹਨਾਂ ਦੀ ਇਕ ਗੱਲ ਹਕੀਕਤ ਦੇ ਵਿਰੁੱਧ ਹੈ। ਉਹ ਆਖਦੇ ਕੁਝ ਹਨ, ਪਰ ਉਹਨਾਂ ਦੀ ਜ਼ਿੰਦਗੀ ਕੁਝ ਹੋਰ ਤਰ੍ਹਾਂ ਨਾਲ ਲੰਘਦੀ ਹੈ। ਇਹਨਾਂ ਦੀਆਂ ਗੱਲਾਂ-ਬਾਤਾਂ ਅਤੇ ਕਿਰਦਾਰ ਵਿਚ ਇਕਸੁਰਤਾ ਨਹੀਂ ਹੈ। ਇਸੇ ਲਈ ਟੀ. ਵੀ. ਰੇਡੀਓ ਅਤੇ ਸੂਚਨਾ ਦੇ ਹੋਰ ਸਾਧਨਾਂ ਦੇ ਨਾਲ ਜੁੜੇ ਹੋਏ ਹੋਣ ਦੇ ਬਾਵਜੂਦ, ਉਹਨਾਂ ਨੂੰ ਆਮ ਲੋਕਾਂ ਵਿਚ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ ਤੇ ਨਾ ਹੀ ਸਵੀਕ੍ਰਿਤੀ ਨਸੀਬ ਹੁੰਦੀ ਹੈ। ਸੂਚਨਾ ਦੇ ਸਾਧਨ ਹੀ ਕਾਫ਼ੀ ਨਹੀਂ ਹੁੰਦੇ। ਲੋਕਾਂ ਦੇ ਦਿਮਾਗ ਦੇ ਨੇੜੇ ਰਹਿ ਕੇ ਉਹਨਾਂ ਦੀ ਦਿਮਾਗੀ ਅਵਸਥਾ ਦਾ ਚਿੰਤਨ ਕਰਨਾ ਹੀ ਸ਼ਾਇਰ

ਅਤੇ ਸ਼ਿਅਰ ਨੂੰ ਲੋਕਾਂ ਵਿਚ ਪ੍ਰਵਾਨਗੀ ਦਾ ਦਰਜਾ ਮਿਲਦਾ ਹੈ। ਦੂਸਰੇ ਲੋਕ ਖ਼ੌਫ਼ ਦੀ ਵਜ੍ਹਾ ਕਰਕੇ ਆਮ ਲੋਕਾਂ ਦੇ ਦਿਲ ਦੀ ਗੱਲ ਨਹੀਂ ਕਹਿੰਦੇ ਤੇ ਜਦੋਂ ਲਿਖਤ ਉੱਤੇ ਖ਼ੌਫ਼ ਦਾ ਪ੍ਰਛਾਵਾਂ ਪੈ ਜਾਂਦਾ ਹੈ ਤੇ ਲਿਖਤ ਵੀ ਡਰ ਭਰੀ ਹੋ ਜਾਂਦੀ ਹੈ। ਇਸ ਦੇ ਅੰਦਰ ਸੱਚਾਈ ਉਤਪੰਨ ਨਹੀਂ ਹੁੰਦੀ। ਸੱਚ ਬੋਲਣ ਲਈ ਫਾਂਸੀਆਂ ਵਿਚੋਂ ਦੀ ਲੰਘਣਾ ਪੈਂਦਾ ਹੈ। ਪਰ ਉਹ ਅਲੰਕਾਰਾਂ ਤੇ ਚਿੰਨਾ ਦਾ ਸਹਾਰਾ ਲੈਂਦੇ ਹਨ। ਮੈਂ ਨਹੀਂ ਕਹਿੰਦਾ ਕਿ ਚਿੰਨਾਤਮਕ ਸ਼ਾਇਰੀ ਬੁਰੀ ਹੁੰਦੀ ਹੈ। ਬਹੁਤ ਵੱਡਾ ਸ਼ਾਇਰਾਂ ਨੇ ਇਸ਼ਾਰਿਆਂ ਦੀ ਸਹਾਇਤਾ ਲਈ ਹੈ ਤੇ ਉਹ ਲੋਕ, ਆਮ ਲੋਕਾਂ ਵਿਚ ਸਾਹਿਤ ਵਿਚ ਉੱਚਾ ਦਰਜਾ ਪ੍ਰਾਪਤ ਕਰ ਗਏ ਹਨ। ਐਪਰ ਜਿਥੇ ਲੋਕ ਪੰਜਾਹ ਫੀਸਦੀ ਅਨਪੜ੍ਹ ਹਨ, ਉਥੇ ਸੰਕੇਤਕ ਕਵਿਤਾ, ਆਮ ਲੋਕਾਂ ਦੀ ਕਵਿਤਾ ਨਹੀਂ ਬਣ ਸਕਦੀ।

ਮੈਂ ਆਮ ਲੋਕਾਂ ਦੀ ਜ਼ੁਬਾਨ ਵਿਚ ਗੱਲ ਕੀਤੀ ਹੈ। ਆਪਣੀ ਕਵਿਤਾ ਵਿਚ ਸੰਗੀਤਕਤਾ ਦੇ ਤਜਰਬੇ ਵੀ ਕੀਤੇ ਹਨ ਅਤੇ ਸ਼ਾਇਰੀ ਨੂੰ ਗੀਤ ਦੇ ਕਰੀਬ ਲਿਆਇਆ ਹਾਂ। ਇਹ ਜ਼ੁਬਾਨ ਲੋਕਾਂ ਦੀ ਸਮਝ ਵਿਚ ਆਈ ਅਤੇ ਉਨ੍ਹਾਂ ਨੇ ਮੈਨੂੰ ਦਾਦ ਵੀ ਦਿੱਤੀ। ਆਪਣੀ ਸ਼ਾਇਰੀ ਦੇ ਰਾਹੀਂ ਵੱਖ-ਵੱਖ ਵਿਸ਼ਿਆਂ ਬਾਰੇ ਮੈਂ ਸਿੱਕੇ ਬੰਦ ਸ਼ਾਇਰਾਂ ਤੋਂ ਵੱਧ ਚੰਗੇ ਅੰਦਾਜ਼ ਵਿਚ ਗੱਲ ਕੀਤੀ। ਇਸੇ ਲਈ ਮਾਦਰੇ-ਮਿੱਲਤ ਦੇ ਜਲਸਿਆਂ ਵਿਚ ਉਸ ਦੀ ਤਕਰੀਰ ਦੇ ਬਾਅਦ ਇਹ ਆਵਾਜ਼ ਲੱਗਦੀ ਸੀ ... "ਹਬੀਬ ਜਾਲਿਬ... ਹਬੀਬ ਜਾਲਿਬ" ਤੇ ਮੈਂ ਹੱਥ ਬੰਨ੍ਹ ਕੇ ਖੜ੍ਹਾ ਹੋ ਜਾਂਦਾ ਸੀ ਕਿ ਮਾਦਰੇ ਮਿੱਲਤ (ਜਿਨਾਹ ਦੀ ਭੈਣ) ਦੀ ਤਕਰੀਰ ਦਾ ਬਾਅਦ ਜਲਸਾ ਖ਼ਤਮ ਹੈ। ਮੈਂ ਉਨ੍ਹਾਂ ਦੇ ਪਿੱਛੋਂ ਹੁਣ ਕੁਝ ਨਹੀਂ ਸੁਣਾਵਾਂਗਾ। ਫੈਜ਼ ਸਾਹਿਬ ਮੈਨੂੰ ਅਵਾਮੀ ਸ਼ਾਇਰ ਦਾ ਜੋ ਲਕਬ ਦੇ ਗਏ ਹਨ, ਉਹ ਮੇਰੇ ਨਾਮ ਦਾ ਇਕ ਜ਼ਰੂਰੀ ਹਿੱਸਾ ਬਣ ਚੁੱਕਾ ਹੈ। ਮੈਂ ਇਕ ਕਵਿਤਾ ਲਿਖੀ ਸੀ-

ਫਰੰਗੀ ਕਾ ਜੋ ਮੈਂ ਦਰਬਾਨ ਹੋਤਾ
ਤੋ ਜੀਨਾ ਕਿਸ ਕਦਰ ਆਸਾਨ ਹੋਤਾ
ਮੇਰੇ ਬੱਚੇ ਭੀ ਅਮਰੀਕਾ ਮੇਂ ਪੜ੍ਹਤੇ
ਮੈਂ ਹਰ ਗਰਮੀ ਮੇਂ ਇੰਗਲਿਸਤਾਨ ਹੋਤਾ
ਮੇਰੀ ਇੰਗਲਿਸ਼ ਬਲਾ ਕੀ ਚੁਸਤ ਹੋਤੀ,
ਬਲਾ ਸੇ ਜੋ ਨਾ ਉਰਦੂਦਾਨ ਹੋਤਾ
ਝੁਕਾ ਕੇ ਸਰ ਕੋ ਹੋ ਜਾਤਾ ਜੋ ਸਰ ਮੈਂ
ਤੋ ਲੀਡਰ ਭੀ ਅਜ਼ੀਮੁਲ-ਸ਼ਾਨ ਹੋਤਾ।
ਜ਼ਮੀਨੇਂ ਮੇਰੀ ਹਰ ਸੂਬੇ ਮੇਂ ਹੋਤੀ
ਮੈਂ ਵਾ-ਅੱਲਾ ਸਦਕੇ ਪਾਕਿਸਤਾਨ ਹੋਤਾ।

ਸੱਯਦ ਮੁਹੰਮਦ ਜਾਫ਼ਰੀ, ਵਿਅੰਗ ਤੇ ਹਾਸ-ਰਸ ਦੇ ਹਵਾਲੇ ਨਾਲ ਆਪਣੇ ਦੌਰ ਦਾ



ਬੜਾ ਮਕਬੂਲ ਸ਼ਾਇਰ ਸੀ। ਵਿਅੰਗਮਈ ਸ਼ਾਇਰ ਅਕਬਰ ਇਲਾਹਾਬਾਦੀ ਦੇ ਪਿੱਛੋਂ ਉਸਨੂੰ ਇਹ ਉੱਚਾ ਰੁਤਬਾ ਮਿਲਿਆ ਸੀ। ਸ਼ੌਕਤ ਥਾਨਵੀ ਅਤੇ ਜ਼ਹੀਰ ਜਬਲਪੁਰੀ ਇਸ ਦੇ ਮੁਕਾਬਲੇ ਵਿਚ ਨਹੀਂ ਆਉਂਦੇ ਸਨ। ਸਰ ਸੱਯਦ ਗਰਲਜ਼ ਕਾਲਜ ਕਰਾਚੀ ਵਿਚ ਇਕ ਕਵੀ ਦਰਬਾਰ ਸੀ, ਜਿੱਥੇ ਫੈਜ਼ ਸਾਹਿਬ ਪ੍ਰਿੰਸੀਪਲ ਹੁੰਦੇ ਸਨ। ਇਸ ਮੁਸ਼ਾਹਿਰੇ ਵਿਚ ਵਿਦਿਆਰਥੀਆਂ ਵਲੋਂ ਮੇਰੇ ਲਈ ਬਾਰ-ਬਾਰ ਫਰਮਾਇਸ਼ਾਂ ਆ ਰਹੀਆਂ ਸਨ ਕਿ "ਉਹ ਨਜ਼ਮ ਸੁਣਾਓ" ਮੈਂ ਇਹਨਾਂ ਵੱਡੇ ਸ਼ਾਇਰਾਂ ਦੀ ਹਾਜ਼ਰੀ ਵਿਚ ਇਕ ਲੋਕ-ਕਵੀ ਦੀ ਹੈਸੀਅਤ ਵਿਚ ਉਭਰ ਰਿਹਾ ਸੀ ਤੇ ਮੈਨੂੰ ਲੋਕਾਂ ਵਲੋਂ ਹਰਮਨ ਪਿਆਰੇ ਕਵੀ ਵਜੋਂ ਸਥਾਨ ਪ੍ਰਾਪਤ ਹੋ ਚੁੱਕਾ ਸੀ। ਉੱਥੇ ਮੈਨੂੰ ਸਰ ਸੱਯਦ ਜਾਫਰੀ ਨੇ ਵੀ ਆਖਿਆ ਸੀ ਕਿ ਆਪ ਤਾਂ ਅਵਾਮੀਂ ਕਵੀ ਹੋ ਗਏ ਹੋ। •

## 11. ਮਿੱਟੀ ਦੀ ਠੰਡਕ

ਮੇਰੇ ਕੋਲ ਬੀ-ਕਲਾਸ ਵੀਜ਼ਾ ਸੀ। ਮੈਂ ਜਦੋਂ ਉਥੇ ਮੁਸ਼ਹਿਰੇ ਵਿਚ ਜਾਂਦਾ ਸੀ ਤਾਂ ਮੇਰੇ ਕੋਲ ਇਕ ਬੈਗ ਹੁੰਦਾ ਸੀ। ਸਾਮਾਨ ਆਦਿ ਕੋਈ ਨਹੀਂ ਸੀ। ਆਉਂਦੇ ਹੋਏ ਵੀ ਕੋਈ ਸਾਮਾਨ ਨਹੀਂ ਸੀ। ਓਧਰ ਵਾਲੇ ਲੋਕ ਸਮਝਦੇ ਸਨ ਕਿ ਇਹ ਕੋਈ ਦਰਵੇਸ਼ ਆਦਮੀ ਹੈ। ਨਾ ਕੁਝ ਲਿਆਉਂਦਾ ਹੈ, ਨਾ ਲੈ ਕੇ ਜਾਂਦਾ ਹੈ। ਮੇਰੇ ਕੋਲ ਕੋਈ ਕਿਤਾਬਾਂ ਜਾਂ ਸੰਦੂਕ ਵੀ ਨਹੀਂ ਹੁੰਦਾ ਸੀ। ਦਿੱਲੀ ਵਿਚ ਮੇਰਾ ਇਕ ਦੋਸਤ ਅਮੀਰ ਦਹਿਲਵੀ ਰਹਿੰਦਾ ਹੈ, ਜੋ ਹੋਟਲ ਦੇ ਮਾਲਕਾਂ ਵਿਚੋਂ ਹੈ। ਅਮੀਰ ਦਹਿਲਵੀ ਮੇਰਾ ਜਮਾਤੀ ਸੀ। ਅਸੀਂ ਛੇਵੀਂ ਜਮਾਤ ਵਿਚ ਇਕੱਠੇ ਪੜ੍ਹਦੇ ਹੁੰਦੇ ਸੀ। ਉਸਨੇ ਵੀ ਮੇਰੇ ਮਾਣ ਵਿਚ ਇਕ-ਦੋ ਬੈਠਕਾਂ ਦਾ ਪ੍ਰਬੰਧ ਕੀਤਾ ਸੀ। ਇਕ ਕਵੀ ਦਰਬਾਰ ਅੰਮ੍ਰਿਤਸਰ ਵਿਚ ਵੀ ਸੀ। ਗੋਪੀ ਚੰਦ ਨਾਰੰਗ ਨੇ ਮੈਨੂੰ ਕਿਹਾ ਸੀ ਕਿ ਆਪ ਨੂੰ ਉਥੇ ਜਾਣਾ ਚਾਹੀਦਾ ਹੈ। ਮੈਂ ਆਖਿਆ ਕਿ ਉਹ ਮੁਆਵਜ਼ਾ ਬਹੁਤ ਥੋੜ੍ਹਾ ਦਿੰਦੇ ਹਨ। ਮੈਂ ਇਸਨੂੰ ਇੱਜ਼ਤ ਵਧਾਉਣਾ ਨਹੀਂ ਸਮਝਦਾ। ਮੈਂ ਤੇ ਪਾਕਿਸਤਾਨ ਜਾ ਰਿਹਾ ਹਾਂ। ਕਿਉਂਕਿ ਮੇਰੇ ਪਿਤਾ ਦਾ ਖ਼ਤ ਆਇਆ ਹੈ। ਮੇਰੇ ਪਿਤਾ ਸੂਫ਼ੀ ਅਨਾਇਤ ਅੱਲਾ (ਸਵਰਗੀ) ਬਹੁਤ ਸਾਦਾ ਆਦਮੀ ਸਨ। ਉਨ੍ਹਾਂ ਨੇ ਮੈਨੂੰ ਇਕ ਸਾਦਾ ਕਾਰਡ ਪਾਇਆ ਸੀ ਕਿ ਘਰ ਦੇ ਹਾਲਾਤ ਠੀਕ ਨਹੀਂ। ਉਹਨਾਂ ਨੇ ਸਾਰੇ ਹਾਲਾਤ ਸਾਫ਼-ਸਾਫ਼ ਪੋਸਟ ਕਾਰਡ ਉੱਤੇ ਲਿਖ ਦਿੱਤੇ ਸਨ। ਵਾਲਦ ਸਾਹਿਬ ਇਕ ਸ਼ਰੀਫ ਇਨਸਾਨ ਸਨ। ਮੈਂ ਉਹ ਵੇਖਿਆ ਤੇ ਤੁਰ ਪਿਆ।

ਜਲੰਧਰ ਸਟੇਸ਼ਨ ਆਇਆ ਤੇ ਉਥੇ ਗੱਡੀ ਨੇ ਇਕ ਘੰਟਾ ਰੁਕਣਾ ਸੀ। ਮੈਂ ਸਟੇਸ਼ਨ ਤੋਂ ਬਾਹਰ ਆ ਗਿਆ। ਉਥੇ ਮੋਟਰਾਂ ਖਲੋਤੀਆਂ ਸਨ ਤੇ ਆਵਾਜ਼ਾਂ ਦੇ ਰਹੀਆਂ ਸਨ। "ਟਾਂਡਾ, ਟਾਂਡਾ, ਟਾਂਡਾ" ਇਹ ਉਹ ਕਸਬਾ ਸੀ ਜਿੱਥੇ ਮੇਰੇ ਭਾਈ ਸਾਹਿਬ ਮੁਸਤਾਕ ਨੇ ਮੈਨੂੰ ਜਾਣ ਲਈ ਕਿਹਾ ਸੀ। ਮੇਰੇ ਪਾਸ ਕਿਉਂਕਿ ਬੀ-ਕਲਾਸ ਵੀਜ਼ਾ ਸੀ। ਸਿਰਫ਼ 24 ਘੰਟੇ ਹੀ ਏਥੇ ਰੁਕ ਸਕਦਾ ਸੀ। ਮੈਥੋਂ ਰਿਹਾ ਨਾ ਗਿਆ। ਤੇ ਮੈਂ ਟਾਂਡੇ ਜਾਣ ਵਾਲੀ ਬੱਸ ਵਿਚ ਸਵਾਰ ਹੋ ਗਿਆ। ਅਮੀਰ ਦਹਿਲਵੀ ਨੇ ਮੈਨੂੰ ਪਜਾਮਾ, ਕੁੜਤਾ, ਸ਼ੇਰਵਾਨੀ ਅਤੇ ਚੱਪਲ ਦਿੱਤੀ ਸੀ, ਜੋ ਮੈਂ ਪਹਿਨੀ ਹੋਈ ਸੀ। ਮੈਂ ਭਾਰਤੀ ਲਿਬਾਸ ਵਿਚ ਭਾਰਤੀ ਹੀ ਲੱਗ ਰਿਹਾ ਸੀ। ਲੋਕ ਮੈਨੂੰ ਪਛਾਣ

ਨਹੀਂ ਸਕਦੇ ਸਨ।

ਮੈਂ ਟਾਂਡੇ ਉਤਰ ਗਿਆ, ਉਥੋਂ ਮੇਰਾ ਪਿੰਡ ਮਿਆਣੀ ਅਫ਼ਗਾਨਾਂ ਸਾਢੇ ਤਿੰਨ ਮੀਲ ਦੇ ਫਾਸਲੇ ਉੱਤੇ ਸੀ। ਪੱਕੀ ਸੜਕ ਬਣ ਚੁੱਕੀ ਸੀ। ਮੇਰੇ ਬਚਪਨ ਵਿਚ ਉਥੇ ਕੱਚਾ ਰਸਤਾ ਹੁੰਦਾ ਸੀ। ਜਿਸ ਉੱਤੇ ਤੁਰਨ ਦਾ ਵੱਖਰਾ ਹੀ ਸਵਾਦ ਹੁੰਦਾ ਸੀ। ਜਦੋਂ ਅਸੀਂ ਗਰਮੀਆਂ ਵਿਚ ਨੰਗੇ ਪੈਰੀਂ ਚੱਲਦੇ ਸੀ ਤੇ ਇਸ ਮਿੱਟੀ ਦੀ ਠੰਡਕ ਵੀ ਬਹੁਤ ਚੰਗੀ ਲੱਗਦੀ ਸੀ। ਦੋਹੀਂ ਪਾਸੀਂ ਰੁੱਖ ਹੁੰਦੇ ਸੀ। ਉਨ੍ਹਾਂ ਦੀ ਛਾਂ ਸੀ ਪਰ ਕੱਚਾ ਰਾਹ ਹੁਣ ਪੱਕੀ ਸੜਕ ਬਣ ਚੁੱਕਾ ਸੀ। ਮੈਂ ਸਾਈਕਲ ਰਿਕਸ਼ੇ ਵਿਚ ਬੈਠਾ ਹੋਇਆ ਸੀ। ਜਿਸਨੂੰ ਇਕ ਸਰਦਾਰ ਚਲਾ ਰਿਹਾ ਸੀ। ਉਸਨੇ ਮੈਨੂੰ ਮੇਰੇ ਕਸਬੇ ਲਾਗੇ ਝਟਕਈ ਲਾਗੇ ਲਾਹ ਦਿੱਤਾ। ਉਥੋਂ ਮੈਂ ਪੈਦਲ ਹੀ ਪਿੰਡ ਵੱਲ ਨੂੰ ਤੁਰ ਪਿਆ। ਪਿੰਡ ਦਾ ਨਕਸ਼ਾ ਮੇਰੇ ਦਿਮਾਗ ਵਿਚ ਸੀ। ਪਠਾਣਾਂ ਦੇ ਘਰ ਸਨ। ਉਨ੍ਹਾਂ ਦੇ ਦਰਵਾਜ਼ੇ ਖੁੱਲੇ ਹੋਏ ਸਨ। ਇਸਤਰੀਆਂ ਆਪਣੇ ਰਿਵਾਜ਼ ਅਨੁਸਾਰ ਬਾਹਰ ਬੈਠੀਆਂ ਚਰਖੇ ਕੱਤ ਰਹੀਆਂ ਸਨ। ਸਭ ਮਿਲ-ਜੁਲ ਕੇ ਬੈਠਦੀਆਂ ਸਨ। ਕੋਈ ਰੋਕ ਜਾਂ ਪਰਦਾ ਨਹੀਂ ਹੁੰਦਾ ਸੀ। ਇਹ ਸਾਡੀ ਰਵਾਇਤ ਜਾਂ ਸਭਿਆਚਾਰ ਸੀ। ਪਰ ਮੈਂ ਵੇਖਿਆ ਕਿ ਇਸ ਸਭਿਆਚਾਰ ਦੀਆਂ ਸਭ ਨਿਸ਼ਾਨੀਆਂ ਮਿਟ ਚੁੱਕੀਆਂ ਸਨ। ਉਹ ਨਦੀ ਵੀ ਸੁੱਕ ਗਈ ਸੀ, ਜਿਸਦਾ ਮੈਂ ਜ਼ਿਕਰ ਕੀਤਾ ਹੈ। ਉਸ ਉਤਲਾ ਪੱਕਾ ਪੁਲ ਕਾਇਮ ਸੀ। ਇਕ ਖਜੂਰ ਦਾ ਰੁੱਖ ਹੁੰਦਾ ਸੀ, ਜੋ ਹੁਣ ਨਹੀਂ ਰਿਹਾ ਸੀ। ਮੈਂ ਜਦ ਆਪਣੀ ਨਾਨੀ ਨਾਲ, ਆਜ਼ਾਰ-ਬੰਦ ਵੇਖਣ ਜਾਂਦਾ ਹੁੰਦਾ ਸੀ ਤਾਂ ਨਾਨੀ ਇਸ ਖਜੂਰ ਦੇ ਰੁੱਖ ਬਾਰੇ ਕੋਈ ਕਹਾਣੀ ਸੁਣਾਇਆ ਕਰਦੀ ਸੀ। ਕਿਉਂਕਿ ਉਸਨੂੰ ਕਹਾਣੀਆਂ ਘੜਨ ਦਾ ਢੰਗ ਆਉਂਦਾ ਸੀ ਤੇ ਇਹਨਾਂ ਨੂੰ ਸੁਣਾਉਣ ਦਾ ਢੰਗ ਵੀ ਉਸਦਾ ਆਪਣਾ ਹੀ ਹੁੰਦਾ ਸੀ। ਨਾਨੀ ਨੇ ਇਸ ਖਜੂਰ ਦੇ ਦਰੱਖਤ ਦੇ ਬਾਰੇ ਇਹ ਦੱਸਿਆ ਹੋਇਆ ਸੀ ਕਿ ਏਥੇ ਇਕ ਸੱਪ ਰਹਿੰਦਾ ਸੀ ਤੇ ਉਹ ਉਸ ਬਾਰੇ ਲੰਮੀ ਕਹਾਣੀ ਸੁਣਾਉਂਦੀ ਹੁੰਦੀ ਸੀ।

ਜਦੋਂ ਵੀ ਉਹ ਦਰੱਖਤ ਆਉਂਦਾ ਸੀ ਤਾਂ ਮੈਂ ਡਰ ਜਾਂਦਾ ਸੀ ਤੇ ਮੇਰੀ ਨਾਨੀ ਇਕ ਖ਼ਾਸ ਦੁਆ ਪੜ੍ਹ ਕੇ ਮੇਰੇ ਸਿਰ ਤੇ ਫੂਕ ਮਾਰਦੀ ਸੀ ਤੇ ਅਸੀਂ ਉਥੋਂ ਦੀ ਸੁਰੱਖਿਅਤ ਲੰਘ ਜਾਂਦੇ ਹੁੰਦੇ ਸੀ। ਹੁਣ ਉਹ ਨਿਸ਼ਾਨ ਨਹੀਂ ਸਨ ਰਹੇ। ਮਜ਼ਾਰ ਸੀ, ਕਬਰਸਤਾਨ ਸੀ। ਇਕ ਖ਼ਾਸ ਜਗ੍ਹਾ ਨੂੰ "ਬੰਨਾ" ਕਹਿੰਦੇ ਹੁੰਦੇ ਸੀ। ਜਿਹੜੇ ਦਰੱਖਤ ਹੁੰਦੇ ਸੀ, ਉਨ੍ਹਾਂ ਨੂੰ ਕੱਟ ਕੇ ਕਬਰ ਪੁੱਟੀਦੀ ਸੀ। ਇਸ ਵਿਚ ਸ਼ਤੀਰ ਲਾਉਂਦੇ ਸੀ। ਹੁਣ ਉਹ ਜਗ੍ਹਾ ਵੀ ਨਹੀਂ ਸੀ। ਇਸ ਦੀ ਥਾਂ ਆਬਾਦੀ ਬਣ ਗਈ ਸੀ। ਮੈਂ ਉਥੋਂ ਦੀ ਹੁੰਦਾ ਹੋਇਆ, ਇੱਕ ਗਲੀ ਵਿਚ ਦੀ ਲੰਘ ਇੱਕ ਸੁਨਿਆਰੇ ਦੀ ਦੁਕਾਨ ਤੇ ਪਹੁੰਚ ਗਿਆ। ਜਿਸਦਾ ਲੜਕਾ ਮਹਿਕ ਰਾਮ ਸੀ। ਉਹ ਮੇਰੇ ਭਰਾ ਮੁਸ਼ਤਾਕ ਦਾ ਜਮਾਤੀ ਹੁੰਦਾ ਸੀ। ਮੈਂ ਉਸਨੂੰ ਆਵਾਜ਼ ਮਾਰੀ। ਉੱਪਰ ਤੋਂ ਆਵਾਜ਼ ਆਈ, "ਕੌਣ ਹੈ" ਮੈਂ ਆਖਿਆ "ਹੇਠਾਂ ਆਓ" ਉਹ ਆਇਆ ਤੇ ਆ ਕੇ ਕਹਿਣ ਲੱਗਾ, "ਮਹਾਰਾਜ ਮੈਂ ਆਪ ਨੂੰ ਪਛਾਣਿਆ ਨਹੀਂ।" ਮੈਂ ਆਖਿਆ ਮੈਂ ਮੁਸ਼ਤਾਕ ਦਾ ਭਰਾ ਹਬੀਬ ਹਾਂ। ਉਸਨੇ ਮੈਨੂੰ ਪਛਾਣ ਲਿਆ ਅਤੇ ਆਖਿਆ, "ਓਏ ਹਬੀਬ ਤੂੰ ਇਥੇ ਕਿਵੇਂ ਪਹੁੰਚ ਗਿਆ।" ਉਹ ਮੇਰੇ ਨਾਲ



ਲਿਪਟ ਗਿਆ ਪਰ ਫਿਰ ਕੁਝ ਡਰ ਵੀ ਗਿਆ ਤੇ ਮੈਨੂੰ ਅੰਦਰ ਲੈ ਗਿਆ। ਉਸਦੀ ਹਾਲਤ ਕੁਝ ਬਿਹਤਰ ਨਹੀਂ ਸੀ। ਉਹ ਮੱਧ-ਸ਼੍ਰੇਣੀ ਦੇ ਸਨ। ਉਸਨੇ ਮੈਨੂੰ ਚਾਹ ਪਿਆਈ। ਮੈਂ ਉਸਨੂੰ ਕਿਹਾ, "ਕਿ ਤੂੰ ਕੁਝ ਡਰ ਗਿਆ ਹੈ। ਡਰ ਨਾ। ਮੇਰੇ ਕੋਲ ਪਾਸਪੋਰਟ ਤੇ ਵੀਜ਼ਾ ਹੈ। ਮੈਂ ਕਵੀ ਬਣ ਗਿਆ ਹਾਂ ਤੇ ਤੁਹਾਡੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਆਪਣਾ ਕਲਾਮ ਸੁਣਾ ਕੇ ਆ ਰਿਹਾ ਹਾਂ। ਡੀ. ਸੀ. ਕੰਵਰ ਮਹਿੰਦਰ ਸਿੰਘ ਬੇਦੀ ਮੇਰੇ ਚੰਗੇ ਦੋਸਤ ਹਨ। ਤੂੰ ਐਵੇਂ ਹੀ ਘਬਰਾ ਗਿਆ ਹੈ। ਮੱਤ ਘਬਰਾ। ਤੈਨੂੰ ਕੁਝ ਗਾਉਣ ਦਾ ਸ਼ੌਕ ਹੁੰਦਾ ਸੀ? ਹੁਣ ਭੀ ਹੈ? ਉਸਨੇ ਕਿਹਾ, ਹਾਂ ਹਾਂ। ਮੈਂ ਕਿਹਾ, ਅਸੀਂ ਤੈਨੂੰ ਕਿਸੇ ਸਮਾਗਮ ਤੇ ਪਾਕਿਸਤਾਨ ਬੁਲਾਵਾਂਗੇ ਤੂੰ ਜ਼ਰੂਰ ਆਵੀਂ। ਇਸ ਤਰ੍ਹਾਂ ਮੈਂ ਉਸਦੀ ਢਾਰਸ ਬੰਨਾਈ। ਉਸਨੂੰ ਹੌਂਸਲਾ ਦਿੱਤਾ।

ਮੈਂ ਉਸਨੂੰ ਆਖਿਆ, ਤੂੰ ਮੈਨੂੰ ਮੇਰਾ ਘਰ ਵਿਖਾ ਦੇ।" ਪਰ ਉਸਨੇ ਮੈਨੂੰ ਟਾਲ ਦਿੱਤਾ ਤੇ ਆਖਣ ਲੱਗਾ, "ਕਦੇ ਇਕੱਠੇ ਹੋ ਕੇ ਆਉਣਾ ਤਾਂ ਆਪਣਾ ਘਰ ਵੇਖ ਲੈਣਾ। ਉਸਨੇ ਮੇਰਾ ਹੀ ਘਰ ਨਹੀਂ ਵਿਖਾਲਿਆ। ਮੈਂ ਉਸਨੂੰ ਆਪਣੇ ਦਾਦੇ ਦੇ ਬਾਰੇ ਪੁੱਛਿਆ, ਜਿਸਨੂੰ ਸਾਰੇ ਲੋਕ ਤਾਇਆ ਤਾਇਆ ਕਹਿੰਦੇ ਹੁੰਦੇ ਸਨ। ਉਸਨੇ ਕਿਹਾ ਸੀ ਕਿ ਮੇਰਾ ਕੀ ਹੈ, ਕਿਸੇ ਮਸਜਦ ਵਿਚ ਨਿਮਾਜ਼ ਪੜ੍ਹ ਲਿਆ ਕਰਾਂਗਾ। ਮਕਾਨ ਖਾਸਾ ਵੱਡਾ ਸੀ। ਸਾਡੇ ਘਰ ਵਿਚ ਖੂਹੀ ਵੀ ਸੀ ਤੇ ਇੱਕ ਛੋਟੀ ਜਿਹੀ ਬਗੀਚੀ ਵੀ ਸੀ। ਗਾਂ, ਮੱਝ ਤੇ ਘੋੜੇ ਬੰਨ੍ਹਣ ਲਈ ਜਗ੍ਹਾ ਵੀ ਸੀ। ਮੁਹੱਲੇ ਭਰ ਦੀਆਂ ਔਰਤਾਂ ਸਾਡੇ ਘਰ ਪਾਣੀ ਭਰਨ ਲਈ ਆਉਂਦੀਆਂ ਸਨ। ਉਸਨੇ ਆਖਿਆ ਸੀ ਮੈਂ ਏਥੇ ਹੀ ਰਹਾਂਗਾ ਤੇ ਜ਼ਿੰਦਗੀ ਲੰਘ ਜਾਵੇਗੀ।"

ਮੇਰਾ ਦਾਦਾ ਗਾਈਡ ਵੀ ਸੀ। ਖਾਣੇ ਤੇ ਕੇਕ ਆਦਿ ਵੀ ਬਣਾ ਲੈਂਦਾ ਸੀ। ਜਿਹੜਾ ਕੋਈ ਵੱਡਾ ਆਦਮੀ ਆਉਂਦਾ ਸੀ, ਉਸਨੂੰ ਘੁੰਮਾ-ਫਿਰਾ ਲਿਆਉਂਦਾ ਸੀ। ਪੂਰਾ ਹਿੰਦੁਸਤਾਨ ਵਿਖਾਉਂਦਾ ਸੀ। ਵੱਡੇ ਆਦਮੀਆਂ ਨਾਲ ਸੰਬੰਧ ਹੋਣ ਕਰਕੇ ਉਸਦਾ ਚੰਗਾ ਦਬਦਬਾ ਸੀ। ਖ਼ੁਦ ਵੀ ਉਸਨੂੰ ਖਾਣ-ਪੀਣ ਦਾ ਸ਼ੌਕ ਸੀ। ਅਰਥਾਤ ਉਹ ਪੈੱਗ ਵੀ ਮਾਰ ਲੈਂਦਾ ਸੀ। ਇਥੇ ਪਾਕਿਸਤਾਨ ਵਿਚ ਕਿਸੇ ਨੇ ਸਾਨੂੰ ਦੱਸਿਆ ਸੀ ਕਿ ਕਿਸੇ ਨੇ ਤੁਹਾਡੇ ਉਸ ਮਕਾਨ ਉੱਤੇ ਕਬਜ਼ਾ ਕਰ ਲਿਆ ਸੀ। ਉਹ ਕਬਜ਼ਾ ਕੁਦਰਤੀ ਵੀ ਸੀ, ਕਿਉਂਕਿ ਇਥੇ ਸਾਡੇ ਵੀ ਮਕਾਨਾਂ ਉੱਤੇ ਭਾਰਤ ਤੋਂ ਆਏ ਹੋਏ ਸ਼ਰਨਾਰਥੀਆਂ ਨੇ ਕਬਜ਼ੇ ਕੀਤੇ ਹਨ। ਇਕ ਅਫਵਾਹ ਮੈਂ ਇਹ ਵੀ ਸੁਣੀ ਸੀ ਕਿ ਕਬਜ਼ੇ ਕਰਨ ਸਮੇਂ ਮੇਰੇ ਦਾਦਾ ਨੂੰ ਕਤਲ ਕਰ ਦਿੱਤਾ ਗਿਆ ਸੀ। ਵੰਡ ਵੇਲੇ ਨਫ਼ਰਤ ਅਤੇ ਬਦਲਾ ਭਾਰੂ ਹੋ ਗਿਆ ਸੀ। ਦੁਨੀਆਂ ਹੋਸ਼ੋ-ਹਵਾਸ ਗੁਆ ਬੈਠੀ ਸੀ। ਲੋਕ ਪਾਗਲ ਹੋ ਗਏ ਸਨ। ਇਨਸਾਨੀਅਤ ਹਾਰ ਚੁੱਕੀ ਸੀ ਅਤੇ ਨੇਕ ਅਹਿਸਾਸ ਖ਼ਤਮ ਹੋ ਚੁੱਕੇ ਸਨ। ਜਦੋਂ ਮੈਂ ਮਹਿਕ ਰਾਮ ਨੂੰ ਪੁੱਛਿਆਕਿ ਮੇਰੇ ਦਾਦੇ ਦਾ ਕੀ ਬਣਿਆ? ਉਹ ਜਿਉਂਦੇ ਹਨ ਕਿ ਮਰ ਗਏ ਹਨ? ਤਾਂ ਉਸਨੇ ਕੋਈ ਜਵਾਬ ਨਹੀਂ ਦਿੱਤਾ। ਬੱਸ ਐਨਾ ਹੀ ਕਿਹਾ, "ਫਿਰ ਦੱਸਾਂਗੇ।" ਕਿਉਂਕਿ ਇੱਥੇ ਸਿੱਖਾਂ ਦਾ ਦਬਦਬਾ ਵੱਧ ਚੁੱਕਾ ਸੀ ਅਤੇ ਉਹ ਹਿੰਦੂ ਸੀ। ਇਸ

ਲਈ ਉਹ ਕੋਈ ਗੱਲ ਦੱਸਣ ਤੋਂ ਝਿਜਕ ਰਿਹਾ ਸੀ, ਡਰਦਾ ਸੀ। ਇਸ ਲਈ ਉਸਨੇ ਮੈਨੂੰ ਮੇਰਾ ਘਰ ਵੀ ਨਹੀਂ ਵਿਖਾਇਆ।

ਵਾਪਸ ਆਉਂਦੇ ਹੋਏ ਉਸਨੇ ਮੇਰਾਂ ਛੋਟਾ ਜਿਹਾ ਬੈਗ ਉਠਾ ਲਿਆ ਅਤੇ ਮੈਨੂੰ ਬੁੱਚੜਖਾਨੇ ਦੇ ਨੇੜੇ ਸਾਈਕਲ ਰਿਕਸ਼ੇ ਵਿਚ ਬਿਠਾ ਦਿੱਤਾ। ਕਿਸੇ ਨੇ ਮੈਨੂੰ ਪਛਾਣਿਆ ਨਹੀਂ। ਮੇਰੀ ਗੱਲਬਾਤ ਤੋਂ ਇਹੀ ਲੱਗਦਾ ਸੀ ਕਿ ਮੈਂ ਭਾਰਤ ਦਾ ਹੀ ਸ਼ਹਿਰੀ ਹਾਂ। ਮੈਂ ਦੁਬਾਰਾ ਟਾਂਡਾ ਅੱਡੇ ਤੇ ਪਹੁੰਚ ਗਿਆ ਤੇ ਜਲੰਧਰ ਤੋਂ ਗੱਡੀ ਵਿਚ ਬੈਠ ਕੇ ਪਾਕਿਸਤਾਨ ਪਹੁੰਚ ਗਿਆ। ਇਸ ਤਰ੍ਹਾਂ ਮੈਂ ਆਪਣੇ ਪਿੰਡ ਨੂੰ ਅੱਧੇ ਤੋਂ ਵੀ ਘੱਟ ਦੇਖ ਸਕਿਆ।

ਸਭ ਸਿਆਸੀ ਗੱਲਾਂ ਨੂੰ ਪਾਸੇ ਰੱਖ ਕੇ ਘਰ ਦੀ ਯਾਦ ਭੁਲਾਇਆ ਨਹੀਂ ਭੁੱਲਦੀ। ਆਦਮੀ ਜਿੱਥੇ ਪੈਦਾ ਹੁੰਦਾ ਹੈ, ਉਸਦੀ ਜਨਮ-ਭੂਮੀ ਉਸਦਾ ਪਿੱਛਾ ਕਰਦੀ ਰਹਿੰਦੀ ਹੈ। ਛੱਡੀ ਹੋਈ ਜਗ੍ਹਾ ਨੂੰ ਅਸੀਂ ਕਿਵੇਂ ਭੁੱਲ ਸਕਦੇ ਹਾਂ। ਉਹ ਬਾਰ-ਬਾਰ ਯਾਦ ਆਉਂਦੀ ਰਹਿੰਦੀ ਹੈ। •

## 12. ਲੋਕ-ਰਾਜ ਦਾ ਸੰਘਰਸ਼

I

ਲਾਹੌਰ ਦੀ ਮਾਲ ਰੋਡ ਉੱਤੇ ਇਕ ਵਾਰ ਫੌਜ ਨੇ ਲਾਈਨ ਖਿੱਚ ਦਿੱਤੀ ਕਿ ਏਥੋਂ ਅੱਗੇ ਕੋਈ ਨਾ ਜਾਵੇ, ਨਹੀਂ ਤੇ ਗੋਲੀ ਮਾਰ ਦਿੱਤੀ ਜਾਵੇਗੀ। ਮੈਂ ਤੇ ਹਾਮਦ ਸਰਫਰਾਜ਼ ਨੇ ਉਹ ਰੇਖਾ ਪਾਰ ਕਰਕੇ ਆਪਣੇ ਸੀਨੇ ਫੌਜ ਦੀਆਂ ਸੰਗੀਨਾਂ ਦੇ ਨਾਲ ਜਾ ਲਗਾ ਦਿੱਤੇ ਅਤੇ ਆਖਿਆ, "ਸਾਨੂੰ ਗੋਲੀ ਮਾਰੋ।" ਪਿੱਛੇ ਤੋਂ ਸਾਡੇ ਹਮਦਰਦੀ ਆ ਗਏ। ਫੌਜ ਨਾਲੇ ਸੁਣਨਾ / ਕਹਿਣਾ ਹੋਣ ਲੱਗਿਆ। ਕਮਿਸ਼ਨਰ, ਡਿਪਟੀ ਕਮਿਸ਼ਨਰ, ਆਈ. ਜੀ. ਅਤੇ ਗ੍ਰਹਿ ਸਕੱਤਰ ਵੀ ਪਹੁੰਚ ਗਏ। ਜੇ ਉਸੇ ਦਿਨ ਗੋਲੀ ਚੱਲ ਜਾਂਦੀ ਤਾਂ ਬੜਾ ਲਹੂ ਵੱਗਦਾ। ਇਹ ਪੀ. ਪੀ. ਐਨ. ਦੇ ਸੰਘਰਸ਼ ਦੀ ਘਟਨਾ ਸੀ। ਕਈ ਵਾਰ ਗੋਲੀਆਂ ਚੱਲਦੀਆਂ ਰਹੀਆਂ ਤੇ ਅਸੀਂ ਉਹਨਾਂ ਗੋਲੀਆਂ ਵਿਚਕਾਰ ਆਪਣੇ ਸਫਰ ਪੂਰ ਕਰਦੇ ਰਹੇ। ਮੈਂ ਮੌਤ ਨੂੰ ਬਹੁਤ ਨੇੜਿਓਂ ਦੇਖਿਆ ਹੈ। ਕੁਦਰਤ ਨੇ ਜਿਸ ਤੋਂ ਕੋਈ ਨਾ ਕੋਈ ਕੰਮ ਲੈਣਾ ਹੁੰਦਾ ਹੈ। ਇਸ ਲਈ ਉਹ ਆਦਮੀ ਬਚ ਜਾਂਦਾ ਹੈ। ਮੈਂ ਵੀ ਬਚ ਗਿਆ, ਨਹੀਂ ਤੇ ਜਿਹਨਾਂ ਹਾਲਤਾਂ ਵਿਚੋਂ ਦੀ ਲੰਘ ਰਹੇ ਸੀ, ਉਹ ਜਿਉਂਦੇ ਰਹਿਣ ਵਾਲੀ ਨਹੀਂ ਸੀ।

II

ਪਾਕਿਸਤਾਨ ਕਾ ਮਤਲਬ ਕਿਆ?

ਸਾਂਝਾ ਮੋਰਚਾ ਬਣ ਗਿਆ ਤੇ ਅਸੀਂ ਵੀ ਉਸਦੇ ਅਧੀਨ ਹੋ ਗਏ। ਓਧਰ ਜਮਾਇਤੇ ਇਸਲਾਮੀ ਵਿਚ ਇਹ ਨਾਹਰਾ ਲੱਗਦਾ ਰਿਹਾ। "ਪਾਕਿਸਤਾਨ ਕਾ ਮਤਲਬ ਕਿਆ? ਲਾਇਲਾ-ਲਾ-ਅੱਲਾ" ਮੈਨੂੰ ਯਾਦ ਆ ਰਿਹਾ ਹੈ ਕਿ ਸਹੁਰਾਵਰਦੀ ਸਾਹਿਬ ਦੇ ਸਕੱਤਰ ਆਫਤਾਬ ਸਨ। ਉਸਦੀ ਬੇਗਮ ਵੀ ਇੱਕ ਵਾਰ ਜਲੂਸ ਵਿਚ ਸਨ। ਬੜੀ ਨਾਜ਼ੁਕ ਤੇ



ਖ਼ੂਬਸੂਰਤ ਜਿਹੀ। ਅਸੀਂ ਵੀ ਨਾਲ-ਨਾਲ ਚੱਲ ਰਹੇ ਸੀ।

ਜਦ ਉਹਨਾਂ ਨੇ ਕਿਹਾ ਕਿ ਇਕ ਸ਼ਖ਼ਸ ਇੱਕੋ ਹੀ ਨਾਹਰਾ ਲਾ ਰਿਹਾ ਹੈ। ਪਾਕਿਸਤਾਨ ਦਾ ਮਤਲਬ ਕਿਹਾ, ਲਾ-ਇਲਾ-ਲਾ।" ਉਹ ਬੋਲੀ ਕਿ ਪਾਕਿਸਤਾਨ ਦਾ ਮਤਲਬ ਕੀ ਦੇ ਬਿਨਾਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ, ਮਸਲੇ ਹਨ, ਜਿਹਨਾਂ ਨੂੰ ਨਾਅਰਾ ਬਣਨਾ ਚਾਹੀਦਾ ਹੈ। ਮਿਸਾਲ ਵਜੋਂ ਕੋਈ ਆਦਮੀ ਜਵਾਬ ਵਿਚ ਕਹੇ ਕਿ ਇਥੇ ਭੁੱਖ ਹੈ, ਨੰਗ ਹੈ, ਗਰੀਬੀ ਹੈ, ਲੋਕ-ਰਾਜ ਨਹੀਂ ਹੈ। ਸਿੱਖਿਆ ਅਤੇ ਇਲਾਜ ਆਦਿ ਮਸਲੇ ਹਨ। ਪਰ ਇਥੇ ਲਗਾਤਾਰ ਇਕ ਹੀ ਨਾਅਰਾ ਲੱਗ ਰਿਹਾ ਹੈ। ਇਸ ਉੱਤੇ ਮੈਂ ਆਖਿਆ, ਬੀਬੀ, ਮੈਂ ਇਕ ਕਵਿਤਾ ਬਣਾਵਾਂਗਾ। ਜੋ ਗੱਲਾਂ ਆਪ ਕਹਿ ਰਹੇ ਹੋ, ਉਹ ਮੈਂ ਨਜ਼ਮ ਵਿਚ ਕਹਾਂਗਾ। ਇਸ ਤਰ੍ਹਾਂ ਇਹ ਕਵਿਤਾ ਬਣ ਗਈ।

ਪਾਕਿਸਤਾਨ ਕਾ ਮਤਲਬ ਕਿਆ?<br>
ਰੋਟੀ, ਕੱਪੜਾ ਔਰ ਦਵਾ<br>
ਘਰ ਰਹਿਨੇ ਕੋ ਛੋਟਾ ਸਾਂ<br>
ਮੁਫਤ ਮੁਝੇ ਤਾਲੀਮ ਦਵਾ<br>
ਮੈਂ ਭੀ ਮੁਸਲਮਾਂ ਹੂੰ ਅੱਲਾ<br>
ਪਾਕਿਸਤਾਨ ਕਾ ਮਤਲਬ ਕਿਆ?

ਖੇਤ ਵਡੇਰੋਂ ਸੇ ਲੇ ਲੋ<br>
ਮਿੱਲੇਂ ਲੁਟੇਰੋਂ ਸੇ ਲੇ ਲੋ<br>
ਮੁਲਕ ਅੰਧੇਰੋਂ ਸੇ ਲੇ ਲੋ<br>
ਰਹੇ ਨਾ ਕੋਈ ਆਲੀ ਜਾ<br>
ਪਾਕਿਸਤਾਨ ਕਾ ਮਤਲਬ ਕਿਆ?

III

ਸਲਾਹਕਾਰ (ਮਸ਼ੀਰ)

ਇਕ ਵਾਰ ਹਫ਼ੀਜ਼ ਜਲੰਧਰੀ ਮੈਨੂੰ ਕਚਹਿਰੀ ਬਾਜ਼ਾਰ ਲਾਇਲਪੁਰ ਵਿਚ ਮਿਲੇ। ਮੈਂ ਉਹਨਾਂ ਨੂੰ ਸਲਾਮ ਅਰਜ਼ ਕੀਤੀ। ਉਹਨਾਂ ਨੇ ਕਿਹਾ, "ਜਲਦੀ ਜਲਦੀ ਗੱਲ ਕਰੋ। ਮੈਂ ਬਹੁਤ ਰੁੱਝਿਆ ਹੋਇਆ ਹਾਂ।" ਮੈਂ ਪੁੱਛਿਆ, "ਹਜ਼ੂਰ ਕੀ ਰੁਝੇਵਾਂ ਹੈ? ਉਸਨੇ ਉਪਰ ਅਸਮਾਨ ਵੱਲ ਇਸ਼ਾਰਾ ਕਰਕੇ ਆਖਿਆ "ਮੈਂ ਉਸਦਾ ਮਸ਼ੀਰ (ਸਲਾਹਕਾਰ) ਹੋ ਗਿਆ ਹਾਂ।" ਮੈਂ ਆਖਿਆ,"ਕੀ ਤੂੰ ਖ਼ੁਦਾ ਦਾ ਮਸ਼ੀਰ ਹੋ ਗਿਆ ਹੈ?" ਕਹਿਣ ਲੱਗਾ, "ਫੀਲਡ ਮਾਰਸ਼ਲ ਮੁਹੰਮਦ ਅਯੂਬ ਖਾਨ ਦਾ ਮਸ਼ੀਰ ਹੋ ਗਿਆ ਹਾਂ। ਉਹ ਕਿਸੇ ਵਕਤ ਵੀ ਮੈਨੂੰ ਬੁਲਾ ਸਕਦੇ ਹਨ। ਰਾਤ ਨੂੰ, ਦਿਨ ਨੂੰ ਅਤੇ ਮੈਨੂੰ ਪੁੱਛਦੇ ਹਨ।" ਹਫ਼ੀਜ਼, ਮੈਂ ਕੀ ਕਰਾਂ? ਤਾਂ ਮੈਂ ਆਯੂਬ ਖਾਂ ਨੂੰ ਅਰਜ਼ ਕਰਦਾ ਹਾਂ ਕਿ ਮੁਸਲਮਾਨ ਡੰਡੇ ਦਾ ਹੀ ਗਾਹਕ ਹੈ। ਇਸ ਉੱਤੇ ਡੰਡਾ ਹੀ ਰੱਖ ਅਤੇ

ਆਹ ਜਿਹੜੇ ਵਕੀਲ ਕਾਨੂੰਨ ਦੀ ਗੱਲ ਕਰਦੇ ਹਨ, ਇਹਨਾਂ ਨੂੰ ਵੀ ਸਖ਼ਤ ਤੋਂ ਸਖ਼ਤ ਸਜ਼ਾ ਦੇ। ਅਤੇ ਇਹ ਜੋ ਵਿਦਿਆਰਥੀ ਯੂਨੀਵਰਸਿਟੀ ਦੇ ਆਰਡੀਨੈਂਸ ਦੇ ਵਿਰੁੱਧ ਜਲੂਸ ਕੱਢਦੇ ਹਨ, ਇਹਨਾਂ ਨੂੰ ਵੀ ਅੰਦਰ ਕਰ ਦੇ। ਇਹ ਸਭ ਡੰਡੇ ਦਾ ਗਾਹਕ ਹਨ।" ਹਫ਼ੀਜ਼ ਜਲੰਧਰੀ ਸਾਹਿਬ ਜਦੋਂ ਇਹ ਫੁਰਮਾ ਰਹੇ ਸਨ ਤਾਂ ਇਕ ਨਜ਼ਮ ਦਾ ਖਾਕਾ ਮੇਰੇ ਦਿਮਾਗ ਵਿਚ ਬਣ ਗਿਆ। ਮੈਂ ਉਸਦਾ ਨਾਂ "ਮਸ਼ੀਰ" ਰੱਖਿਆ।

ਯਿਹ ਜੋ ਦਸ ਕਰੋੜ ਹੈਂ
ਜਹਲ ਕਾ ਨਚੋੜ ਹਾਂ
ਇਨ ਕੀ ਫਿਕਰ ਸੋ ਗਈ
ਹਰ ਉਮੀਦ ਕੀ ਕਿਰਨ
ਜ਼ੁਲਮਤੋਂ ਮੇਂ ਖੋ ਗਈ
ਯਿਹ ਖਬਰ ਦਰੁੱਸਤ ਹੈ
ਇਨ ਕੀ ਮੌਤ ਹੋ ਗਈ
ਬੇਸ਼ਊਰ ਲੋਗ ਹੈਂ
ਜ਼ਿੰਦਗੀ ਕਾ ਰੋਗ ਹੈ
ਔਰ ਤੇਰੇ ਪਾਸ ਹੈ
ਇਨ ਕੇ ਦਰਦ ਕੀ ਦਵਾ।

ਤੂੰ ਖ਼ੁਦਾ ਕਾ ਨੂਰ ਹੈ
ਅਕਲ ਹੈ, ਸ਼ਊਰ ਹੈ
ਕੌਮ ਤੇਰੇ ਸਾਥ ਹੈ
ਤੇਰੇ ਹੀ ਵਜੂਦ ਸੇ
ਮੁਲਕ ਕੀ ਨਜ਼ਾਤ ਹੈ
ਇਨ ਕੀ ਖੇਂਚ ਲੇ ਜ਼ੁਬਾ
ਇਨਕਾ ਘੁੱਟ ਦੇ ਗਲਾ।

IV

**ਬੇਘਰੀ-ਬੇਦਰੀ**

ਬੇਸ਼ੁਮਾਰ ਲੋਕਾਂ ਨਾਲ ਮੇਰੀ ਵਾਕਫੀਅਤ ਸੀ। ਕਈ ਘਰਾਂ ਵਿਚ ਰਿਹਾ ਹਾਂ। ਜ਼ਿੰਦਗੀ ਬੇਘਰੀ ਨਾਲ ਸੰਬੰਧ ਰਹੀ ਹੈ ਅਤੇ ਅਕਸਰ ਰਾਤਾਂ ਵੀਰਾਨ ਲੰਘਦੀਆਂ ਹਨ। ਇਕ ਵਾਰ ਇਕ ਖਾਨਗਾਹ ਦੇ ਪਿਛਵਾੜੇ ਮੈਨੂੰ ਇਕ ਪਈ ਹੋਈ ਰਜਾਈ ਵਿਖਾਲੀ ਦਿੱਤੀ। ਮੇਰੇ ਕੋਲ ਸੌਣ ਲਈ ਕੋਈ ਜਗ੍ਹਾ ਨਹੀਂ ਸੀ। ਮੈਂ ਇਸੇ ਹੀ ਤਲਾਸ਼ ਵਿਚ ਸੀ। ਸਰਦੀ ਬਹੁਤ ਸੀ। ਮੈਂ



ਰਜਾਈ ਵੇਖੀ ਅਤੇ ਉਸ ਵਿਚ ਵੜ ਗਿਆ। ਉਥੇ ਕੋਈ ਔਰਤ ਲੇਟੀ ਹੋਈ ਸੀ। ਉਸਨੇ ਕਿਹਾ, "ਭਾਈ ਤੈਨੂੰ ਸ਼ਰਮ ਨਹੀਂ ਆਉਂਦੀ?" ਮੈਂ ਕਿਹਾ, "ਆਉਂਦੀ ਹੈ।" ਉਥੋਂ ਭੱਜਿਆ ਅਤੇ ਠਰਦਾ ਹੋਇਆ ਇਕ ਮਸਜਦ ਵਿਚ ਜਾ ਵੜਿਆਂ। ਮਸਜਦ ਦੇ ਮੌਲਵੀ ਨੇ ਮੈਨੂੰ ਆਖਿਆ, "ਇਹ ਸੌਣ ਦੀ ਥਾਂ ਨਹੀਂ ਹੈ।" ਮੈਂ ਕਿਹਾ, "ਇਹ ਅੱਲਾ ਦੀ ਜਗ੍ਹਾ ਹੈ।" ਇਹ ਤੇਰੇ ਬਾਪ ਦੀ ਜਗ੍ਹਾ ਨਹੀਂ ਹੈ। ਮੈਂ ਅੱਲਾ ਦਾ ਬੰਦਾ ਹਾਂ ਅਤੇ ਰਾਤ ਇੱਥੇ ਗੁਜ਼ਾਰਨਾ ਚਾਹੁੰਦਾ ਹਾਂ। ਮੈਨੂੰ ਸਰਦੀ ਲੱਗ ਰਹੀ ਹੈ।" ਉਹ ਫਿਰ ਕਹਿਣ ਲੱਗਾ ਕਿ ਇਥੇ ਸੌਣ ਦੀ ਕੋਈ ਥਾਂ ਨਹੀਂ, ਉਠੋ ਇਥੋਂ। ਇਸ ਮਸਜਦ ਦੇ ਇਮਾਮ ਸਾਹਿਬ ਦੀ ਇਜਾਜ਼ਤ ਨਹੀਂ ਹੈ। ਮੈਂ ਉਹਨਾਂ ਨਾਲ ਬਹਿਸ ਤੇ ਤਕਰਾਰ ਕੀਤੀ ਤਾਂ ਮੌਲਵੀਆਂ ਨੇ ਮੇਰੇ ਹੱਥ ਤੇ ਲੱਤਾਂ ਫੜ ਲਈਆਂ ਅਤੇ ਮੈਨੂੰ ਚੁੱਕ ਕੇ ਮਸਜਦ ਦੇ ਬਾਹਰ ਸੁੱਟ ਦਿੱਤਾ। •

## 13. ਜ਼ੁਲਮਤ ਅਤੇ ਜ਼ਿਆ

ਮੇਰੀ ਪਾਸਪੋਰਟ ਦੀ ਜ਼ਬਤੀ ਦਾ ਮਸਲਾ ਬਹੁਤ ਪੁਰਾਣਾ ਸੀ। ਮੇਰਾ ਪਾਸਪੋਰਟ ਬੱਤੀਆ ਸਾਲਾਂ ਤੋਂ ਜ਼ਬਤ ਸੀ। ਇਸਦੇ ਲਈ ਵੱਖ-ਵੱਖ ਲੋਕਾਂ ਨੇ ਵੀ ਰਿੱਟਾਂ ਕੀਤੀਆਂ ਹੋਈਆਂ ਸਨ। ਪੀਪਲਜ਼ ਪਾਰਟੀ ਨੇ ਮੇਰਾ ਇਹ ਕੰਮ ਜ਼ਰੂਰ ਕੀਤਾ ਹੈ। ਇਹਜਾਜ਼ ਹਸਨ ਜਦੋਂ ਗ੍ਰਹਿ-ਮੰਤਰੀ ਸਨ ਤਾਂ ਉਹਨਾਂ ਨੇ ਮੈਨੂੰ ਪਾਸਪੋਰਟ ਦਿਵਾ ਦਿੱਤਾ ਸੀ। ਮੈਂ ਉਹਨਾਂ ਦਾ ਸ਼ੁਕਰਗੁਜ਼ਾਰ ਹਾਂ। ਇਸ ਤੋਂ ਪਹਿਲਾਂ ਜ਼ਿਆਉਲ ਹੱਕ ਦੇ ਸਮੇਂ ਪਾਸਪੋਰਟ ਦੇ ਲਈ ਹਾਈਕੋਰਟ ਵਿਚ ਰਿੱਟ ਕੀਤੀ ਹੋਈ ਸੀ। ਇਸਦੇ ਲਈ ਆਬਦ ਹਸਨ ਮੰਟੋ ਅਤੇ ਆਰਫ ਇਕਬਾਲ ਭੱਟੀ ਮੇਰੇ ਵਲੋਂ ਪੇਸ਼ ਹੁੰਦੇ ਰਹੇ ਹਨ। ਹਾਈਕੋਰਟ ਦੇ ਚੀਫ਼ ਜਸਟਿਸ ਮਿਰਜ਼ਾ ਸਨ। ਉਹਨਾਂ ਦਾ ਸੰਬੰਧ ਦਿੱਲੀ ਨਾਲ ਸੀ। ਉਹ ਨਵਾਬਜ਼ਾਦਾ ਸਰਾਜਉਲਦੌਲਾ ਦੇ ਅਜ਼ੀਜ਼ਾਂ ਵਿਚੋਂ ਹਨ। ਮੈਂ ਉਹਨਾਂ ਨੂੰ ਮਿਲਿਆ ਤੇ ਕਿਹਾ, "ਹਾਂ, ਹਾਂ ਆਪ ਜ਼ਰੂਰ ਜਾਓਗੇ। ਮੇਰਾ ਸਲਾਮ ਗੁਲਜ਼ਾਰ ਦਹਿਲਵੀ ਨੂੰ ਆਖਣਾ।" ਜਨਾਬ ਦਹਿਲਵੀ ਭਾਰਤ ਦੇ ਪ੍ਰਸਿੱਧ ਕਵੀ ਹਨ। ਉਹਨਾਂ ਦੇ ਪਿਤਾ ਜ਼ਾਰ ਦਹਿਲਵੀ 'ਦਾਗ' ਦਾ ਸ਼ਾਗਿਰਦ ਸਨ। ਉਹ ਪੰਡਤ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਜਦੋਂ ਉਹਨਾਂ ਨੇ ਇਹ ਜ਼ਿਕਰ ਕੀਤਾ ਤਾਂ ਮੈਨੂੰ ਪ੍ਰਤੀਤ ਹੋਇਆ, ਜਿਵੇਂ ਮੈਂ ਦਿੱਲੀ ਪਹੁੰਚ ਗਿਆ ਹੋਵਾਂ ਅਤੇ ਜਾਮਾ-ਮਸਜਿਦ ਦੀਆਂ ਪਉੜੀਆਂ ਦੇ ਕੋਲੋਂ ਦੀ ਲੰਘ ਰਿਹਾ ਹੋਵਾਂ।

ਮਜੱਦਦ ਮਿਰਜ਼ਾ ਦੇ ਵਿਸ਼ਵਾਸ ਦਿਵਾਉਣ ਪਿੱਛੋਂ ਦੂਸਰੇ ਦਿਨ ਦੋਬਾਰਾ ਉਹਨਾਂ ਨੂੰ ਮਿਲਿਆ ਅਤੇ ਕਿਹਾ ਕਿ ਪਾਸਪੋਰਟ ਦੇ ਸਿਲਸਿਲੇ ਵਿਚ ਅੱਜ ਮੇਰੀ ਜੱਜਾਂ ਦੇ ਸਾਹਮਣੇ ਪੇਸ਼ੀ ਹੈ। ਕਹਿਣ ਲੱਗੇ, "ਹਾਂ ਹਾਂ, ਦੁਆ ਕਰੋ।" ਮੈਂ ਆਖਿਆ, "ਹੁਣ ਗੱਲ ਦੁਆ ਉੱਤੇ ਆ ਗਈ ਹੈ ਅਤੇ ਜਦੋਂ ਦੁਆਵਾਂ ਉੱਤੇ ਗੱਲ ਆ ਜਾਵੇ ਤਾਂ ਮਰੀਜ਼ ਦੀ ਮੌਤ ਹੁੰਦੀ ਹੈ।" ਮੈਂ ਅਦਾਲਤ ਵਿਚ ਪੇਸ਼ ਹੋਇਆ। ਉਹ ਜੱਜ ਜਿਨ੍ਹਾਂ ਨੂੰ ਆਪਣੇ ਆਹੁਦਿਆਂ ਦਾ ਖ਼ਿਆਲ ਰੱਖਣਾ ਹੁੰਦਾ ਹੈ, ਬੜੇ ਹੀ ਹਲਕੇ ਅੰਦਾਜ਼ ਵਿਚ ਗੱਲਬਾਤ ਕਰ ਰਹੇ ਸਨ। ਮੈਨੂੰ ਆਖਣ ਲੱਗੇ, "ਭਈ ਕੀ ਫਾਇਦਾ ਹੈ। ਉਥੇ ਕਵੀ ਦਰਬਾਰ ਵਿਚ ਜਾਣ ਦਾ। ਅਸੀਂ ਤੁਹਾਡਾ ਇਥੇ ਹੀ ਮੁਸ਼ਾਹਿਰਾ ਕਰਵਾ ਦਿੰਦੇ ਹਾਂ।" ਮੈਂ ਸਮਝ ਗਿਆ ਕਿ ਇਹ ਮੈਨੂੰ ਨਹੀਂ ਜਾਣ ਦੇਣਗੇ। ਉਹਨਾਂ

ਨੇ ਮੈਨੂੰ ਭਾਰਤ ਜਾਣ ਦੀ ਆਗਿਆ ਨਹੀਂ ਸੀ ਦਿੱਤੀ। ਸਪੱਸ਼ਟ ਸੀ ਕਿ ਜ਼ਿਆ-ਅਲ-ਹੱਕ ਦੀਆਂ ਹਦਾਇਤਾਂ ਸਨ। ਇਹ ਮੈਨੂੰ ਪਿੱਛੋਂ ਪਤਾ ਲੱਗਿਆ, ਜਦੋਂ ਮੈਂ ਪਿੱਛੋਂ ਦਿੱਲੀ ਗਿਆ ਤਾਂ ਮੈਨੂੰ ਅਲੀ ਸਦੀਕੀ ਨੇ ਦੱਸਿਆ ਕਿ ਜੋ ਉਰਦੂ ਦੇ ਤਰੱਕੀ ਪਸੰਦ ਅਦੀਬਾਂ ਦੇ ਇੰਚਾਰਜ ਹਨ। ਉਹ ਉਥੇ ਕਵੀ-ਦਰਬਾਰਾਂ ਦਾ ਪ੍ਰਬੰਧ ਕੀਤਾ ਕਰਦੇ ਸਨ। ਉਹਨਾਂ ਦਾ ਦੋਵਾਂ ਦੇਸ਼ਾਂ ਵਿਚ ਚੰਗਾ ਅਸਰ ਰਸੂਖ਼ ਹੈ। ਉਹਨਾਂ ਨੇ ਮੈਨੂੰ ਦੱਸਿਆ ਕਿ "ਮੈਂ ਜ਼ਿਆ-ਉਲ-ਹੱਕ ਨੂੰ ਕਿਹਾ ਸੀ ਕਿ "ਹਬੀਬ ਜਾਲਿਬ ਸ਼ਾਇਰ ਹੈ। ਇਕ ਸ਼ਾਇਰ ਨਾਲ ਆਪ ਦਾ ਕੀ ਝਗੜਾ ਹੈ? ਉਸ ਨੂੰ ਇੰਡੀਆ ਜਾਣ ਦਿਓ।" ਜ਼ਿਆਲ ਉਲ ਹੱਕ ਨੇ ਉਹਨਾਂ ਨੂੰ ਕਿਹਾ ਕਿ "ਨਹੀਂ, ਨਹੀਂ ਮੈਂ ਇਸ ਨੂੰ ਨਹੀਂ ਜਾਣ ਦਿਆਂਗਾ। ਆਪ ਚਾਹੇ ਸਾਰੇ ਕਵੀਆਂ ਨੂੰ ਲੈ ਜਾਓ। ਪਰ ਮੈਂ ਹਬੀਬ ਜਾਲਿਬ ਨੂੰ ਨਹੀਂ ਜਾਣ ਦਿਆਂਗਾ।"

ਬੇਨਜ਼ੀਰ ਹਕੂਮਤ ਦੇ ਜ਼ਮਾਨੇ ਵਿਚ ਮੈਨੂੰ ਪਾਸਪੋਰਟ ਵਾਪਿਸ ਮਿਲਿਆ ਸੀ। ਜ਼ਿਆ-ਉਲ-ਹੱਕ ਦੇ ਸਮੇਂ ਵਿਚ ਤਾਂ ਮੈਨੂੰ ਦੁਬਈ ਜਾਣ ਤੋਂ ਵੀ ਰੋਕ ਦਿੱਤਾ ਗਿਆ ਸੀ ਅਤੇ ਮੈਨੂੰ ਜਹਾਜ਼ ਵਿਚੋਂ ਉਤਾਰ ਲਿਆ ਗਿਆ ਸੀ।

ਜ਼ਿਆ-ਉਲ-ਹੱਕ ਦੇ ਖ਼ੌਫ਼ਨਾਕ ਦੌਰ ਸਮੇਂ ਜਦ ਮੈਂ ਮੀਆਂ ਵਾਲੀ ਜੇਲ੍ਹ ਵਿਚ ਨਜ਼ਰਬੰਦ ਸੀ ਤਾਂ ਅਨਵਰ ਅਲੀ ਐਡਵੋਕੇਟ, ਜਿਹੜੇ ਮੇਜਰ ਇਸਹਾਕ ਦੇ ਛੋਟੇ ਭਰਾ ਹਨ, ਨੂੰ ਖ਼ਬਰ ਹੋਈ। ਚੌਧਰੀ ਅਨਵਰ ਜ਼ਹੂਰ ਇਲਾਹੀ ਦੇ ਲੀਗਲ ਐਡਵਾਈਜਰ ਸਨ, ਉਹ ਜ਼ਹੂਰ ਇਲਾਹੀ ਦੇ ਕੋਲ ਗਏ ਅਤੇ ਕਿਹਾ, "ਹਬੀਬ ਜਾਲਿਬ ਆਪ ਦੇ ਮਿੱਤਰ ਹਨ, ਆਪ ਨਾਲ ਉਹਨਾਂ ਦੀ ਪੁਰਾਣੀ ਜਾਣ-ਪਛਾਣ ਹੈ। ਤੁਸੀਂ ਉਸਨੂੰ ਮੀਆਂ ਵਾਲੀ ਜੇਲ੍ਹ ਤੋਂ ਗੁਜਰਾਂਵਾਲਾ ਜੇਲ੍ਹ ਵਿਚ ਤਬਦੀਲ ਕਰ ਦਿਓ। ਕਿਉਂਕਿ ਉੱਥੇ ਬਹੁਤ ਗਰਮੀ ਹੈ। ਉਹ ਕਹਿਣ ਲੱਗੇ, "ਹਬੀਬ ਜਾਲਿਬ ਜੇ "ਜ਼ੁਲਮਤ ਕੋ ਜ਼ਿਆ" ਨਾ ਲਿਖਦਾ "ਜ਼ੁਲਮਤ ਕੋ ਕਜ਼ਾ" ਲਿਖ ਦਿੰਦਾ ਤਾਂ ਉਸਨੂੰ ਇਹ ਦਿਨ ਨਾ ਦੇਖਣੇ ਪੈਂਦੇ। ਉਸਨੇ 'ਜ਼ੁਲਮਤ ਕੋ ਜ਼ਿਆ" ਕਿਉਂ ਲਿਖਿਆ? ਮੈਨੂੰ ਅਨਵਰ ਚੌਧਰੀ ਨੇ ਦੱਸਿਆ ਤਾਂ ਮੈਂ ਜਵਾਬ ਦਿੱਤਾ ਕਿ "ਜ਼ੁਲਮਤ ਕੋ ਜ਼ਿਆ" ਵਾਲੀ ਜੋ ਗੱਲ ਹੈ, ਇਸ ਲਈ ਮੈਂ ਪੰਜੀ ਸਾਲ ਕੈਦ ਕੱਟ ਸਕਦਾ ਹਾਂ, ਪਰ ਇਹ ਲਫ਼ਜ਼ ਨਹੀਂ ਕੱਟਾਂਗਾ। •

ਰੇਖਾ ਚਿਤਰ

## ਮੇਰਾ ਮਿੱਤਰ ਵਾਰਸ ਮੀਰ

ਸਾਡੀ ਇਹ ਪੁਰਾਣੀ ਰਵਾਇਤ ਹੈ ਕਿ ਜਦੋਂ ਵੀ ਸਾਡੇ ਵਿਚੋਂ ਕੋਈ ਬੰਦਾ ਜੁਰਅਤ ਦਾ ਵਿਖਾਵਾ ਕਰਦੇ ਹੋਏ ਲੋਕ-ਦੁਸ਼ਮਣਾਂ ਨੂੰ ਲਲਕਾਰਦਾ ਹੈ ਤਾਂ ਅਸੀਂ ਉਸ ਸ਼ਖ਼ਸ ਨੂੰ ਦਾਦ ਬਹੁਤ ਦਿੰਦੇ ਹਾਂ। ਪਰ ਅਮਲੀ ਤੌਰ ਤੇ ਉਸਦਾ ਸਾਥ ਦੇਣ ਤੋਂ ਝਿਜਕਦੇ ਹਾਂ। ਸਿੱਟੇ ਵਜੋਂ ਜ਼ੁਬਾਨ ਤੇ ਕਲਮ ਨਾਲ ਲੋਕਾਂ ਦੇ ਦੁਸ਼ਮਣਾਂ ਦੇ ਵਿਰੁੱਧ ਜੰਗ ਲੜਨ ਵਾਲੇ ਬਹੁਤ ਸਾਰੇ ਸੂਰਮੇ ਹੌਂਸਲਾ ਹਾਰ ਜਾਂਦੇ ਹਨ ਅਤੇ ਹਾਲਾਤ ਨਾਲ ਸਮਝੌਤਾ ਕਰ ਲੈਂਦੇ ਹਨ। ਪਰ ਕੁਝ "ਸਿਰ-



ਫਿਰੇ" ਸੂਰਮੇ ਐਸੇ ਵੀ ਹੁੰਦੇ ਹਨ ਜਿਹੜੇ ਆਪਣੀ ਜੰਗ ਲਗਾਤਾਰ ਜਾਰੀ ਰੱਖਦੇ ਹਨ ਅਤੇ ਆਖਰਕਾਰ ਜਦੋਂ ਲੜਦੇ-ਲੜਦੇ ਸ਼ਹੀਦ ਹੋ ਜਾਂਦੇ ਹਨ ਤਾਂ ਫਿਰ ਸਾਡੇ ਲੋਕਾਂ ਨੂੰ ਸਮਝ ਆਉਂਦੀ ਹੈ ਕਿ ਸ਼ਹੀਦ ਹੋਣ ਵਾਲੇ ਦੀ ਜੰਗ ਕਿਸ ਦੇ ਵਿਰੁੱਧ ਸੀ ਅਤੇ ਕਿਉਂ ਸੀ? ਅਤੇ ਉਹ ਕਿਤਨਾ ਮਹਾਨ ਇਨਸਾਨ ਸੀ।

ਪਾਕਿਸਤਾਨ ਦੇ ਇਤਿਹਾਸ ਵਿਚ ਜਿਨ ਸਿਰ-ਫਿਰੇ ਮੁਜਾਹਦਾਂ ਨੇ ਆਖਰੀ ਦਮ ਤੱਕ ਲੋਕ-ਦੁਸ਼ਮਣ ਤਾਕਤਾਂ ਦੇ ਵਿਰੁੱਧ ਜ਼ੁਬਾਨ ਅਤੇ ਕਲਮ ਨਾਲ ਆਪਣੀ ਜੰਗ ਜਾਰੀ ਰੱਖੀ, ਉਹਨਾਂ ਵਿਚੋਂ ਇਕ ਪ੍ਰੋਫੈਸਰ ਵਾਰਸ-ਮੀਰ ਸੀ। ਵਾਰਸ-ਮੀਰ ਦੀ ਆਖਰੀ ਲਿਖਤ ਉਸਦੀ ਮੌਤ ਦੇ ਕੁਝ ਦਿਨ ਪਿੱਛੋਂ ਰੋਜ਼ਾਨਾ "ਜੰਗ" ਵਿਚ ਛਪੀ ਸੀ ਤੇ ਆਪਣੀ ਇਸ ਆਖਰੀ ਲਿਖਤ ਵਿਚ ਵਾਰਸ-ਮੀਰ ਨੇ ਫੌਜੀ ਜਨਰਲ ਜ਼ਿਆ-ਉਲ-ਹੱਕ ਨੂੰ ਗਰਜਦੇ ਅੰਦਾਜ਼ ਵਿਚ ਲਲਕਾਰਦੇ ਹੋਏ ਆਖਿਆ ਸੀ ਕਿ ਤੂੰ ਤਰੱਕੀ-ਪਸੰਦ (ਪ੍ਰਗਤੀਵਾਦੀ) ਕਲਮਕਾਰਾਂਨੂੰ ਗੱਦਾਰ ਤੇ ਤਰੱਕੀ-ਪਸੰਦ ਕਲਾਕਾਰਾਂ ਨੂੰ ਸੀ ਤੇ ਚੋਹਰ ਕਰਾਰ ਦੇਣ ਦਾ ਹੱਕ ਨਹੀਂ ਰੱਖਦਾ, ਸਗੋਂ ਇਸ ਦੇਸ਼ ਦੇ ਅਵਾਮ ਦਾ ਫੈਸਲਾ ਹੈ ਕਿ ਅਵਾਮ ਦੀਆਂ ਉਮੰਗਾਂ ਦੇ ਵਿਰੁੱਧ ਕਾਨੂੰਨ ਨੂੰ ਪੈਰਾਂ ਹੇਠ ਰੋਲਣ ਵਾਲਾ ਹਰ ਫੌਜੀ ਤਾਨਾਸ਼ਾਹ ਗੱਦਾਰ ਹੈ। ਪ੍ਰੋਫੈਸਰ ਵਾਰਸ-ਮੀਰ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਸਦੇ ਦ੍ਰਿਸ਼ਟੀਕੋਣ ਦੀ ਡੋਰੀ ਨਾ ਤੇ ਮਾਸਕੋ ਤੇ ਨਾ ਹੀ ਵਾਸ਼ਿੰਗਟਨ ਤੋਂ ਚੱਲਦੀ ਸੀ, ਸਗੋਂ ਉਸਦੇ ਨਜ਼ਰੀਏ ਨੇ ਇਸੇ ਹੀ ਧਰਤੀ ਦੀ ਕੁੱਖ ਵਿਚੋਂ ਜਨਮ ਲਿਆ ਸੀ।

ਅਯੂਬ ਖਾਨ ਦੇ ਦੌਰ ਵਿਚ ਜਦ ਵਾਰਸ-ਮੀਰ ਨੇ ਪਾਕਿਸਤਾਨੀ ਸਿਆਸਤ ਤੇ ਆਰਥਿਕਤਾ ਉੱਤੇ ਕੁਝ ਘਰਾਣਿਆਂ ਦੇ ਕਬਜ਼ੇ ਦੇ ਵਿਰੁੱਧ ਆਵਾਜ਼ ਉੱਚੀ ਕਰਨ ਵਾਲਿਆਂ ਦੇ ਨਾਲ ਆਪਣੀ ਆਵਾਜ਼ ਮਿਲਾਈ ਤਾਂ ਉਸ ਉੱਤੇ ਖੱਬੇ-ਪੱਖੀਆਂ ਦਾ ਲੇਬਲ ਲਗਾ ਦਿੱਤਾ ਗਿਆ। ਜ਼ੁਲਫ਼ਕਾਰ ਅਲੀ ਭੁੱਟੋ ਦੇ ਦੌਰ ਵਿਚ ਜਦ ਉਸਨੇ ਵਕਤ ਦੀ ਹਕੂਮਤ ਦੀਆਂ ਕੁਝ ਨੀਤੀਆਂ ਨਾਲ ਆਪਣਾ ਵਿਰੋਧ ਪ੍ਰਗਟ ਕੀਤਾ ਤਾਂ ਉਸ ਉੱਤੇ ਸੱਜੇ-ਪੱਖੀਆਂ ਦਾ ਲੇਬਲ ਲਗਾ ਦਿੱਤਾ ਤੇ ਜਦੋਂ ਜ਼ਿਆ-ਉਲ-ਹੱਕ ਦੀ ਲੰਮੀ ਤਾਨਾਸ਼ਾਹੀ ਦੇ ਦੌਰ ਵਿਚ ਵਾਰਸ-ਮੀਰ ਦੀ ਕਲਮ ਹਾਕਮਾਂ ਦੇ ਵਿਰੁੱਧ ਤੀਰ ਤੇ ਨਸ਼ਤਰ ਬਣ ਗਈ ਤਾਂ ਉਸ ਮਰਦ ਦਰਵੇਸ਼ ਉੱਤੇ ਕੁਫ਼ਰ ਦਾ ਫਤਵਾ ਲਗਾ ਦਿੱਤਾ ਗਿਆ। ਪਰ ਤਾਨਾਸ਼ਾਹਾਂ ਵਲੋਂ ਕਾਫਰ ਕਰਾਰ ਦਿੱਤੇ ਜਾਣ ਵਾਲਾ ਵਾਰਸ-ਮੀਰ ਅਵਾਮ-ਦੋਸਤ ਅਤੇ ਲੋਕ-ਰਾਜ ਦੇ ਸਮਰਥਕਾਂ ਦੀਆਂ ਨਜ਼ਰਾਂ ਵਿਚ ਮਰਦੇ-ਮੁਜਾਹਦ ਸੀ, ਕਿਉਂਕਿ ਉਸਦੀ ਜੰਗ ਜਾਰੀ ਸੀ। 1983 ਵਿਚ ਜਦੋਂ ਲਾਹੌਰ ਦੀ ਮਾਲ-ਰੋਡ ਉੱਤੇ ਔਰਤਾਂ ਦੇ ਜਲੂਸ ਉੱਤੇ ਪੁਲਸ ਨੇ ਵਹਿਸ਼ੀ ਤਰ੍ਹਾਂ ਨਾਲ ਲਾਠੀ-ਚਾਰਜ ਕੀਤਾ ਤਾਂ ਮੈਨੂੰ ਵੀ ਸੱਟਾਂ ਲੱਗੀਆਂ, ਕਿਉਂਕਿ ਔਰਤ ਨੂੰ ਅੱਧਾ ਵੋਟ ਕਰਾਰ ਦਿੱਤੇ ਜਾਣ ਵਾਲੇ ਕਾਨੂੰਨ ਦੇ ਵਿਰੁੱਧ ਬਹੁਤ ਸਾਰੇ ਮਰਦ ਵੀ ਇਸ ਜਲੂਸ ਵਿਚ ਸ਼ਾਮਿਲ ਸਨ। ਵਾਰਸ-ਮੀਰ ਨੇ ਔਰਤਾਂ ਦੇ ਜਲੂਸ ਉੱਤੇ ਇਸ ਵਹਿਸ਼ੀ ਲਾਠੀਚਾਰਜ ਦਾ ਦ੍ਰਿਸ਼ ਆਪਣੀ ਅੱਖੀਂ ਵੇਖਿਆ ਸੀ। ਇਹ ਦ੍ਰਿਸ਼ ਵੇਖਣ ਤੋਂ ਬਾਅਦ ਵਾਰਸ ਮੀਰ ਨੇ ਔਰਤ ਨੂੰ ਅੱਧਾ ਸਾਬਤ ਕਰਨ

ਵਾਲਿਆਂ ਦੇ ਵਿਰੁੱਧ ਆਪਣੀ ਕਲਮ ਰਾਹੀਂ ਬਾਕਾਇਦਾ ਜੰਗ ਦਾ ਐਲਾਨ ਕਰ ਦਿੱਤਾ। ਵਾਰਸ ਮੀਰ ਦੀ ਸਮਝ ਇਹ ਸੀ ਕਿ ਔਰਤ ਦੀ ਗਵਾਹੀ ਤੇ ਸਮਝ ਨੂੰ ਅੱਧ ਕਰਾਰ ਦੇਣ ਵਾਲੇ ਮੌਲਵੀਆਂ ਦਾ ਮੁਕਾਬਲਾਂ ਕੁਰਾਨ ਤੇ ਹਦੀਸ ਦੇ ਹਵਾਲਿਆਂ ਨਾਲ ਕੀਤਾ ਤੇ ਉਹਨਾਂ ਨੂੰ ਲਾਜਵਾਬ ਕਰ ਦਿੱਤਾ। ਇਹੋ ਕਾਰਨ ਸੀ ਕਿ ਪ੍ਰੋਫੈਸਰ ਮੀਰ ਦੀਆਂ ਲਿਖਤਾਂ ਪੜ੍ਹੀਆਂ-ਲਿਖੀਆਂ ਔਰਤਾਂ ਵਿਚ ਬਹੁਤ ਪ੍ਰਵਾਨ ਸਨ ਅਤੇ ਅੱਜ ਵੀ ਵਾਰਸ ਮੀਰ ਦੀ ਕਿਤਾਬ "ਕਿਆ ਔਰਤ ਆਧੀ ਹੈ?" ਔਰਤਾਂ ਵਿਚ ਬੜੇ ਸ਼ੌਕ ਨਾਲ ਪੜ੍ਹੀ ਜਾਂਦੀ ਹੈ।

ਦਸੰਬਰ 1984 ਵਿਚ ਜਦੋਂ ਜ਼ਿਆ-ਉਲ-ਹੱਕ ਨੇ ਰੈਫਰੈਂਡਮ ਦਾ ਐਲਾਨ ਕੀਤਾ ਤਾਂ ਵਾਰਸ ਮੀਰ ਪਹਿਲਾ ਲੇਖਕ ਸੀ ਜਿਸਨੇ ਇਸ ਰੈਫਰੈਂਡਮ ਨੂੰ ਇਸਲਾਮ-ਵਿਰੋਧੀ ਤੇ ਕਾਨੂੰਨ ਦੇ ਉਲਟ ਕਰਾਰ ਦਿੱਤਾ। ਇਹਨਾਂ ਦੀ ਦਿਨਾਂ ਵਿਚ ਗਵਰਨਰ ਹਾਊਸ ਲਾਹੌਰ ਵਿਚ ਜਨਰਲ ਜ਼ਿਆ-ਉਲ-ਹੱਕ ਨੇ ਪ੍ਰੋਫੈਸਰ ਵਾਰਸ ਮੀਰ ਨੂੰ ਮੁਲਾਕਾਤ ਲਈ ਸੱਦਿਆ। ਜ਼ਿਆ-ਉਲ-ਹੱਕ ਨੇ ਉਸਨੂੰ ਆਪਣੀਆਂ ਚੋਪੜੀਆਂ ਗੱਲਾਂ ਨਾਲ ਚੁੱਪ ਕਰਾਉਣ ਦੀ ਕੋਸ਼ਿਸ ਕੀਤੀ, ਪਰ ਵਾਰਸ ਮੀਰ ਨਰਮ ਨਾ ਹੋਇਆ। ਇਸ ਉੱਤੇ ਜ਼ਿਆਉਲ-ਹੱਕ ਨੇ ਬੜੇ ਸਖ਼ਤ ਲਹਿਜੇ ਵਿਚ ਵਾਰਸ ਮੀਰ ਨੂੰ ਕਿਹਾ ਕਿ ਮੈਂ ਬਰਦਾਸ਼ਤ ਨਹੀਂ ਕਰ ਸਕਦਾ ਕਿ ਸਰਕਾਰ ਤੋਂ ਤਨਖਾਹ ਲੈਣ ਵਾਲੇ ਸਰਕਾਰ ਉੱਤੇ ਨੁਕਤਾਚੀਨੀ ਕਰਨ। ਵਾਰਸ ਮੀਰ ਉਹਨੀਂ ਦਿਨੀਂ ਸੂਹਬਾ-ਅਬਲਾਗ ਜਾਮਾ ਪੰਜਾਬ ਵਿਚ ਉਸਤਾਦ ਸਨ ਅਤੇ ਸਰਕਾਰੀ ਕਰਮਚਾਰੀ ਹੋਣ ਦੇ ਬਾਵਜੂਦ ਉਸਦੀ ਕਲਮ ਸਰਕਾਰ ਦੀ ਵਿਰੋਧਤਾ ਵਿਚ ਚੱਲ ਰਹੀ ਸੀ। ਐਪਰ ਜ਼ਿਆ-ਉਲ-ਹੱਕ ਦੀ ਧਮਕੀ ਦੇ ਬਾਅਦ ਵੀ ਉਹ ਰੁਕਿਆ ਨਾ।

ਰੈਫਰੈਂਡਮ ਦੇ ਕੁਝ ਦਿਨ ਪਹਿਲਾਂ ਇਕ ਉੱਚ-ਸਰਕਾਰੀ ਅਫਸਰ ਨੇ ਵਾਰਸ ਮੀਰ ਨਾਲ ਸੰਪਰਕ ਕੀਤਾ ਅਤੇ ਪੇਸ਼ਕਸ ਕੀਤੀ ਕਿ ਜੇ ਉਹ ਟੈਲੀਵਿਜ਼ਨ ਉੱਤੇ ਆ ਕੇ ਰੈਫਰੈਂਡਮ ਦੇ ਨਿਕਲਣ ਵਾਲੇ ਨਤੀਜਿਆਂ ਬਾਰੇ ਸਰਕਾਰ ਦੇ ਹੱਕ ਵਿਚ ਟਿੱਪਣੀ ਕਰਨ ਤਾਂ ਉਹਨੂੰ ਤਰੱਕੀ ਮਿਲ ਸਕਦੀ ਹੈ। ਪਰ ਵਾਰਸ ਮੀਰ ਨੇ ਸਰਕਾਰ ਦੇ ਹੱਕ ਵਿਚ ਤਬਸਰਾ ਕਰਨ ਤੋਂ ਇਨਕਾਰ ਕਰ ਦਿੱਤਾ। ਫਿਰ ਜਦੋਂ 1985 ਵਿਚ ਗੈਰ-ਜਮਾਇਤੀ ਚੋਣਾਂ ਦਾ ਐਲਾਨ ਹੋਇਆ ਤਾਂ ਵਾਰਸ ਮੀਰ ਹੀ ਉਹ ਸ਼ਖ਼ਸ ਸੀ ਜਿਸਨੇ ਉਸ ਗੈਰ-ਜਮਾਇਤੀ ਚੋਣਾਂ ਨੂੰ ਪਾਕਿਸਤਾਨ ਦੇ ਲੋਕ-ਰਾਜ ਦੇ ਭਵਿੱਖ ਅਤੇ ਕੌਮੀ-ਸੁਰੱਖਿਆ ਦੇ ਲਈ ਬਹੁਤ ਵੱਡਾ ਖ਼ਤਰਾ ਕਰਾਰ ਦਿੱਤਾ। ਵਾਰਸ ਮੀਰ ਨੇ ਆਪਣੀਆਂ ਲਿਖਤਾਂ ਰਾਹੀਂ ਚੀਕ-ਚੀਕ ਕੇ ਆਖਿਆ ਕਿ ਗੈਰ-ਜਮਾਇਤੀ ਚੋਣਾਂ ਨਾਲ ਪਾਕਿਸਤਾਨ ਵਿਚ ਬਰਾਦਰੀ, ਜਾਤ ਅਤੇ ਨਸਲ-ਪ੍ਰਸਤੀ ਦੀ ਰਾਜਨੀਤੀ ਪਨਪੇਗੀ, ਜੋ ਪਾਕਿਸਤਾਨ ਦੀ ਸੁਰੱਖਿਆ ਨੂੰ ਖ਼ਤਮ ਕਰਨ ਦਾ ਕਾਰਨ ਬਣੇਗੀ। ਐਪਰ ਫੌਜੀ ਤਾਨਾਸ਼ਾਹ ਜ਼ਿਆ-ਉਲ-ਹੱਕ ਆਪਣੀ ਧੁੰਨ ਵਿਚ ਸੀ। ਉਸਨੇ ਗੈਰ-ਜਮਾਇਤੀਚੋਣਾਂ ਕਰਾਈਆਂ ਅਤੇ ਫਿਰ ਵਕਤ ਨੇ ਸਾਬਤ ਕਰ ਦਿੱਤਾ ਕਿ ਪਾਕਿਸਤਾਨ ਦੀ ਰਾਜਨੀਤੀ ਵਿਚ ਬਰਾਦਰੀਵਾਦ ਅਤੇ ਨਸਲੀ-ਪੂਜਾ ਵਰਗੇ ਝੁਕਾਵਾਂ ਨੇ ਇਸ ਚੋਣ ਨਾਲ ਵਿਕਾਸ ਪਾਇਆ।



ਵਾਰਸ ਮੀਰ ਦੀ ਜੰਗ ਦਾ ਸਭ ਤੋਂ ਕਠਿਨ ਦੌਰ ਉਹ ਸੀ ਜਦੋਂ ਉਸਨੇ ਸ਼ਰੀਅਤ ਬਿੱਲ ਨੂੰ ਵੀ ਇਸਲਾਮ ਅਤੇ ਪਾਕਿਸਤਾਨ ਦੇ ਤਕਾਜ਼ਿਆਂਦੇ ਉਲਟ ਕਰਾਰ ਦੇ ਦਿੱਤਾ। ਇਸ ਜੰਗ ਦੇ ਸਮੇਂ ਵਾਰਸ ਮੀਰ ਨੇ ਦਿਨ ਰਾਤ ਜਾਗ ਤੇ ਲੰਘਾਏ। ਰੌਸ਼ਨ-ਖ਼ਿਆਲ ਵਿਦਵਾਨਾਂ ਦੀਆਂ ਮਹਿਫ਼ਿਲਾਂ ਅਤੇ ਲਾਇਬ੍ਰੇਰੀਆਂ ਵਿਚ ਕਈ-ਕਈ ਘੰਟੇ ਗੁਜ਼ਾਰੇ। ਸ਼ਰੀਅਤ ਬਿੱਲ ਅਤੇ ਸ਼ਰੱਈਅਤ ਮੁਹੰਮਦੀ ਵਿਚਲੇ ਫ਼ਰਕ ਨੂੰ ਸਮਝਿਆ ਅਤੇ ਸ਼ਰੀਅਤ ਬਿੱਲ ਨੂੰ ਸ਼ਰੱਈਅਤ ਦੇ ਵਿਰੁੱਧ ਕਰਾਰ ਦੇਣ ਦੇ ਲਈ ਬੜੀ ਬਾਰੀਕ-ਬੀਨੀ ਨਾਲ ਕੰਮ ਕੀਤਾ। ਪ੍ਰੋਫੈਸਰ ਮੀਰ ਦੀ ਜੰਗ ਦਾ ਇਹ ਅਸਰ ਹੋਇਆ ਕਿ ਬਹੁਤ ਸਾਰੇ ਚਿੰਤਕ ਜਿਹੜੇ ਚੁੱਪ ਸਨ, ਸ਼ਰੱਈਅਤ ਬਿੱਲ ਦੇ ਖਿਲਾਫ਼ ਬੋਲਣ ਲੱਗੇ ਅਤੇ ਵਕਤ ਦੀ ਸਰਕਾਰ ਨੂੰ ਜੁਰਅਤ ਨਾ ਪਈ ਕਿ ਉਹ ਸ਼ਰੱਈਅਤ ਬਿੱਲ ਨੂੰ ਅਸੈਂਬਲੀ ਵਿਚ ਪੇਸ਼ ਕਰੇ। ਪਰ ਦੂਸਰੀ ਤਰਫ਼ ਵਿਚਾਰਾ ਵਾਰਸ ਮੀਰ ਖ਼ਤਰਿਆਂ ਅਤੇ ਮੁਸ਼ਕਿਲਾਂ ਦੇ ਭੰਵਰ ਵਿਚ ਫਸ ਗਿਆ। ਸ਼ੁਰੂ-ਸ਼ੁਰੂ ਵਿਚ ਤਾਂ ਉਹ ਚੁੱਪ ਸਾਧ ਕੇ ਤਕਲੀਫ਼ਾਂ ਝੱਲਦਾ ਰਿਹਾ ਪਰ ਜਦੋਂ ਤਕਲੀਫ਼ਾਂ ਵਧ ਗਈਆਂ ਤਾਂ ਉਸਦੀਆਂ ਸਿਸਕੀਆਂ ਦੂਸਰਿਆਂ ਨੇ ਵੀ ਸੁਣ ਲਈਆਂ।

ਵਾਰਸ ਮੀਰ ਦੀਆਂ ਸਿਸਕੀਆਂ ਉਸ ਵੇਲੇ ਨਿਕਲੀਆਂ, ਜਦ ਸ਼ਰੱਈਅਤ ਬਿੱਲ ਦੇ ਵਿਰੁੱਧ ਲਿਖਣ ਕਾਰਨ ਉਸਦੇ ਇਕ ਮਾਸੂਮ ਅਤੇ ਬੇਗੁਨਾਹ ਬੇਟੇ ਨੂੰ ਕਤਲ ਦੇ ਇਕ ਝੂਠੇ ਮੁਕੱਦਮੇ ਵਿਚ ਫਸਾ ਦਿੱਤਾ ਗਿਆ। ਵਾਰਸ ਮੀਰ ਜੋ ਸਾਰੇ ਖ਼ਤਰਿਆਂ ਨਾਲ ਖੇਡਦਾ ਰਿਹਾ ਸੀ, ਬੇਟੇ ਦੇ ਦੁੱਖ ਨੇ ਉਸਦੀਆਂ ਸਿਸਕੀਆਂ ਕੱਢ ਦਿੱਤੀਆਂ। ਵਾਰਸ ਮੀਰ ਦੀ ਜ਼ਿੰਦਗੀ ਦਾ ਇਹ ਮਹੱਤਵਪੂਰਨ ਮੋੜ ਸੀ। ਪਰ ਫਿਰ ਸਾਰੇ ਜ਼ਮਾਨੇ ਨੇ ਵੇਖਿਆ ਕਿ ਵਾਰਸ ਮੀਰ ਕੁਝ ਸਮਾਂ ਪ੍ਰੇਸ਼ਾਨ ਰਹਿਣ ਪਿੱਛੋਂ ਆਪਣੀ ਜੰਗ ਵਿਚ ਆ ਜੁੱਟਿਆ ਅਤੇ ਉਸਦੀ ਕਲਮ ਦੀ ਕਾਟ ਏਨੀ ਵਧ ਗਈ ਕਿ ਦੁਸ਼ਮਣ ਬੁਖਲਾ ਉੱਠੇ। ਦਸੰਬਰ 1986 ਤੋਂ ਜੁਲਾਈ 1987 ਤੀਕ ਜ਼ਿੰਦਗੀ ਦੇ ਆਖਰੀ ਅੱਠ ਮਹੀਨੇ ਦੇ ਸਮੇਂ ਵਾਰਸ ਮੀਰ ਸਾਡੇ ਸਾਰਿਆਂ ਨਾਲੋਂ ਅੱਗੇ ਨਿਕਲ ਗਿਆ. ਉਸਨੇ ਆਪਣੇ ਮੋਰਚੇ ਵਿਚੋਂ ਨਿਕਲ ਕੇ ਦੁਸ਼ਮਣਾਂ ਉੱਤੇ ਦੀਵਾਨਿਆਂ ਵਾਂਗ ਹਮਲਾ ਕਰ ਦਿੱਤਾ। ਡਾਕਟਰ ਕਰਾਰ ਹੁਸੈਨ ਨੇ ਵਾਰਸ ਮੀਰ ਦੀ ਕਿਤਾਬ "ਹਰੀਤ ਫਿਕਰ ਕੇ ਮੁਜਾਹਦ" ਦੀ ਭੂਮਿਕਾ ਵਿਚ ਵਾਰਸ ਮੀਰ ਦੇ ਬਾਰੇ ਲਿਖਿਆ ਹੈ –

"ਇਹ ਆਖ਼ਰੀ ਮੰਜ਼ਿਲ ਹੈ, ਜਿੱਥੇ ਹਰੀਤ-ਫ਼ਿਕਰ ਦਾ ਇਹ ਮੁਸਾਫਰ ਚੀਖ-ਚੀਖ ਕਰਦਾ ਬਹਿਸ ਕਰਦਾ ਹੋਇਆ, ਲੜਦਾ-ਝਗੜਦਾ, ਦੁਸ਼ਮਣਾਂ ਦੇ ਕਮੀਨੇ ਹਮਲਿਆਂ ਨਾਲ ਜਖ਼ਮੀ ਹੁੰਦਾ ਹੈ, ਰੋ ਰੋ ਹੱਸਦਾ ਹੋਇਆ, ਆਖ਼ਰੀ ਦਮ ਤੱਕ ਲੜਦਾ ਮਾਰਿਆ ਗਿਆ। ਇਸ ਤੋਂ ਪਹਿਲਾਂ ਉਸਦੇ ਜਿਗਰ ਨੂੰ ਨੋਚਿਆ ਜਾ ਚੁੱਕਾ ਸੀ। ਪਰ ਅਫ਼ਸੋਸ ਕਿ ਉਸਦੇ ਜਿਗਰ ਨੂੰ ਨੋਚਣ ਵਾਲਾ ਉਕਾਬ ਨਹੀਂ, ਸਗੋਂ ਕਾਂ ਅਤੇ ਗਿਰਝਾਂ ਸਨ।"

ਵਾਰਸ ਮੀਰ ਦੀ ਮੌਤ ਪਿੱਛੋਂ ਮੰਨੂ ਭਾਈ ਨੇ ਆਪਣੇ ਇਕ ਕਾਲਮ ਵਿਚ ਸਵਾਲ ਕੀਤਾ ਸੀ ਕਿ "ਕੀ ਕੋਈ ਹੋਰ ਵਾਰਸ ਮੀਰ ਬਣਨ ਦੀ ਜੁਰਅਤ ਕਰੂੰਗਾ?" ਅੱਜ ਮੰਨੂੰ ਭਾਈ ਦਾ

ਸਵਾਲ ਮੈਂ ਦੋਬਾਰਾ ਦੁਹਰਾਉਂਦਾ ਹਾਂ। ਕਿਉਂਕਿ ਉਰਦੂ ਸਭਿਆਚਾਰ ਨੂੰ ਵਾਰਸ ਮੀਰ ਵਰਗੇ ਇਕ ਹੋਰ ਯੋਧੇ ਦੀ ਫਿਰ ਤੋਂ ਲੋੜ ਆਣ ਪਈ ਹੈ ਜੋ ਕੌਮ ਨੂੰ ਸੰਬੋਧਨ ਖ਼ਤਰਿਆਂ ਤੋਂ ਜਾਣੂ ਕਰਾਵੇ ਅਤੇ ਲੋਕ-ਦੁਸ਼ਮਣ ਤਾਕਤਾਂ ਦੇ ਵਿਰੁੱਧ ਵਾਰਸ ਮੀਰ ਵਾਂਗੂੰ ਜੰਗ ਨੂੰ ਜਾਰੀ ਰੱਖੇ। ਉਸਦੀ ਮੌਤ ਉੱਤੇ ਮੈਂ ਕੁਝ ਸ਼ਿਅਰ ਸ਼ਰਧਾਂਜਲੀ ਵਜੋਂ ਲਿਖੇ ਸਨ -

ਹੱਕ ਪ੍ਰਸਤੋ ਸਾਹਿਬੇ-ਕਿਰਦਾਰ ਵਾਰਸ ਮੀਰ ਥਾ।
ਆਮਰੋਂ ਸੇ ਬਰ-ਸਰੇ-ਪੈਕਾਰ ਵਾਰਸ ਮੀਰ ਥਾ।

ਉਸ ਕੀ ਤਹਿਰੀਰੋਂ ਕੇ ਰਹਿਤੇ ਥੇ ਹਮ ਮੁੰਤਜ਼ਰ
ਸੱਚ ਤੋ ਯਿਹ ਹੈ, ਹਾਸਲੇ-ਅਖਬਾਰ ਵਾਰਸ ਮੀਰ ਥਾ।

ਵਕਫ ਥਾ ਉਸ ਕਾ ਕਲਮ ਇਨਸਾਨੀਅਤ ਕੇ ਵਾਸਤੇ
ਅਹਿਲੇ ਗ਼ਮ ਕਾ ਮਵਨਸ-ਓ-ਗ਼ਮ ਖਵਾਰ ਵਾਰਸ ਮੀਰ ਥਾ।

ਲਫ਼ਜ਼ ਉਸ ਕਾ ਤੀਰ ਥਾ ਬਾਤਲ ਕੇ ਸੀਨੇ ਕੇ ਲੀਏ
ਅਹਿਲੇ-ਹੱਕ ਕਾ ਕਾਫਿਲਾ-ਸਾਲਾਰ ਵਾਰਸ ਮੀਰ ਥਾ।

ਜੁਲਮ ਸਹਿਤਾ ਥਾ ਕਹਿਤਾ ਥਾ ਜ਼ੁਲਮਤ ਕੋ ਜ਼ਿਆ,
ਆਸੂਓਂ ਕੋ ਪੀ ਕੇ ਨਗ਼ਮਾ ਬਾਰ ਵਾਰਸ ਮੀਰ ਥਾ।

ਦੋਸਤ ਥਾ ਵੋਹ ਬੇਮਿਸਾਲ ਔਰ ਆਦਮੀ ਥਾ ਬੇਨਜ਼ੀਰ,
ਸਰ-ਬਸਰ ਜਾਲਿਬ ਮੁਹੱਬਤ ਪਿਆਰ ਵਾਰਸ ਮੀਰ ਥਾ।

ਵਾਰਸ ਮੀਰ ਮੇਰੇ ਵਰਗੇ ਗਰੀਬਾਂ ਦੀ ਬੜੀ ਇੱਜ਼ਤ ਅਤੇ ਸਤਿਕਾਰ ਕਰਦਾ ਸੀ। ਉਹ ਅਕਸਰ ਹੀ ਕਹਿੰਦਾ ਸੀ ਕਿ ਹਬੀਬ ਜ਼ਾਲਿਬ ਕਦੇ ਖ਼ਤਮ ਨਹੀਂ ਹੋ ਸਕਦਾ। ਕਿਉਂਕਿ ਹਬੀਬ ਜਾਲਿਬ ਵਰਗਾ ਮੁਜ਼ਾਹਮਤੀ ਕਿਰਦਾਰ ਹਰ ਦੌਰ ਵਿਚ ਪੈਦਾ ਹੁੰਦਾ ਰਹੇਗਾ। ਮੈਨੂੰ ਵਾਰਸ ਮੀਰ ਦੇ ਇਹ ਸ਼ਬਦ ਦੁਹਰਾਉਣ ਦੀ ਲੋੜ ਇਸ ਲਈ ਮਹਿਸੂਸ ਹੋਈ, ਕਿਉਂਕਿ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਾਰਸ ਮੀਰ ਦੀ ਜੰਗ ਖ਼ਤਮ ਨਹੀਂ ਹੋਈ। ਵਾਰਸ ਮੀਰ ਪੈਦਾ ਹੁੰਦੇ ਰਹਿਣਗੇ ਅਤੇ ਉਹਨਾਂ ਦੀ ਜੰਗ ਉਸ ਵਕਤ ਤੱਕ ਜਾਰੀ ਰਹੇਗੀ, ਜਦੋਂ ਤੱਕ ਮਜ਼ਲੂਮ ਵਰਗਾਂ ਦੀ ਲੁੱਟ ਖ਼ਤਮ ਨਹੀਂ ਹੋ ਜਾਂਦੀ।

## 2. ਮੰਨੂੰ ਭਾਈ

ਮੰਨੂੰ ਭਾਈ ਸਾਡਾ ਯਾਰ ਹੈ। ਉਹ ਇਕ ਦਰਦ-ਭਰਿਆ ਆਦਮੀ ਹੈ, ਉਸਦੀ ਪੰਜਾਬੀ ਕਵਿਤਾ ਬਹੁਤ ਅੱਛੀ ਹੈ। ਅਸੀਂ ਕਈ ਵਾਰ ਕਵੀ-ਦਰਬਾਰਾਂ ਵਿਚ ਇਕੱਠੇ ਹੋਏ ਹਾਂ। ਉਹ ਲੋਕਾਂ ਕੋਲੋਂ ਭਰਪੂਰ ਦਾਦ ਪ੍ਰਾਪਤ ਕਰਦਾ ਹੈ। ਇਸਦਾ ਮਤਲਬ ਹੈ ਕਿ ਲੋਕਾਂ ਨੂੰ ਉਸਦਾ



ਕਲਾਮ ਪਸੰਦ ਹੈ। ਉਹ ਰੋਜ਼ਾਨਾ ਇਕ ਕਾਲਮ ਲਿਖਦਾ ਹੈ, ਉਸਦਾ ਅੰਦਾਜ਼ ਮਕਬੂਲ (ਪ੍ਰਵਾਨ) ਹੋ ਗਿਆ ਹੈ। ਮੰਨੂੰ ਭਾਈ ਨੂੰ ਖ਼ੁਦਾ ਬੁਰੀ ਨਜ਼ਰ ਤੋਂ ਬਚਾਵੇ। ਜਦੋਂ ਆਪ ਮੁਕਰਦਾ ਚਿਹਰਿਆਂ ਨੂੰ ਬੇਪਰਦ ਕਰੋਗੇ ਤਾਂ ਉਹ ਯਕੀਨੀ ਤੌਰ ਤੇ ਆਪ ਦੇ ਦੁਸ਼ਮਣ ਹੋ ਜਾਣਗੇ ਅਤੇ ਆਪ ਨੂੰ ਨੁਕਸਾਨ ਵੀ ਪਹੁੰਚਾ ਸਕਦੇ ਹਨ। ਮੰਨੂੰ ਭਾਈ ਐਸੇ ਹਾਲਾਤ ਵਿਚ ਆਪਣੇ ਦੁਸ਼ਮਣ ਬਣਾਉਂਦਾ ਆਇਆ ਹੈ, ਉਸਦਾ ਇਕ ਖਾਸ ਸਟਾਈਲ ਹੈ, ਜੋ ਮੈਨੂੰ ਬਹੁਤ ਪਸੰਦ ਹੈ, ਇੰਝ ਲੱਗਦਾ ਹੈ ਜਿਵੇਂ ਉਹ ਫਾਂਸੀ ਉੱਤੇ ਚੜ੍ਹਿਆ ਹੋਵੇ ਅਤੇ ਉਹ ਸੱਚ ਬੋਲਣਾ ਛੱਡ ਨਹੀਂ ਸਕਦਾ।

ਇਕ ਵੱਡੇ ਅਖ਼ਬਾਰ ਦਾ ਉਹ ਕਾਲਮ-ਨਵੀਸ ਹੈ। ਪੁਲਿਸ ਵਾਲਿਆਂ ਨੂੰ ਉਹ ਜਿਸ ਤਰ੍ਹਾਂ ਪੇਸ਼ ਕਰਦਾ ਹੈ, ਉਹ ਜੁਰਅਤ ਉਹੀ ਕਰ ਸਕਦਾ ਹੈ। ਮੈਂ ਪੁਲਸ ਵਾਲਿਆਂ ਨੂੰ ਉਸਦੀ ਕਲਮ ਦੀ ਨੋਕ ਹੇਠਾਂ ਲੰਘਦੇ ਵੇਖਿਆ ਹੈ। ਪੱਤਰਕਾਰੀ ਵਿਚ ਇਹੀ ਕੁਝ ਲੋਕ ਹਨ ਜੋ ਰਹਿ ਗਏ ਹਨ, ਜਿਹੜੇ ਸੋਚ-ਸਮਝ ਕੇ ਲਿਖਦੇ ਹਨ। ਨਹੀਂ ਤੇ ਪੱਤਰਕਾਰੀ ਤੇ ਹੁਣ ਸਰਕਾਰੀ ਖਬਰਨਾਮਾ, ਇਤਲਾਹਾਂ ਦੀ ਸਿਫਾਰਿਸ਼, ਜਾਂ ਵਿਸ਼ੇਸ਼ 'ਐਡਵਾਈਜ਼ਰ" ਹੋ ਕੇ ਰਹਿ ਗਈ ਹੈ। ਆਗਿਆ ਲੈ ਕੇ ਲਿਖਣ ਵਾਲਿਆਂ ਦੀ ਗਿਣਤੀ ਹੁਣ ਜ਼ਿਆਦਾ ਹੋ ਗਈ ਹੈ। ਆਜ਼ਾਦ ਅਖਬਾਰਾਂ ਦਾ ਜ਼ਮਾਨਾ ਹੁਣ ਖ਼ਤਮ ਹੋ ਗਿਆ ਹੈ। ਜੋ ਮੌਲਾਨਾ ਹਸਰਤ ਮੋਹਾਨੀ ਨਾਲ ਸ਼ੁਰੂ ਹੋਇਆ ਸੀ। ਮੌਲਾਨਾ ਜ਼ਫ਼ਰ ਅਲੀ ਖਾਂ ਅਤੇ ਮੌਲਾਨਾ ਮੁਹੰਮਦ ਅਲੀ ਜੌਹਰ ਤਾਂ ਨਹੀਂ ਰਹੇ, ਪਰ ਕਿਤੇ ਨਾ ਕਿਤੇ ਉਹਨਾਂ ਦੀ ਝਲਕ ਜ਼ਰੂਰ ਵਿਖਾਈ ਦੇ ਜਾਂਦੀ ਹੈ। ਮੰਨੂੰ ਭਾਈ ਦਾ ਕਾਲਮ ਪੜ੍ਹ ਕੇ ਇਹੀ ਅਹਿਸਾਸ ਹੁੰਦਾ ਹੈ ਕਿ ਉਹ ਆਜ਼ਾਦ ਪੱਤਰਕਾਰੀ ਦੇ ਸਮੇਂ ਦਾ ਬੇਬਾਕ ਪੱਤਰਕਾਰ ਹੈ। ਅਸੀਂ ਮੰਨੂੰ ਭਾਈ ਦੇ ਪ੍ਰਸ਼ੰਸ਼ਕ ਹਾਂ। ਸਾਨੂੰ ਉਸ ਨਾਲ ਪਿਆਰ ਹੈ। ਉਹ ਸਾਨੂੰ ਟੈਲੀਫੋਨ ਨਹੀਂ ਕਰਦਾ, ਕਿਉਂਕਿ ਉਹ ਆਖਦਾ ਹੈ ਕਿ ਬਿੱਲ ਵੱਧ ਜਾਵੇਗਾ। ਜਦ ਵੀ ਉਹ ਫੋਨ ਕਰਦਾ ਹੈ ਤਾਂ ਮੈਨੂੰ ਆਖਦਾ ਹੈ, "ਮੈਂ ਤੈਨੂੰ ਬਹੁਤ ਯਾਦ ਕਰਦਾ ਹਾਂ।" ਇਸ ਗੱਲ ਵਿਚ ਉਹ ਝੂਠ ਬੋਲਦਾ ਹੈ, ਪਰ ਇਹ ਝੂਠ ਵੀ ਉਹ ਇਸ ਤਰ੍ਹਾਂ ਬੋਲਦਾ ਹੈ ਕਿ ਮੈਨੂੰ ਚੰਗਾ ਲੱਗਦਾ ਹੈ। ਚਲੋ ਬੋਲਦਾ ਤਾਂ ਹੈ ਮੇਰੇ ਨਾਲ, ਝੂਠ ਹੀ ਸਹੀ। ਕੁਝ ਲੋਕ ਤਾਂ ਕੁਝ ਵੀ ਨਹੀਂ ਬੋਲਦੇ।

## 3. ਕਿਸ਼ਵਰ ਨਾਹੀਦ

ਫਰੀਦਾ ਖਾਨਮ ਦੀ ਕਲਾ ਦਾ ਮੈਂ ਪ੍ਰਸ਼ੰਸਕ ਹਾਂ। ਜਦ ਮੇਰੀ ਪੰਜ਼ਾਵੀਂ ਵਰ੍ਹੇ-ਗੰਢ ਦਾ ਪ੍ਰਬੰਧ ਕਿਸ਼ਵਰ ਨਾਹੀਦ ਨੇ ਕੀਤਾ ਤਾਂ ਉਸ ਵਕਤ ਬਹੁਤ ਸਾਰੇ ਲੋਕ ਸ਼ਾਮਿਲ ਹੋਏ ਸੀ। ਇਸ ਸਮਾਗਮ ਵਿਚ ਚਿੱਤਰਕਾਰ ਸਾਦ-ਕੈਨ ਨੇ ਮੇਰੇ ਬਾਰੇ ਇਕ ਰੁਬਾਈ ਪੜ੍ਹੀ ਸੀ।

ਅਭੀ ਦਸ ਬਰਸ ਹੈ ਸਠਿਆਨੇ ਮੇਂ।
ਬੜੇ ਮਹੱਤਵਪੂਰਨ ਲੋਕ ਸ਼ਾਮਿਲ ਹੋਏ ਸਨ। ਹਾਲ ਖਚਾ-ਖਚ ਭਰਿਆ ਹੋਇਆ ਸੀ।

ਜਦੋਂ ਮੈਂ ਹਾਲ ਵਿਚ ਦਾਖਲ ਹੋਇਆ ਤਾਂ ਉਹ ਸਭ ਲੋਕ ਮੇਰੇ ਸਵਾਗਤ ਵਿਚ ਖੜ੍ਹੇ ਹੋ ਗਏ ਸਨ। ਇਹ ਕਮਾਲ ਕਿਸ਼ਵਰ ਨਾਹੀਦ ਦਾ ਹੀ ਸੀ। ਉਸਨੇ ਲੋਕਾਂ ਨੂੰ ਹੁਕਮ ਦਿੱਤਾ ਸੀ ਕਿ ਸਭ ਲੋਕ ਹਬੀਬ ਜਾਲਿਬ ਦੇ ਸਵਾਗਤ ਲਈ ਖੜ੍ਹੇ ਹੋ ਜਾਣ।

ਕਿਸ਼ਵਰ ਨਾਹੀਦ ਦੀ ਯੂਸਿਫ ਕਾਮਰਾਨ (ਸਵਰਗੀ) ਨਾਲ ਸ਼ਾਦੀ ਮੈਂ ਹੀ ਤੈਅ ਕਰਵਾਈ ਸੀ। ਯੂਸਿਫ ਕਾਮਰਾਨ ਦੇ ਭਣਵਈਏ ਨੇ ਮੈਨੂੰ ਪੁੱਛਿਆ ਸੀ ਕਿ ਕਿਸ਼ਵਰ ਨਾਹੀਦ ਕੈਸੀ ਲੜਕੀ ਹੈ। ਸਾਡਾ ਲੜਕਾ ਉਸ ਨਾਲ ਸ਼ਾਦੀ ਕਰਨਾ ਚਾਹੁੰਦਾ ਹੈ। ਤਾਂ ਮੈਂ ਆਖਿਆ ਸੀ ਕਿ ਉਹ ਬਹੁਤ ਅੱਛੀ ਲੜਕੀ ਹੈ। ਬੜੀ ਪੜ੍ਹੀ ਲਿਖੀ ਹੈ। ਉਹ ਇਕ ਦੂਸਰੇ ਨੂੰ ਚਾਹੁੰਦੇ ਹਨ। ਇਹ ਸ਼ਾਦੀ ਬਹੁਤ ਅੱਛੀ ਰਹੇਗੀ। ਬਾਕੀ ਗੱਲਾਂ ਆਪ ਅਣਡਿੱਠ ਕਰ ਦੇਵੋ। ਕਿਉਂਕਿ ਮੀਆਂ ਬੀਵੀ ਰਾਜ਼ੀ ਤਾਂ ਕੀ ਕਰੇਗਾ ਕਾਜੀ।" ਉਸਦੇ ਭਣਵਈਏ ਨੇ ਮੇਰੀ ਗੱਲ ਮੰਨ ਲਈ ਤੇ ਉਹਨਾਂ ਦੀ ਸ਼ਾਦੀ ਹੋ ਗਈ।

ਕਿਸ਼ਵਰ ਨਾਹੀਦ ਨਾਲ ਮੇਰੇ ਸੰਬੰਧ ਬੜੇ ਪੁਰਾਣੇ ਹਨ। ਜਦੋਂ ਉਹ ਕਾਲਜ ਦੀ ਵਿਦਿਆਰਥਣ ਸੀ। ਉਹ ਇਕ ਚੰਗੀ ਕਵਿੱਤਰੀ ਹੈ। ਰੇਡੀਓ ਉੱਤੇ ਗੀਤਾਂ ਦੇ ਪ੍ਰਸਾਰਨ ਕਰਨ ਤੋਂ ਪਹਿਲਾਂ ਤੋਂ ਜਾਣ-ਪਛਾਣ ਦੇਣ ਦਾ ਢੰਗ ਕਿਸ਼ਵਰ ਨਾਹੀਦ ਨੇ ਸ਼ੁਰੂ ਕੀਤਾ ਸੀ। ਉਹ ਅੱਜ ਤੀਕ ਪ੍ਰਵਾਨ ਹੈ, ਉਹ ਚੰਗੀ ਪ੍ਰਬੰਧਕ ਵੀ ਹੈ।

## 4. ਸਲਾਮਤ ਅਲੀ ਖਾਂ

ਸਲਾਮਤ ਅਲੀ ਖਾਂ ਵੱਡੇ ਗਾਇਕ ਹਨ। ਪਰ ਖੁਸ਼ਾਮਦ ਵੱਲ ਜ਼ਿਆਦਾ ਮਾਇਕ ਰਹਿੰਦੇ ਹਨ। ਉਹ ਮੈਨੂੰ ਹਮੇਸ਼ਾ ਕਹਿੰਦੇ, "ਕਿਹੜੇ ਕੂੜ ਕੰਮ ਵਿਚ ਪੈ ਗਿਆ ਹੈਂ" ਕਿਉਂਕਿ ਉਹਨਾਂ ਨੂੰ ਸਿਆਸਤ ਨਾਲ ਕਈ ਲਗਾਓ ਨਹੀਂ ਹੈ ਤੇ ਨਾ ਹੀ ਐਸੀ ਸੂਝ ਉਹਨਾਂ ਕੋਲ ਹੈ। ਇਸ ਲਈ ਮੈਂ ਉਹਨਾਂ ਨੂੰ ਜਵਾਬ ਦਿੰਦਾ, "ਆਪ ਨੂੰ ਇਸ ਦਾ ਪਤਾ ਨਹੀਂ ਹੈ ਕਿ ਮੈਂ ਆਪ ਦੀ ਇੱਜ਼ਤ ਵਿਚ ਵਾਧਾ ਕਰਾਉਣਾ ਚਾਹੁੰਦਾ ਹਾਂ। ਇਸ ਤਰ੍ਹਾਂ ਆਪ ਈਰਾਨ ਦੇ ਸ਼ਹਿਨਸ਼ਾਹ ਦੇ ਨਾਲ ਖਾਣਾ ਵੀ ਖਾਓ। ਉਹਨਾਂ ਦੇ ਸਾਹਮਣੇ ਕੇਵਲ ਗਾਣਾ ਹੀ ਨਾ ਸੁਣਾਓ। ਅਸੀਂ ਆਪ ਨੂੰ ਬਰਾਬਰ ਦੇ ਹੱਕ ਦਿਵਾਉਣਾ ਚਾਹੁੰਦੇ ਹਾਂ। ਉਹਨਾਂ ਦੀ ਸਮਝ ਵਿਚ ਇਹ ਗੱਲ ਨਹੀਂ ਆਇਆ ਕਰਦੀ ਸੀ। ਫਿਰ ਵੀ ਉਸਦੀ ਵਡਿਆਈ ਵਿਚ ਕੋਈ ਫ਼ਰਕ ਨਹੀਂ ਆਉਂਦਾ। ਗਾਉਣ ਵਾਲਿਆਂ ਦੇ ਹੁਨਰ ਦਾ ਤਾਂ ਮੈਂ ਕਾਇਲ ਹਾਂ ਪਰ ਉਹਨਾਂ ਦੇ ਸੁਭਾਅ ਵਿਚ ਖੁਸ਼ਾਮਦ ਵੀ ਬਹੁਤ ਹੁੰਦੀ ਹੈ। ਜਿਵੇਂ ਉਹ ਤਾਨਾਸ਼ਾਹ ਅਤੇ ਰਾਜ ਦਰਬਾਰਾਂ ਦਾ ਦਿਲ ਪ੍ਰਚਾਉਣ ਦੀ ਹੀ 'ਚੀਜ਼' ਹੋ ਕੇ ਰਹਿ ਜਾਂਦੇ ਹਨ। ਉਨ੍ਹਾਂ ਦੀ ਕਲਾ ਆਮ ਲੋਕਾਂ ਦੇ ਲਈ ਹੋਣੀ ਚਾਹੀਦੀ ਹੈ। ਜਿਵੇਂ ਨੁਸਰਤ ਫਤਹਿ ਅਲੀ ਖਾਂ ਅੱਜ ਦੇ ਦੌਰ ਵਿਚ ਬਹੁਤ ਭਲਾਈ ਦੇ ਮਕਸਦ ਵਿਚ ਵੀ ਆਪਣੀ ਕਲਾ ਦੇ ਨਾਲ ਰਹਿੰਦੇ ਹਨ। ਇਮਰਾਨ ਖਾਨ ਕੈਂਸਰ ਹਸਪਤਾਲ ਦੇ ਲਈ ਉਹਨਾਂ



ਨੇ ਚੰਗੀ ਸਹਾਇਤਾ ਕੀਤੀ ਸੀ।

ਗ਼ਜ਼ਲ ਗਾਉਣ ਵਾਲਿਆਂ ਦਾ ਮੈਂ ਸਤਿਕਾਰ ਕਰਦਾ ਹਾਂ ਪਰ ਗ਼ਜ਼ਲ ਦੀ ਕਵਿਤਾ ਵੱਡੇ ਤਬਕੇ ਨੂੰ ਝੰਜੋੜਦੀ ਨਹੀਂ ਹੈ। ਸਗੋਂ ਗ਼ਜ਼ਲ ਉਹਨਾਂ ਦੀ ਤਸੱਲੀ ਦਾ ਸਾਮਾਨ ਬਣਦੀ ਹੈ। ਵੱਡੇ ਗਾਉਣ ਵਾਲੇ ਜਾਂ ਗਾਉਣ ਵਾਲੀਆਂ ਮੇਰੇ ਗੁੱਸੇ ਵਿਚ ਆਖੇ ਹੋਏ ਸ਼ਿਅਰ ਜਦ ਗਾਉਂਦੇ ਹਨ ਤਾਂ ਇਸਦਾ ਭਰਪੂਰ ਵਾਰ ਨਹੀਂ ਹੁੰਦਾ ਤਾਂ ਫਿਰ ਮੈਂ ਗ਼ਜ਼ਲ ਨੂੰ ਤਿਆਗ ਦਿੱਤਾ।

ਇਸ ਸ਼ਹਿਰੇ-ਖਰਾਬੀ ਮੇਂ ਗ਼ਮੇਂ-ਇਸ਼ਕ ਕੇ ਮਾਰੇ
ਜ਼ਿੰਦਾ ਹੈ ਯਹੀ ਬਾਤ, ਬੜੀ ਬਾਤ ਹੈ ਪਿਆਰੇ।

ਇਹ ਸ਼ਿਅਰ ਆਪਣੀ ਥਾਂ ਅੱਛਾ ਹੈ। ਬੜੀ ਚੰਗੀ ਗ਼ਜ਼ਲ ਹੈ, ਮੌਲਾਨਾ ਚਿਰਾਗ਼ ਹਸਨ ਹਸਰਤ ਨੇ ਵੀ ਇਹ ਗ਼ਜ਼ਲ ਸੁਣੀ ਸੀ ਅਤੇ ਬਹੁਤ ਪਸੰਦ ਕੀਤੀ ਸੀ। ਪਰ ਉਹ "ਮੈਂ ਨਹੀਂ ਮਾਨਤਾ" ਵਾਲੀ ਨਜ਼ਮ "ਦਸਤੂਰ" ਹੈ, ਇਸ ਵਿਚ ਜੋ (ਰੱਦ ਕਰਨ ਵਾਲੀ) ਹੈ ਇਨਕਾਰ ਕਰਨ ਦੀ ਜੋ ਤਾਕਤ ਹੈ, ਇਸ ਨਜ਼ਮ ਨੂੰ ਰੱਦ ਕਰਨ ਦੀ ਗੱਲ, ਉਹ ਗ਼ਜ਼ਲ ਵਿਚ ਨਹੀਂ ਆਈ। ਮੈਂ ਇਹ ਨਹੀਂ ਕਹਿੰਦਾ ਕਿ ਗ਼ਜ਼ਲ ਜੈਸੀ ਸਨਫ (ਕਾਵਿ-ਰੂਪ) ਸਭ ਖ਼ਿਆਲਾਂ ਲਈ ਅਸਫਲ ਹੈ। ਗ਼ਾਲਿਬ ਵਿਚ ਬੜੀ ਤਾਕਤ ਮਿਲਦੀ ਹੈ, ਫ਼ੈਜ਼ ਸਾਹਿਬ ਨੇ ਗ਼ਜ਼ਲ ਤੇ ਕਵਿਤਾ (ਨਜ਼ਮ) ਵਿਚ ਬਹੁਤ ਵਧੀਆ ਤੌਰ ਤੇ ਗੱਲ ਕਹੀ ਹੈ।

## 5. ਮਲਕਾ-ਏ ਤਰੰਨਮ - ਨੂਰਜਹਾਂ

ਸ਼ੌਕਤ ਹਸੈਨ ਰਜ਼ਵੀ ਦੇ ਸਾਹਿਬਜ਼ਾਦੇ ਅਕਬਰ ਹੁਸੈਨ ਰਜ਼ਵੀ ਬੜੇ ਜ਼ਹੀਨ ਆਦਮੀ ਹਨ। ਉਹਨਾਂ ਨੇ ਇਕ ਫਿਲਮ "ਮਾਂ, ਬਹੂ ਅਤੇ ਬੇਟਾ" ਬਣਾਈ ਸੀ। ਇਸ ਫ਼ਿਲਮ ਦੇ ਲਈ ਗੀਤ ਮੈਂ ਲਿਖੇ ਸੀ। ਹਸਨ ਲਤੀਫ਼ ਇਸ ਦਾ ਸੰਗੀਤਕਾਰ ਸੀ। ਹਸਨ ਲਤੀਫ਼ ਨਿਪੁੰਨ ਸੰਗੀਤਕਾਰ ਸੀ। ਉਸਨੂੰ ਧੁਨ ਬਣਾਉਣੀ ਆਉਂਦੀ ਸੀ ਅਤੇ ਉਹ ਸ਼ਿਅਰ ਨੂੰ ਖ਼ੂਬ ਸਮਝਦਾ ਸੀ ਅਤੇ ਸ਼ਾਇਰੀ ਨੂੰ ਨਗਮੇਂ ਵਿਚ ਢਾਲਣ ਦੇ ਹੁਨਰ ਤੋਂ ਵਾਕਿਫ਼ ਸੀ। ਉਹ ਸ਼ਾਇਰਾਂ ਦੇ ਬਹੁਤ ਨੇੜੇ ਰਹਿੰਦਾ ਸੀ। ਮੈਂ ਬਹੁਤ ਸਾਰੀਆਂ ਫ਼ਿਲਮਾਂ ਵਿਚ ਹਸਨ ਲਤੀਫ਼ ਦੇ ਨਾਲ ਗਾਣੇ ਲਿਖੇ ਹਨ। ਫਿਲਮ "ਮਾਂ, ਬਹੂ ਅਤੇ ਬੇਟਾ" ਦੇ ਇਹ ਗੀਤ ਵੀ ਮੈਂ ਹੀ ਲਿਖੇ ਸਨ-

ਨਿੰਦੀਆ ਰੂਠ ਗਈ, ਆਂਖਨ ਸੇ, ਤਰਸ ਗਿਆ ਮੇਰਾ ਪਿਆਰ
ਫਿਰ ਪ੍ਰਦੇਸ ਨਾ ਜਾਨੇ ਦੂੰਗੀ, ਆ ਜਾ ਇਕ ਬਾਰ।

ਲੋਗ ਦੇਖੇ ਨਾ ਤਮਾਸ਼ਾ ਮੇਰੀ ਤਨਹਾਈ ਕਾ,
ਨਗ਼ਮਾ ਫ਼ਰਿਆਦ ਮੇਂ ਢਲ ਜਾਏ ਨਾ ਸ਼ਹਿਨਾਈ ਕਾ।

ਰਾਤ ਕਟਤੀ ਨਹੀਂ, ਐ ਚਾਂਦ ਯਿਹ ਉਨ ਸੇ ਕਹਿਨਾ,
ਦਿਨ ਗੁਜ਼ਰਤਾ ਹੈ ਤੜਪ ਕਰ ਤੇਰੇ ਸੌਦਾਈ ਕਾ।

ਜਬ ਕਹੇਂਗਾ ਕਿ ਮੁਝੇ ਛੋੜ ਗਏ ਹੋ ਤਨਹਾ,
ਕੈਸੇ ਦੇਖੂੰਗੀ ਯਿਹ ਆਲਮ ਤੇਰੀ ਰੁਸਵਾਈ ਕਾ।

ਸਾਜਨਾ ਪਿਆਰ ਕੀਆ ਹੈ ਤੋ ਨਿਭਾਤੇ ਰਹਿਨਾ
ਦੇ ਨਾ ਤਾਹਨਾ ਯਿਹ ਜ਼ਮਾਨਾ ਤੁਝੇ ਹਰਜਾਈ ਕਾ।

ਅਬ ਔਰ ਪ੍ਰੇਸ਼ਾਂ ਦਿਲੇ-ਨਾਸ਼ਾਦ ਨਾ ਕਰਨਾ
ਵੁਹ ਯਾਦ ਭੀ ਆਏ ਤੋ ਉਨ੍ਹੇ ਯਾਦ ਨਾ ਕਰਨਾ
ਬੇਦਰਦ ਜ਼ਮਾਨੇ ਕੋ ਹੈ ਦੋਸ਼ ਦੇਨੇ ਕੀ ਆਦਤ
ਹਰ ਇਕ ਸੇ ਬਿਆਂ ਦਰਦ ਕੀ ਰੂਦਾਦ ਨਾ ਕਰਨਾ।
ਫਿਰ ਅਸ਼ਕ ਬਹਾਨੇ ਕੀ ਇਜਾਜ਼ਤ ਭੀ ਨਾ ਹੋਗੀ
ਦਿਲ ਖੂਨ ਭੀ ਹੋ ਜਾਏ ਤੋ ਫਰਯਾਦ ਨਾ ਕਰਨਾ।
ਚਾਹਤ ਯਿਹ ਹਮਾਰੀ ਕਹੀਂ ਇਲਜ਼ਾਮ ਨਾ ਆਏ
ਭੂਲੇ ਸੇ ਕਭੀ ਸ਼ਿਕਵਾ ਸੱਯਾਦ ਨਾ ਕਰਨਾ।

ਹਸਨ ਲਤੀਫ ਇਕ ਰੌਸ਼ਨ ਖ਼ਿਆਲ ਆਦਮੀ ਸੀ। ਉਹ ਹਮੇਸ਼ਾ ਪ੍ਰਗਤੀਵਾਦੀਆਂ ਦੇ ਨਾਲ ਰਿਹਾ। ਅਕਬਰ ਹੁਸੈਨ ਰਜ਼ਵੀ ਦੇ ਰਾਹੀਂ ਮੈਡਮ ਨੂਰ ਜਹਾਂ ਨਾਲ ਮੇਰੀ ਵਾਕਫ਼ੀ ਕਰਾਈ ਸੀ ਅਤੇ "ਮੇਰੇ ਸੁਭਾਅ ਦੇ ਅਨੁਸਾਰ ਸੱਦਾ ਦਿੱਤਾ ਸੀ। ਮਲਕਾ ਤਰੰਨਮ ਨੇ ਮੇਰਾ ਕਲਾਮ (ਰਚਨਾ) ਮੇਰੇ ਤੋਂ ਸੁਣਿਆ ਅਤੇ ਟੇਪ ਵੀ ਕਰ ਲਿਆ। ਆਉਂਦੇ ਹੋਏ ਨੂਰਜਹਾਨ ਨੇ ਮੇਰੀ ਜੈਕਟਦੀ ਜੇਬ ਵਿਚ ਇਕ ਹਜ਼ਾਰ ਰੁਪਏ ਪਾ ਦਿੱਤੇ, ਮੈਂ ਆਖਿਆ ਕਿ ਇਹ ਕਿਉਂ ਦੇ ਰਹੇ ਹੋ? ਉਹਨਾਂ ਨੇ ਆਖਿਆ, ਕਿ ਇਹ ਮੈਂ ਆਪ ਨੂੰ ਨਹੀਂ ਦੇ ਰਹੀ। ਆਪਦੇ ਬੱਚਿਆਂ ਦੇ ਲਈ ਦੇ ਰਹੀ ਹਾਂ। ਇਸ ਗੱਲ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਨੂਰ ਜਹਾਨ ਦਾ ਦਿਲ ਦਰਦ ਨਾਲ ਭਰਿਆ ਹੋਇਆ ਹੈ। ਇਹ ਪੈਸੇ ਮੈਨੂੰ ਨੂਰਜਹਾਨ ਨੇ ਦਿੱਤੇ ਸੀ, ਇਸ ਲਈ ਮੈਂ ਇਹ ਮਾਣ ਦੇ ਨਾਲ ਪ੍ਰਵਾਨ ਕਰ ਲਏ। ਜਦੋਂ ਮੈਂ ਤੁਰਨ ਲੱਗਾ ਤਾਂ ਮੇਰੀ ਜੇਬ ਤੋਂ ਉਹ ਨੋਟ ਬਾਹਰ ਨਜ਼ਰ ਆ ਰਹੇ ਸੀ। ਨੂਰਜਹਾਨ ਨੇ ਫਿਰ ਆਖਿਆ, "ਸੰਭਾਲ ਕੇ ਰੱਖੋ, ਕਿਤੇ ਡਿੱਗ ਨਾ ਪੈਣ।" ਨਿਰਸੰਦੇਹ ਨੂਰਜਹਾਨ ਦੀ ਸੁੰਦਰਤਾ ਦਾ ਜਵਾਬ ਹੀ ਨਹੀਂ ਅਤੇ ਉਸਦਾ ਹੁਸਨ, ਉਸਦੀ ਆਵਾਜ਼ ਹੈ। ਕਿਸੇ ਗਾਇਕਾ ਨੇ ਉਸ ਵਰਗਾ ਨਹੀਂ ਗਾਇਆ। ਉਸਦਾ ਆਪਣਾ ਵੱਖਰਾ ਹੀ ਅੰਦਾਜ਼ ਹੈ। ਸਾਡੀ ਫਿਲਮ ਦਸਤਕਾਰੀ ਵਿਚ ਨੂਰਜਹਾਨ ਦਾ ਕੋਈ ਬਦਲ ਪੈਦਾ ਨਹੀਂ ਹੋਇਆ। ਜਦ ਤੋਂ



ਮੈਂ ਹੋਸ਼ ਸੰਭਾਲੀ ਹੈ, ਮੈਂ ਉਸਦਾ ਪ੍ਰਸ਼ੰਸਕ ਚੱਲਿਆ ਆ ਰਿਹਾ ਹਾਂ। ਨੂਰਜਹਾਨ ਦੀ ਆਵਾਜ਼ ਹਰ ਦਿਲ ਦੀ ਆਵਾਜ਼ ਬਣ ਗਈ ਹੈ, ਜਿਵੇਂ ਦਿਲ ਦੀ ਧੜਕਣ ਹੁੰਦੀ ਹੈ। ਕੋਈ ਵੀ ਉਸਦੇ ਹੁਸਨ ਤੋਂ ਇਨਕਾਰ ਨਹੀਂ ਕਰ ਸਕਦਾਂ। ਸਭ ਹੀ ਉਸਦੇ ਪ੍ਰਸ਼ੰਸਕ ਹਨ ਤੇ ਨੂਰਜਹਾਨ ਨੂੰ ਪਿਆਰ ਕਰਦੇ ਹਨ। ਮੈਂ ਮਲਕਾ ਤਰੰਨਮ ਦੇ ਬਾਰੇ ਇਹ ਨਜ਼ਮ ਲਿਖੀ ਸੀ -

ਹਜੂਮੇ ਯਾਸ ਮੇਂ ਜੋਤ ਆਸ ਕੀ ਤਿਰੀ ਆਵਾਜ਼
ਹਮ ਅਹਿਲੇ-ਦਰਦ ਕੀ ਹੈ ਜ਼ਿੰਦਗੀ ਤਿਰੀ ਆਵਾਜ਼।

ਲਬੋਂ ਪੇ ਖਿਲਤੇ ਰਹੇ ਫੂਲ ਸ਼ਿਅਰੋ ਨਗ਼ਮਾ ਕੇ,
ਫ਼ਿਜ਼ਾ ਮੇਂ ਰੰਗ ਬਖੇਰੇ ਯੂੰ ਹੀ ਤਿਰੀ ਆਵਾਜ਼।

ਦਿਆਰੇ ਦੀਦਾ-ਓ-ਦਿਲ ਮੇਂ ਹੈ ਰੌਸ਼ਨੀ ਤੁਝ ਸੇ,
ਹੈ ਚਿਹਰਾ ਚਾਂਦ ਮਧੁਰ ਚਾਂਦਨੀ ਤਿਰੀ ਆਵਾਜ਼।

ਹੋ ਨਾਜ਼ ਕਿਓਂ ਨਾ ਮੁਕੱਦਮ ਪੇ ਅਪਨੇ ਨੂਰ ਜਹਾਂ
ਤੁਝੇ ਕਰੀਬ ਸੇ ਦੇਖਾ, ਸੁਨੀ ਤਿਰੀ ਆਵਾਜ਼।
ਨਾ ਮਿਟ ਸਕੇਗਾ ਤਿਰਾ ਨਾਮ ਰਹਿਤੀ ਦੁਨੀਆਂ ਤੱਕ,
ਰਹੇਗੀ ਯੂੰ ਹੀ ਸਦਾ ਗੂੰਜਦੀ ਤਿਰੀ ਆਵਾਜ਼।

ਮੇਰੇ ਇਕ ਦੋਸਤ ਹਨ, ਡਾਕਟਰ ਸਲਾਹ-ਉਲਦੀਨ ਅਕਬਰ। ਬੜੇ ਚੰਗੇ ਸਾਹਿਤਕਾਰ ਹਨ- ਅਲਾਮਾ ਗੁਲਾਮ ਅਹਿਮਦ ਪ੍ਰਵੇਜ਼ ਤੋਂ ਪ੍ਰਭਾਵਿਤ ਹਨ। ਜੋ ਮੇਰੇ ਵੀ ਦੋਸਤ ਹਨ। ਉਹ ਮੇਰੇ ਕੋਲੋਂ ਗ਼ਜ਼ਲ ਸੁਣਦੇ ਹੁੰਦੇ ਸਨ। ਅਲਾਮਾ ਪ੍ਰਵੇਜ਼ ਈਦ ਮੇਲਾ ਤੇ ਆਲੰਬਨੀ ਦਾ ਦਿਨ ਹਾਰਮੋਨੀਅਮ ਵਜੋਂ ਕੇ ਮਨਾਇਆ ਕਰਦੇ ਸਨ। ਉਹ ਕਹਿੰਦੇ ਸਨ, ਇਹ ਖੁਸ਼ੀ ਦਾ ਦਿਨ ਹੈ। ਇਸ ਵਿਚ ਸਾਜ਼ ਤੇ ਆਵਾਜ਼ ਵੀ ਸ਼ਾਮਿਲ ਹੋਣੀ ਚਾਹੀਦੀ ਹੈ। ਡਾਕਟਰ ਸਲਾਹ-ਅਲਦੀਨ ਅਕਬਰ ਮੇਰਾ ਤੇ ਮੇਰੇ ਪਰਿਵਾਰ ਦਾ ਇਲਾਜ਼ ਮੁਫ਼ਤ ਕਰਦੇ ਹੁੰਦੇ ਸਨ। ਉਸਨੇ ਮੈਨੂੰ ਫਰਮਾਇਸ਼ ਪਾਈ ਕਿ "ਆਪ ਸਾਨੂੰ ਮੈਡਮ ਨੂਰਜਹਾਨ ਦਾ ਗਾਣਾ ਸੁਣਵਾਓ" ਮੈਂ ਉਥੋਂ ਹੀ ਮੈਡਮ ਨੂੰ ਫੋਨ ਕੀਤਾ। ਉਸਨੇ ਕਿਹਾ, ਤੁਰੰਤ ਆ ਜਾਓ। ਮੈਂ ਉਸਨੂੰ ਦੱਸਿਆ ਕਿ ਇਸ ਵੇਲੇ ਮੇਰੇ ਨਾਲ ਇਕ ਡਾਕਟਰ ਬੈਠੇ ਹੋਏ ਹਨ, ਜੋ ਆਪ ਨੂੰ ਮਿਲਣਾ ਚਾਹੁੰਦੇ ਹਨ। ਆਖਣ ਲੱਗੀ, "ਮੈਂ ਬੀਮਾਰ ਨਹੀਂ ਹਾਂ।" ਜਦੋਂ ਮੈਂ ਉਸਨੂੰ ਦੱਸਿਆ ਕਿ ਉਹ ਸਿਰਫ਼ ਆਪ ਨੂੰ ਮਿਲਣਾ ਚਾਹੁੰਦੇ ਹਨ। ਤਾਂ ਉਸਨੇ ਆਖਿਆ, "ਉਸ ਨੂੰ ਵੀ ਲੈ ਆਓ।"

ਮੈਂ ਤੇ ਸਲਾਹ-ਅਲਦੀਨ ਅਕਬਰ ਮੈਡਮ ਦੇ ਘਰ ਚਲੇ ਗਏ। ਉਹ ਆਪਣਾ ਨਾਵਲ "ਇਨਸਾਨ" ਵੀ ਨਾਲ ਲੈ ਗਏ। ਇਸ ਉੱਤੇ ਉਸਨੇ "ਏਸ਼ੀਆ ਦੀ ਮਹਾਨ ਸੰਗੀਤਕਾਰ

ਨੂਰਜਹਾਨ ਦੇ ਲਈ" ਲਿਖ ਕੇ ਨੂਰਜਹਾਨ ਨੂੰ ਉਹ ਕਿਤਾਬ ਦੇ ਦਿੱਤੀ। ਜਦ ਮੈਂ ਨੂਰਜਹਾਨ ਨੂੰ ਆਖਿਆ ਕਿ ਡਾਕਟਰ ਸਾਹਿਬ ਆਪ ਦੇ ਵੱਡੇ ਪ੍ਰਸ਼ੰਸਕ ਹਨ, ਇਹਨਾਂ ਨੂੰ ਕੁਝ ਸੁਣਾਓ ਤਾਂ ਉਹ ਬੋਲੀ, "ਮੇਰਾ ਗਲ਼ਾ ਬੈਠਿਆ ਹੋਇਆ ਹੈ। ਪਹਿਲਾਂ ਇਸਨੂੰ ਖੜ੍ਹਾ ਕਰੋ, ਤਾਂ ਕੁਝ ਸੁਣਾਵਾਂ।" ਇਸਦੇ ਬਾਵਜੂਦ ਨੂਰਜਹਾਨ ਨੇ ਕੁਝ ਸੁਣਾਇਆ। ਜਿਸਨੂੰ ਸੁਣ ਕੇ ਡਾਕਟਰ ਸੰਤੁਸ਼ਟ ਹੋ ਗਿਆ। ਨੂਰਜਹਾਨ ਨੇ ਮੇਰੇ ਅਣਗਿਣਤ ਗੀਤ ਗਾਏ ਹਨ। ਮੈਨੂੰ ਉਸ ਦਿਨ ਬਹੁਤ ਖੁਸ਼ੀ ਹੋਈ, ਜਿਸ ਦਿਨ ਉਹਨਾਂ ਨੇ ਮੇਰਾ ਇਹ ਨਗ਼ਮਾ ਗਾਇਆ –

ਜ਼ੁਲਮ ਰਹੇ ਔਰ ਅਮਨ ਭੀ ਹੋ,
ਕਿਆ ਮੁਮਕਿਨ ਹੈ ਤੁਮ ਹੀ ਕਹੋ।

ਹੰਸਤੀ ਗਾਤੀ ਰੌਸ਼ਨ ਵਾਦੀ
ਤਾਰੀਕੀ ਮੇਂ ਡੂਬ ਗਈ
ਬੀਤੀ ਦਿਨ ਕੀ ਲਾਸ਼ ਪੇ ਐ ਦਿਲ
ਮੈਂ ਰੋਤਾ ਹੂੰ, ਤੁਮ ਭੀ ਰੋ
ਜ਼ੁਲਮ ਰਹੇ ਔਰ ਅਮਨ ਭੀ ਹੋ।

ਹਰ ਧੜਕਨ ਪਰ ਖ਼ੌਫ਼ ਕੇ ਸਾਏ
ਹਰ ਆਂਸੂ ਪਰ ਪਾਬੰਦੀ
ਯਿਹ ਜੀਵਨ ਭੀ ਕਿਆ ਜੀਵਨ ਹੈ
ਆਗ ਲਗੇ ਇਸ ਜੀਵਨ ਕੋ
ਜ਼ੁਲਮ ਰਹੇ ਔਰ ਅਮਨ ਭੀ ਹੋ।

ਅਪਨੇ ਹੋਂਟ ਸੀਏ ਹੈ ਤੁਮ ਨੇ
ਮੇਰੀ ਜ਼ਬਾਂ ਕੋ ਮਤ ਰੋਕੋ
ਤੁਮ ਕੋ ਅਗਰ ਤੌਫ਼ੀਕ ਨਹੀਂ ਤੋ
ਮੁਝ ਕੋ ਹੀ ਸੱਚ ਕਹਿਨੇ ਦੋ।
ਜ਼ੁਲਮ ਰਹੇ ਔਰ ਅਮਨ ਭੀ ਹੋ,
ਕਿਆ ਮੁਮਕਿਨ ਹੈ ਤੁਮ ਹੀ ਕਹੋ।

ਮੈਂ ਉਨ੍ਹਾਂ ਨੂੰ ਆਖਿਆ ਕਿ ਮੈਡਮ, ਆਪ ਨੇ ਹੁਣ ਤੀਕ ਜਿੰਨੇ ਗੀਤ ਗਾਏ ਹਨ, ਉਹ ਬਹੁਤ ਚੰਗੇ ਹਨ। ਐਪਰ ਇਸ ਗੀਤ ਦੀ ਫ਼ਿਜ਼ਾ ਕੁਝ ਹੋਰ ਹੀ ਹੈ ਤੇ ਉਸਤੋਂ ਵੱਖਰੀ ਹੈ। ਇਹ ਇਕ ਕੌਮਾਂਤਰੀ ਵਿਚਾਰ ਵਾਲਾ ਗੀਤ ਹੈ। ਮੈਂ ਇਹ ਲਿਖਿਆ ਵੀ ਸੀ ਕਿ ਇਸਦਾ ਵਿਚਾਰ ਰੂਸ ਅਤੇ ਚੀਨ ਦੇ ਪ੍ਰਸੰਗ ਵਿੱਚ ਹੈ। ਜਦੋਂ ਨੂਰਜਹਾਂਨ ਬੀਮਾਰ ਹੋ ਗਈ। ਅਮਰੀਕਾ ਵਿਚ



ਉਸਦਾ ਆਪਰੇਸ਼ਨ ਸੀ। ਇਥੇ ਇਕ ਜਲਸਾ ਹੋਇਆ। ਮੈਂ ਮੈਡਮ ਬਾਰੇ ਲਿਖੀ ਉਹੀ ਨਜ਼ਮ ਇਸ ਜਲਸੇ ਵਿਚ ਪੜ੍ਹੀ ਸੀ। ਉਹ ਹੁਣ ਤੀਕ ਚੰਗਾ ਗਾ ਰਹੀ ਹੈ। ਸਾਡੇ ਪਾਕਿਸਤਾਨ ਵਿਚ, ਉਸ ਤੋਂ ਚੰਗਾ ਗਾਉਣ ਵਾਲਾ ਕੋਈ ਨਹੀਂ ਹੈ। ਹਿੰਦੁਸਤਾਨ ਵਿਚ ਲਤਾ ਮੰਗੇਸ਼ਕਰ ਦੇ ਬਾਅਦ ਹੋਰ ਵੀ ਕੁਝ ਔਰਤਾਂ ਨੇ ਪ੍ਰਵਾਨਗੀ ਪ੍ਰਾਪਤ ਕੀਤੀ ਹੈ। ਨਿਰਸੰਦੇਹ ਉਸਦਾ ਵੀ ਕੋਈ ਜਵਾਬ ਨਹੀਂ। ਜਵਾਬ ਇਸਦਾ ਵੀ ਨਹੀਂ।

2.

ਇਹ ਘਟਨਾ ਪਾਕਿਸਤਾਨ ਦੇ ਪ੍ਰਸਿੱਧ ਕਾਲਮ ਲੇਖਕ ਹਾਮਦ ਮੀਰ ਨੇ ਕਾਲਮ, "ਦੀਵਾਨਾ ਸ਼ਾਇਰ" ਅਤੇ "ਸਰਕਸ਼ ਮਲਕਾ" ਦੇ ਅਨੁਵਾਦ ਹੇਠ ਲਿਖੀ ਸੀ ਤੇ ਇਹ ਹਬੀਬ ਜਾਲਿਬ ਦੇ ਕਰਾਚੀ ਰਹਿੰਦੇ ਛੋਟੇ ਭਰਾ ਤੇ ਉੱਘੇ ਉਰਦੂ ਲੇਖਕ ਸਈਦ ਪ੍ਰਵੇਜ਼ ਦੀ ਕਿਤਾਬ "ਹਬੀਬ ਜਾਲਿਬ ਸ਼ਖ਼ਸੀਅਤ ਔਰ ਫ਼ਨ" ਵਿਚੋਂ ਲਈ ਗਈ ਹੈ। ਮੀਰ ਲਿਖਦੇ ਹਨ, ਇੱਕ ਵਾਰ ਮੈਂ ਜਾਲਿਬ ਸਾਹਿਬ ਨੂੰ ਪੁੱਛਿਆ, "ਨੂਰਜਹਾਨ ਆਪਣੀ ਪ੍ਰਸਿੱਧੀ ਦੀਆਂ ਉਚਾਣਾਂ ਉੱਤੇ ਹੈ। ਫਿਲਮਾਂ ਦੇ ਪ੍ਰੋਡੀਊਸਰ ਅਤੇ ਸੰਗੀਤਕਾਰ ਉਸਦੇ ਗਾਣੇ ਲਈ ਵਕਤ ਲੈਣ ਵਾਸਤੇ ਮਾਰੇ-ਮਾਰੇ ਫਿਰਦੇ ਰਹਿੰਦੇ ਹਨ। ਨੂਰਜਹਾਨ ਦੇ ਗਾਣਿਆਂ ਦਾ ਪ੍ਰੋਗਰਾਮ ਕਈ-ਕਈ ਮਹੀਨੇ ਪਹਿਲਾਂ ਹੀ ਤੈਅ ਹੋ ਜਾਂਦਾ ਹੈ, ਪਰ ਆਪ ਜਦ ਫੋਨ ਕਰਦੇ ਹੋ, ਤਾਂ ਉਹ ਆਪ ਨੂੰ ਤੁਰੰਤ ਮੁਲਾਕਾਤ ਲਈ ਵਕਤ ਦੇ ਦਿੰਦੀ ਹੈ ਅਤੇ ਆਪ ਚਾਰ ਦੋਸਤਾਂ ਨੂੰ ਨਾਲ ਲੈ ਕੇ ਜਾਂਦੇ ਹੋ। ਇਕ ਪੈਸਾ ਖਰਚ ਨਹੀਂ ਕਰਦੇ ਅਤੇ ਨੂਰਜਹਾਨ ਕੋਲੋਂ ਤਿੰਨ-ਚਾਰ ਫਰਮਾਇਸ਼ੀ ਗ਼ਜ਼ਲਾਂ ਸੁਣ ਕੇ ਵਾਪਸ ਚਲੇ ਆਉਂਦੇ ਹੋ।"

ਹਬੀਬ ਜਾਲਿਬ ਸਾਹਿਬ ਨੇ ਕਹਿਕਹਾ ਲਗਾਇਆ ਅਤੇ ਆਖਿਆ, "ਇਹ ਸਵਾਲ ਮੈਂ ਵੀ ਇਕ ਵਾਰ ਮੈਡਮ ਨੂਰਜਹਾਨ ਨੂੰ ਪੁੱਛਿਆ ਸੀ ਕਿ "ਆਪ ਜ਼ਨਾਨੀ ਹੁੰਦੇ ਹੋਏ ਵੱਡੇ-ਵੱਡੇ ਤੀਸ ਮਾਰ ਖਾਨ ਪ੍ਰੋਡੀਊਸਰਾਂ ਨੂੰ ਮਰਦਾਂ ਵਾਲੀਆਂ ਗਾਲ੍ਹਾਂ ਕੱਢਦੇ ਹੋ। ਨੱਕ ਤੇ ਮੱਖੀ ਨਹੀਂ ਬਹਿਣ ਦਿੰਦੇ। ਪਰ ਮੇਰੀਆਂ ਗੁਸਤਾਖੀਆਂ ਨੂੰ ਨਖਰਾ ਸਮਝ ਕੇ ਅਣਡਿੱਠ ਕਰ ਦਿੰਦੇ ਹੋ ਤਾਂ ਆਖ਼ਿਰ ਕਿਉਂ" ਤਾਂ ਮੈਡਮ ਨੂਰਜਹਾਨ ਨੇ ਜਵਾਬ ਦਿੱਤਾ, "ਜਾਲਿਬ ਸਾਹਬਿ, ਆਪ ਦੇ ਨਾਲ ਇਸ਼ਕ ਲੜਾਉਣਾ ਸੰਭਵ ਨਹੀਂ ਕਿਉਂਕਿ ਆਪ ਨੂੰ ਔਰਤ ਦੇ ਇਸ਼ਕ ਵਿਚ ਜ਼ਲੀਲ ਤੇ ਖਵਾਰ ਹੋਣਾ ਨਹੀਂ ਆਉਂਦਾ। ਆਪ ਤਾਂ ਸੱਚੇ ਸ਼ਿਅਰ ਆਖ ਕੇ ਲਾਠੀਆਂ ਖਾਣ ਅਤੇ ਜੇਲ੍ਹਾਂ ਵਿਚ ਜਾਣ ਵਾਲੇ ਦੀਵਾਨਿਆਂ ਵਿਚੋਂ ਇਕ ਹੋ ਅਤੇ ਆਪ ਜਿਹੇ ਦੀਵਾਨਿਆਂ ਦੀ ਸੇਵਾ ਦਾ ਮਾਣ ਪ੍ਰਾਪਤ ਕਰ ਲੈਣਾ ਮੇਰੇ ਲਈ ਮਾਣ ਦੇ ਕਾਬਿਲ ਹੈ।"

ਇਕ ਵਾਰ ਅਖ਼ਬਾਰ ਵਿਚ ਇਕ ਤਸਵੀਰ ਛਪੀ ਸੀ। ਜਿਸ ਵਿਚ ਮਰਹੂਮ ਜਨਰਲ ਜ਼ਿਆ-ਉਲ-ਹੱਕ ਨੇ ਨੂਰਜਹਾਂ ਦੇ ਹੱਥ ਨੂੰ ਆਪਣੇ ਹੱਥ ਵਿਚ ਲੈ ਕੇ ਆਪਣੇ ਸੀਨੇ ਨਾਲ ਲਗਾ ਕੇ ਰੱਖਿਆ ਸੀ। ਇਹ ਤਸਵੀਰ ਵੇਖ ਕੇ ਜਾਲਿਬ ਸਾਹਿਬ ਨੇ ਮੈਡਮ ਨੂਰਜਹਾਂ ਨੂੰ ਫੋਨ ਕੀਤਾ ਤੇ ਕਿਹਾ, "ਜਿਸ ਸ਼ਖ਼ਸ ਦੇ ਵਿਰੁੱਧ ਅਸੀਂ ਸਵੇਰ ਸ਼ਾਮ ਲਿਖਦੇ ਹਾਂ, ਆਪਨੇ ਉਸਦੇ

ਹੱਥਾਂ ਵਿਚ ਹੱਥ ਦੇ ਦਿੱਤਾ।" ਮੈਡਮ ਨੇ ਜਵਾਬ ਦਿੱਤਾ, "ਜ਼ਿਆ ਸਾਹਿਬ ਨੇ ਖ਼ੁਦ ਮੇਰਾ ਹੱਥ ਆਪਣੇ ਹੱਥਾਂ ਵਿਚ ਲੈ ਲਿਆ। ਆਪ ਤਸ਼ਰੀਫ ਲਿਆਓ, ਮੈਂ ਆਪਦਾ ਹੱਥ, ਆਪਣੇ ਹੱਥਾਂ ਵਿਚ ਲੈ ਲਵਾਂਗੀ।"

ਜਾਲਿਬ ਸਾਹਿਬ ਮੈਡਮ ਨੂਰਜਹਾਂ ਦੇ ਬੰਗਲੇ ਪਹੁੰਚ ਗਏ ਅਤੇ ਆਪਣਾ ਹੱਥ ਅੱਗੇ ਵਧਾਉਂਦੇ ਹੋਏ ਕਿਹਾ, "ਮੈਂ ਇਹਨਾਂ ਉਂਗਲੀਆਂ ਨਾਲ ਇਕ ਜ਼ਬਰਦਸਤ ਨਜ਼ਮ ਆਖੀ ਸੀ।" ਤੇ ਫਿਰ ਉਹਨਾਂ ਨੇ ਮੈਡਮ ਦੇ ਹੱਥਾਂ ਵਿਚ ਆਪਣਾ ਕਮਜ਼ੋਰ ਤੇ ਬੁੱਢਾ ਹੱਥ ਦੇ ਕੇ ਇਹ ਜ਼ੋਰਵਾਰ ਨਜ਼ਮ ਪੜ੍ਹੀ-

ਜ਼ੁਲਮਤ ਕੋ ਜ਼ਿਆ, ਸਰ ਸਰ ਕੋ ਸਬਾ, ਬੰਦੇ ਕੋ ਖ਼ੁਦਾ ਕਿਆ ਲਿਖਨਾ।
ਪੱਥਰ ਕੋ ਗੌਹਿਰ, ਦੀਵਾਰ ਕੋਦਰ, ਨਰਗਸ ਕੋ ਹੁਮਾ ਕਿਆ ਲਿਖਨਾ।
ਇੱਕ ਹਸ਼ਰ ਬਪਾ ਹੈ, ਘਰ ਘਰ ਮੇਂ ਦਮ ਘੁਟਤਾ ਹੈ ਗੁੰਬਦੇ-ਬੇ-ਦਰ ਮੇਂ
ਇਕ ਸਖ਼ਸ਼ ਨੇ ਹਾਥੋਂ ਮੁੱਦਤ ਸੇ, ਰੁਸਵਾ ਹੈ ਵਤਨ ਦੁਨੀਆਂ ਭਰ ਮੇਂ
ਐ ਦੀਦਾ-ਵਰੋ, ਇਸ ਜ਼ਿੱਲਤ ਕੋ, ਕਿਸਗਤ ਕਾ ਲਿਖਾ ਕਿਆ ਲਿਖਨਾ।

ਮੈਡਮ ਨੇ ਨਾ ਸਿਰਫ਼ ਇਹ ਕਵਿਤਾ ਸੁਣੀ, ਸਗੋਂ ਇਕ ਫੋਟੋਗ੍ਰਾਫਰ ਬੁਲਾ ਕੇ ਤਸਵੀਰ ਖਿਚਾਈ। ਜਿਸ ਵਿਚ ਉਹਨਾਂ ਨੇ ਜਾਲਿਬ ਸਾਹਿਬ ਦਾ ਹੱਥ ਫੜਿਆ ਹੋਇਆ ਸੀ। ਤਸਵੀਰ ਉਹਨਾਂ ਨੇ ਜਾਲਿਬ ਦੇ ਹਵਾਲੇ ਕੀਤੀ ਤੇ ਕਿਹਾ ਕਿ, "ਬੇਸ਼ੱਕ ਅਖ਼ਬਾਰਾਂ ਵਿਚ ਇਹ ਤਸਵੀਰ ਛਪਵਾ ਦਿਓ। ਮੈਂ ਕਿਸੇ ਜਰਨੈਲ ਤੋਂ ਨਹੀਂ ਡਰਦੀ।" ਜਾਲਿਬ ਸਾਹਿਬ ਨੇ ਇਹ ਤਸਵੀਰ ਸੰਭਾਲੀ ਰੱਖੀ। ਜਨਰਲ ਜ਼ਿਆ-ਉਲ-ਹੱਕ ਦੀ ਮੌਤ ਦੇ ਕਈ ਸਾਲ ਬਾਅਦ ਆਪਣੀ "ਆਪ-ਬੀਤੀ" ਵਿਚ ਸ਼ਾਮਿਲ ਕੀਤੀ ਸੀ। ਹੁਣ ਨਾ ਜ਼ੁਲਮਤ ਨੂੰ ਜ਼ਿਆ ਤੇ ਬੰਦੇ ਨੂੰ ਖ਼ੁਦਾ ਲਿਖਣ ਤੋਂ ਇਨਕਾਰ ਕਰਨ ਵਾਲਾ ਸ਼ਾਇਰ ਬਾਕੀ ਹੈ ਅਤੇ ਨਾ ਇਸਦੀ ਇੱਜ਼ਤ ਵਧਾਉਣ ਵਾਲੀ ਸਰਕਸ਼ ਮਲਕਾ ਤਰੰਨਮ ਨੂਰ-ਜਹਾਂ ਹੈ। ਸਿਰਫ਼ ਯਾਦਾਂ ਰਹਿ ਗਈਆਂ ਹਨ। ਅੱਲਾ ਤਾਲਾ ਦੋਵਾਂ ਉੱਤੇ ਆਪਣੀਆਂ ਰਹਿਮਤਾਂ ਨਾਜ਼ਿਲ ਫੁਰਮਾਵੇ।

## 6. ਸ਼ੇਖ਼ ਖ਼ੁਰਸ਼ੀਦ

ਸ਼ੇਖ਼ ਖ਼ੁਰਸ਼ੀਦ ਬੜੇ ਵੱਖਰੇ ਅਤੇ ਜ਼ਹੀਨ ਆਦਮੀ ਸੀ ਅਤੇ ਕਵਿਤਾ ਦੇ ਪਾਰਖੂ ਸਨ। ਉਹਨਾਂ ਦਾ ਸੁਭਾਅ ਕੁਝ ਸੂਫੀਵਾਦ ਵੱਲ ਵਧੇਰੇ ਸੀ ਤੇ ਉਹ ਤਸੱਵਫ-ਪਸੰਦ ਸਨ। ਕਾਫੀ ਹਾਊਸ ਵਿਚ ਉਹ ਵੀ ਆਇਆ ਕਰਦੇ ਸਨ। ਹਮੀਦ ਨਿਜ਼ਾਮੀ, ਸ਼ੇਖ਼ ਖ਼ੁਰਸ਼ੀਦ ਅਤੇ ਨਜ਼ੀਮ ਹਸਨ ਸ਼ਾਹ ਤਿੰਨਾਂ ਦਾ ਗਰੁੱਪ ਸੀ। ਸ਼ੇਖ਼ ਖ਼ੁਰਸ਼ੀਦ ਮਰਿਜਾਨੇ ਮਰੰਜ ਆਦਮੀ ਸਨ। ਸੁਭਾਅ ਵਜੋਂ ਆਜ਼ਾਦੀ ਪਸੰਦ ਸਨ। ਅਬਦੁਲ ਭੱਟ ਵੀ ਇਹਨਾਂ ਦੇ 'ਹਲਕਾ ਅਰਬਾਬੇ' ਜ਼ੌਕ ਵਿਚ ਸ਼ਾਮਿਲ ਸਨ। ਅਬਦੁੱਲਾ ਭੱਟ ਵੀ ਲਾਇਕ ਆਦਮੀ ਸਨ। ਇਹਨਾਂ ਦੀ ਲਿਆਕਤ ਤੋਂ ਲੋਕ ਪ੍ਰਭਾਵਿਤ ਸਨ ਅਤੇ ਇਹਨਾਂ ਦੇ ਲੋਕ ਮੱਦਾਹ ਸਨ। ਉਹਨਾਂ ਦੀ ਸ਼ਖ਼ਸੀਅਤ ਖ਼ੂਬਸੂਰਤ ਤੇ



ਖਿੱਚ-ਪਾਊ ਸੀ। ਉਹ ਸਾਰਾ ਦਿਨ ਆਪਣੇ ਹੀ ਵਿਰੁੱਧ ਕੰਮ ਕਰਦੇ ਰਹਿੰਦੇ ਸਨ, ਜੋ ਗੱਲ ਉਹਨਾਂ ਦੇ ਦਿਲ ਵਿਚ ਹੁੰਦੀ ਸੀ ਉਹੀ ਉਹਨਾਂ ਦੇ ਬੁੱਲ੍ਹਾਂ ਤੇ ਹੁੰਦੀ ਸੀ। ਅਬਦੁੱਲਾ ਭੱਟ ਝੂਠ ਨਹੀਂ ਬੋਲ ਸਕਦੇ ਸੀ। ਇਸ ਲਈ ਹਮੇਸ਼ਾ ਹੀ ਉਹਨਾਂ ਦਾ ਹੱਥ ਤੰਗ ਰਿਹਾ ਤੇ ਹਮੇਸ਼ਾ ਹੀ ਉਹਨਾਂ ਦੇ ਕੰਮ ਵਿਗੜਦੇ ਹੀ ਰਹੇ।

ਸ਼ੇਖ਼ ਖ਼ੁਰਸ਼ੀਦ 1962 ਦੇ ਵਿਧਾਨ ਤੋਂ ਜੋ ਅਯੂਬ ਖਾਨ ਨੇ ਕੌਮ ਦੇ ਸਿਰ ਮੜ੍ਹ ਦਿੱਤਾ ਸੀ ਬਹੁਤ ਦੁਖੀ ਸੀ। ਉਹ ਨਾਖੁਸ਼ ਸਨ ਅਤੇ ਬਹੁਤ ਜ਼ਿਆਦਾ ਉਸਦੇ ਵਿਰੁੱਧ ਸਨ। ਇਕ ਵਾਰ ਖ਼ੁਰਸ਼ੀਦ ਨੇ ਮੈਨੂੰ ਕਾਫੀ-ਹਾਊਸ ਤੋਂ ਉਠਾ ਲਿਆ ਅਤੇ ਆਪਣੀ ਕਾਰ ਵਿਚ ਬਿਠਾ ਲਿਆ। ਮਾਲ ਰੋਡ ਉੱਤੇ ਅਸੀਂ ਸਫ਼ਰ ਕਰ ਰਹੇ ਸੀ। ਰਸਤੇ ਵਿਚ ਉਹਨਾਂ ਨੇ ਮੈਨੂੰ ਆਖਿਆ ਕਿ ਇਹ ਵਿਧਾਨ ਲਾਇਲਪੁਰ ਦੇ ਘੰਟਾ ਘਰ ਵਰਗਾ ਹੈ। ਜਿਧਰ ਤੋਂ ਜਾਓ, ਸਾਹਮਣੇ ਸਦਰ ਆਉਂਦਾ ਹੈ। ਉਹ 62 ਦੇ ਦਸਤੂਰ ਤੋਂ ਸੰਤੁਸ਼ਤ ਨਹੀਂ ਸਨ। ਸੁਣ ਕੇ ਮੈਂ ਬਹੁਤ ਖੁਸ਼ ਹੋਇਆ ਕਿ ਏਨਾ ਵੱਡਾ ਅਕਲਮੰਦ ਵਿਅਕਤੀ ਇਸ ਦਸਤੂਰ (ਵਿਧਾਨ) ਦੇ ਵਿਰੁੱਧ ਸੀ। ਅਸੀਂ ਵੀ ਅਯੂਬ ਖਾਨ ਦੀ ਤਾਨਾਸ਼ਾਹੀ ਅਤੇ ਉਸਦੇ ਦਸਤੂਰ ਦੇ ਵਿਰੁੱਧ ਲੜ ਰਹੇ ਸੀ। ਹਾਲੀਂ ਦੋ ਚਾਰ ਦਿਨ ਹੀ ਲੰਘੇ ਸਨ ਕਿ ਸ਼ੇਖ਼ ਖ਼ੁਰਸ਼ੀਦ ਕਾਨੂੰਨ-ਮੰਤਰੀ ਬਣ ਗਏ ਤੇ ਅਯੂਬ ਖਾਨ ਦੇ ਨਾਲ ਮਿਲ ਗਏ। ਉਹਨਾਂ ਦੀ ਤਸਵੀਰ "ਪਾਕਿਸਤਾਨ ਟਾਈਮਜ਼" ਵਿਚ ਛਪੀ। ਜਿਸ ਵਿਚ ਉਹਨਾਂ ਨੇ ਟੋਪੀ ਪਾਈ ਹੋਈ ਸੀ। ਮੈਂ ਉਹਨਾਂ ਉੱਤੇ ਇਹ ਸ਼ਿਅਰ ਜੋੜਿਆ

**ਕਰਨੇ ਖ਼ੁਦ ਅਪਨੀ ਬਾਤ ਕੀ ਤਰਦੀਦ ਆ ਗਿਆ**
**ਟੋਪੀ ਪਹਿਨ ਕੇ ਹਾਲ ਮੇਂ ਖ਼ੁਰਸ਼ੀਦ ਆ ਗਿਆ।**

ਇਹ ਸ਼ਿਅਰ ਛਪ ਗਿਆ ਅਤੇ ਉਹਨਾਂ ਤੀਕ ਵੀ ਪਹੁੰਚ ਗਿਆ। ਮੈਂ ਇਸਲਾਮਾਬਾਦ ਗਿਆ ਹੋਇਆ ਸੀ। ਸ਼ਾਇਦ ਅਸੈਂਬਲੀ ਦਾ ਸੈਸ਼ਨ ਸੀ। ਮੈਂ ਨੈਸ਼ਨਲ ਅਵਾਮੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਮਸੀਹ-ਉਲ ਰਹਿਮਾਨ ਨਾਲ ਗੱਲਾਂ ਕਰ ਰਿਹਾ ਸੀ ਕਿ ਸ਼ੇਖ਼ ਖ਼ੁਰਸ਼ੀਦ ਆਉਂਦੇ ਵਿਖਾਲੀ ਦਿੱਤੇ। ਸ਼ੇਖ਼ ਖ਼ੁਰਸ਼ੀਦ ਨੇ ਮੈਨੂੰ ਵੇਖ ਲਿਆ ਤੇ ਆਖਿਆ, "ਮੈਂ ਉਹ ਸ਼ਿਅਰ ਸੁਣ ਲਿਆ ਹੈ ਤੇ ਮੇਰੇ ਤੱਕ ਉਹ ਪਹੁੰਚ ਗਿਆ ਹੈ। ਪਰ ਮੈਂ ਆਪਣੇ ਚੈਂਬਰ ਵਿਚ ਤੈਨੂੰ ਕਾਫ਼ੀ ਪਿਆਵਾਂਗਾ ਅਤੇ ਸੁਣਾਂਗਾ।" ਮਸੀਹ-ਉਲ ਰਹਿਮਾਨ ਨੇ ਆਖਿਆ, "ਭਾਈ ਇਸਨੂੰ ਅੰਦਰ ਨਾ ਜਾਣ ਦੇਣਾ।" ਉਹਨਾਂ ਨੇ ਕਿਹਾ, "ਪੁੱਛ ਲਓ ਇਸ ਨੂੰ, ਇਹ ਮੇਰਾ ਪੁਰਾਣਾ ਦੋਸਤ ਹੈ।" ਮੈਂ ਉਹਨਾਂ ਦੇ ਨਾਲ ਉਹਨਾਂ ਦੇ ਚੈਂਬਰ ਵਿਚ ਚਲਾ ਗਿਆ। ਉਹਨਾਂ ਨੇ ਮੈਨੂੰ ਕਾਫੀ ਪਿਆਈ ਅਤੇ ਮੇਰੇ ਕੋਲੋਂ ਬੜੀ ਖੁੱਲਦਿਲੀ ਨਾਲ ਉਹ ਸ਼ਿਅਰ ਸੁਣਿਆ। ਪੁਰਾਣੇ ਲੋਕਾਂ ਵਿਚ ਇਹ ਖ਼ੂਬਸੂਰਤੀ ਸੀ ਕਿ ਉਹਨਾਂ ਵਿਚ ਜਰਨ-ਸ਼ਕਤੀ ਹੁੰਦੀ ਸੀ। ਸ਼ੇਖ਼ ਖ਼ੁਰਸ਼ੀਦ ਉਂਝ ਵੀ ਬਹੁਤ ਜ਼ਹੀਨ, ਹਮਦਰਦ ਤੇ ਬਹੁਤ ਪਿਆਰ ਕਰਨ ਵਾਲੇ ਇਨਸਾਨ ਸਨ। ਹੁਣ ਹੋਰ ਕੋਈ ਤਾਂ ਵਚਨਬੱਧ ਨਹੀਂ ਹੁੰਦਾ ਕਿ ਅਸੀਂ ਉਸ ਤੇ ਪਾਬੰਦੀਆਂ ਲਗਾਈਏ ਕਿ ਉਹ ਜ਼ਰੂਰ ਸਾਡੇ ਨਾਲ ਰਹੇ ਜਾਂ ਆਪੋਜੀਸ਼ਨ ਦੇ ਨਾਲ ਮਿਲ ਕੇ ਜਨਤਾ ਦੇ ਹੱਕਾਂ ਲਈ ਅਮਲੀ ਤੌਰ ਤੇ ਸੰਘਰਸ਼ ਕਰੇ।

## 7. ਸੁਆਦਤ ਹਸਨ ਮੰਟੋ

ਸੁਆਦਤ ਹਸਨ ਮੰਟੋ ਨਾਲ ਮੇਰੀ ਦੋਸਤੀ ਤਾਂ ਨਹੀਂ ਸੀ ਪਰ ਅਸੀਂ ਉਸਦੇ ਪ੍ਰਸ਼ੰਸਕਾਂ ਵਿਚੋਂ ਸੀ। ਕਾਫੀ ਹਾਊਸ ਤੋਂ ਬਾਹਰ ਉਸ ਨਾਲ ਮੁਲਾਕਾਤ ਹੁੰਦੀ ਰਹਿੰਦੀ ਸੀ, ਜਾਂ ਕਦੇ ਚੌਧਰੀ ਅਬਦੁਲ ਹਮੀਦ ਦੇ 'ਮਕਤਬਾ ਕਾਰਵਾਂ' ਵਿਚ ਉਹ ਮਿਲਦੇ ਸਨ।

ਇਕ ਵਾਰ ਮੰਟੋ ਮੌਲਾਨਾ ਚਿਰਾਗ਼ ਹਸਨ ਹਸਰਤ ਨੂੰ ਪੁੱਛ ਰਹੇ ਸੀ, "ਤੇਰੀ ਜੇਬ ਵਿਚ ਕਿੰਨੇ ਰੁਪਏ ਹਨ?" ਹਸਰਤ ਸਾਹਿਬ ਨੇ ਆਖਿਆ, "ਮੇਰੀ ਜੇਬ ਵਿਚ ਪੰਦਰਾਂ ਰੁਪਏ ਹਨ।" ਮੰਟੋ ਨੇ ਕਿਹਾ, "ਦਸ ਰੁਪਏ ਮੈਨੂੰ ਦੇ ਦਿਓ ਤੇ ਪੰਜ ਰੁਪਏ ਤੁਸੀਂ ਰੱਖ ਲਓ।" ਇਹ ਪੈਸੇ ਸਪੱਸ਼ਟ ਹੈ ਕਿ ਉਸਨੇ ਪੀਣ ਲਈ ਹੀ ਮੰਗੇ ਸਨ। ਉਹਨਾਂ ਦੇ ਘਰ ਵਿਚ ਵੀ ਇਕ ਵਾਰ ਉਸ ਨਾਲ ਮੁਲਾਕਾਤ ਹੋਈ ਸੀ। ਮੰਟੋ ਬਹੁਤ ਵੱਡਾ ਅਫਸਾਨਾ-ਨਿਗਾਰ (ਕਹਾਣੀਕਾਰ) ਸੀ। ਕਹਾਣੀ ਲਿਖਣ ਵਿਚ ਉਹ ਇਸ ਕਦਰ ਮਾਹਰ ਤੇ ਪ੍ਰਬੀਨ ਸੀ ਕਿ ਹੈਰਾਨੀ ਹੁੰਦੀ ਸੀ। ਉਹ ਤੁਰੇ-ਤੁਰੇ ਜਾਂਦੇ ਵੀ ਕਹਾਣੀ ਬਣਾ ਲੈਂਦੇ ਸਨ। ਉਸਦੇ ਅਫਸਾਨਿਆਂ ਵਿਚ ਬਿਰਤਾਂਤ, ਘੱਟ ਤੇ ਵਾਰਤਾਲਾਪ ਜ਼ਿਆਦਾ ਹੁੰਦਾ ਸੀ। "ਹਲਕਾ ਅਰਬਾਬੇ ਜ਼ੌਕ" ਵਿਚ ਜਦ ਉਹਨਾਂ ਨੇ ਆਪਣੀ ਪ੍ਰਸਿੱਧ ਕਹਾਣੀ 'ਟੋਬਾ ਟੇਕ ਸਿੰਘ' ਪੜ੍ਹੀ ਸੀ ਤਾਂ ਉਸ ਦਿਨ ਦੇ ਇਜਲਾਸ ਵਿਚ ਆਮ ਤੋਂ ਉਲਟ ਹਾਜ਼ਰੀ ਬਹੁਤ ਜ਼ਿਆਦਾ ਸੀ ਅਤੇ ਉਸਨੂੰ ਇਸ ਕਹਾਣੀ ਉੱਤੇ ਐਸੀ ਦਾਦ ਮਿਲੀ ਕਿ ਜਿਵੇਂ ਕਿਸੇ ਕਵੀ ਦਰਬਾਰ ਵਿਚ ਸ਼ਾਇਰ ਨੂੰ ਦਾਦ ਮਿਲਦੀ ਹੈ।

ਸੁਆਦਤ ਹਸਨ ਮੰਟੋ ਨਾਲ ਆਖਰੀ ਮੁਲਾਕਾਤ ਐਫ. ਸੀ. ਕਾਲਜ ਵਿਚ ਹੋਈ ਸੀ, ਕਾਲਜ ਵਿਚ ਇਕ ਸਾਹਿਤਕ ਸਮਾਗਮ ਸੀ। ਜਿਸ ਵਿਚ ਮੰਟੋ ਸਾਹਿਬ ਨੇ ਇਕ ਅਫਸਾਨਾ ਪੜ੍ਹਨਾ ਸੀ। ਅਹਿਮਦ ਨਦੀਮ ਕਾਸਮੀ, ਸ਼ੌਕਤ ਥਾਨਵੀ ਅਤੇ ਮੈਂ ਉਸ ਦੇ ਨਾਲ ਸੀ, ਮਾਲ ਰੋਡ ਉੱਤੇ ਅਸੀਂ ਕਾਰ ਵਿਚ ਜਾ ਰਹੇ ਸੀ। "ਨਵਾਏ ਵਕਤ" ਦੇ ਦਰਬਾਰ ਦੇ ਕਰੀਬ ਉਸਨੇ ਗੱਡੀ ਰੁਕਵਾ ਲਈ। ਉੱਥੇ ਇਕ ਬਾਰ ਸੀ। ਜਿੱਥੋਂ ਮੰਟੋ ਸਾਹਿਬ ਨੇ ਮੈਨੂੰ ਸ਼ਰਾਬ ਲਿਆਉਣ ਲਈ ਭੇਜਿਆ। ਮੈਂ ਕਿਹਾ, "ਪਰਮਿਟ?" ਕਹਿਣ ਲੱਗੇ, "ਮੰਟੋ ਅਤੇ ਪਰਮਿਟ?" ਮੈਂ ਬਾਰ ਵਿਚ ਗਿਆ ਅਤੇ ਸ਼ਰਾਬ ਮੰਗੀ। ਉਹਨਾਂ ਨੇ ਪਰਮਿਟ ਮੰਗਿਆ। ਮੈਂ ਆਖਿਆ, 'ਮੰਟੋ' ਤਾਂ ਉਹਨਾਂ ਨੇ ਮੈਨੂੰ ਇੱਕ ਬੋਤਲ ਦੇ ਦਿੱਤੀ। ਮੈਂ ਲੰਮਾ ਜਿਹਾ ਕੋਟ ਪਾਇਆ ਹੋਈ ਸੀ ਤੇ ਬੋਤਲ ਮੈਂ ਉਸਦੇ ਅੰਦਰ-ਵਾਰ ਲੁਕਾ ਲਈ ਤੇ ਵਾਪਸ ਆ ਗਿਆ। ਮੰਟੋ ਸਾਹਿਬ ਨੇ ਪੁੱਛਿਆ, 'ਕਿੱਥੇ ਹੈ।" ਮੈਂ ਕਿਹਾ ਮੇਰੀ ਜੇਬ ਵਿਚ ਹੈ ਤੇ ਉਸ ਉੱਤੇ ਮੇਰਾ ਵੀ ਹੱਕ ਬਣਦਾ ਹੈ। ਪ੍ਰੋ. ਅਸਗਰ ਗੌ. ਕਾਲਜ ਵਾਲੇ, ਮੰਟੋ ਅਤੇ ਮੈਂ ਤਿੰਨੇ ਜਣੇ ਐਫ. ਸੀ. ਕਾਲਜ ਦੇ ਇਕ ਹਾਲ ਦੇ ਡਾਇਸ ਦੇ ਪਿੱਛੇ ਬੈਠ ਗਏ। ਮੰਟੋ ਸਾਹਿਬ ਤੇ ਮੈਂ ਦੋ-ਦੋ ਪੈੱਗ ਲਏ। ਦੋ ਉਸਨੇ ਆਪਣੇ ਲਈ ਬਚਾ ਲਏ। ਅਸੀਂ ਦੋ ਨਾਲ ਹੀ ਨਿਹਾਲ ਹੋ ਗਏ। ਅਸੀਂ ਖੁਸ਼ ਸੀ ਕਿ ਅਸੀਂ ਮੰਟੋ ਨਾਲ ਪੀਤੀ ਸੀ, ਮੰਟੋ ਸਾਹਿਬ ਉੱਤੇ ਅਸਰ ਹੋਣਾ ਸ਼ੁਰੂ ਹੋ ਗਿਆ ਤੇ ਉਨ੍ਹਾਂ ਨੇ ਆਪਣਾ ਅਫਸਾਨਾ ਪੜ੍ਹਨਾ ਸ਼ੁਰੂ ਕਰ ਦਿੱਤਾ। ਅਸੀਂ ਉਸਨੂੰ ਦਾਦ ਦੇ ਰਹੇ ਸੀ। ਤੇ ਉਹ ਸਾਨੂੰ ਡਾਂਟ ਰਹੇ ਸਨ ਕਿ 'ਹੌਲੀ



ਦਾਦ ਦਿਓ'। ਦੂਸਰੇ ਦਿਨ ਸ਼ਹਿਜਾਦ ਅਹਿਮਦ ਨੇ ਮੈਨੂੰ ਦੱਸਿਆ ਕਿ "ਮੰਟੋ ਸਾਹਿਬ ਚੜ੍ਹਾਈ ਕਰ ਗਏ ਹਨ।" ਮੈਂ ਇਹੋ ਸਮਝਿਆ ਕਿ ਉਸਨੇ ਦੋ ਪੈੱਗ ਸ਼ਰਾਬ ਪੀ ਲਈ ਸੀ ਤੇ ਇਸ ਲਈ ਮਰ ਗਿਆ ਸੀ। ਮੈਂ ਆਖਿਆ, "ਨਾ ਪੀਂਦਾ ਤਾਂ ਅੱਛਾ ਸੀ।" ਅਸੀਂ ਜੋ ਮੰਟੋ ਸਾਹਿਬ ਦੇ ਮੱਦਾਹ ਅਤੇ ਪ੍ਰਸ਼ੰਸਕ ਸੀ ਉਸਦੇ ਥੋੜ੍ਹੇ ਦਿਨ ਹੀ ਨਾਲ ਰਹੇ।

ਮੈਂ ਮੰਟੋ ਸਾਹਿਬ ਦੀ ਮੌਤ ਉੱਤੇ ਇਕ ਨਜ਼ਮ ਵੀ ਲਿਖੀ ਸੀ, ਜੋ ਮਾਹਨਾਮਾ "ਫਾਨੂਸ" ਵਿਚ ਛਪੀ ਸੀ। ਮੈਂ ਇਹ ਨਜ਼ਮ ਮੰਟੋ ਸਾਹਿਬ ਦੀ ਸਾਹਿਬਜ਼ਾਦੀ ਨੂੰ ਦਿੱਤੀ ਸੀ। ਪਤਾ ਨਹੀਂ ਉਸਨੇ ਕਿੱਥੇ ਗਵਾ ਦਿੱਤੀ ਹੋਵੇਗੀ।

ਕੁਝ ਪਾਤਰ ਕੁਝ ਘਟਨਾਵਾਂ

## 8. ਬਾਗ਼ੀ ਲੜਕੀ

ਰਿਆਜ਼ ਸ਼ਾਹਿਦ ਮਰਹੂਮ ਮੇਰੇ ਬੜੇ ਪਿਆਰੇ ਦੋਸਤ ਸਨ। ਉਹ ਕਾਫੀ-ਹਾਊਸ ਵਿਚ ਮੇਰੇ ਨਾਲ ਬੈਠਦੇ ਹੁੰਦੇ ਸਨ। ਰਿਆਜ਼ ਸਾਹਿਬ ਬੇਹੱਦ ਜ਼ਹੀਨ ਆਦਮੀ ਸਨ। ਵੱਡੇ ਕਹਾਣੀਕਾਰ ਅਤੇ ਨਾਵਲਕਾਰ ਸਨ ਅਤੇ ਇਕ ਚੰਗੇ ਸ਼ਾਇਰ ਵੀ ਸਨ। ਐਕਟਰ ਨੀਲੂ ਆਪਣੇ ਦੌਰ ਦੀ ਇਕ ਚੰਗੀ ਨਰਤਕੀ ਸੀ ਅਤੇ ਇਸਨੂੰ ਅਕਸਰ ਹੀ ਇਸ ਖ਼ੂਬੀ ਕਾਰਨ ਫ਼ਿਲਮਾਂ ਵਿਚ ਸੱਦਿਆ ਜਾਂਦਾ ਸੀ। ਉਸ ਜ਼ਮਾਨੇ ਵਿਚ ਸ਼ਹਿਨਸ਼ਾਹ ਈਰਾਨ ਦੇ ਮਾਣ ਵਿਚ ਕੋਈ ਸਮਾਗਮ ਸੀ। ਇਸ ਲਈ ਨੀਲੂ ਨੂੰ ਤਿਆਰ ਹੋਣ ਲਈ ਕਿਹਾ ਗਿਆ। ਪਰ ਆਖਣ ਦਾ ਅੰਦਾਜ਼ ਸੱਭਿਅਕ ਨਹੀਂ ਸੀ। ਨੀਲੂ ਦੇ ਰਿਆਜ਼ ਸ਼ਾਹਿਦ ਨਾਲ ਸੰਬੰਧ ਬਣ ਰਹੇ ਸੀ, ਮੁੱਢਲੇ ਸੰਬੰਧ ਸਨ ਜਾਂ ਥੋੜ੍ਹੇ ਅੱਗੇ ਚਲੇ ਗਏ ਹੋਣ। ਪਰ ਰਿਆਜ਼ ਸਾਹਿਬ ਉਸਨੂੰ ਮੂੰਹ ਪਾੜ ਕੇ ਇਹ ਨਹੀਂ ਕਹਿ ਸਕਦੇ ਸੀ ਕਿ "ਨਾ ਜਾਓ" ਪਰ ਨੀਲੂ ਨੇ ਮਹਿਸੂਸ ਕਰ ਲਿਆ ਸੀ ਕਿ ਰਿਆਜ਼ ਸ਼ਾਹਿਦ ਨਹੀਂ ਚਾਹੁੰਦੇ ਹਨ ਕਿ ਇਸ ਸਮਾਗਮ ਵਿਚ ਉਹ ਸ਼ਾਮਿਲ ਹੋਵੇ। ਇਸ ਵਿਚ ਗਵਰਨਰ ਪੰਜਾਬ ਕਾਲਾ ਬਾਗ ਵੱਲੋਂ ਜੋ ਲੋਕ ਇਸ ਕਾਰਜ ਲਈ ਨਿਸ਼ਚਿਤ ਕੀਤੇ ਗਏ ਸਨ, ਉਨ੍ਹਾਂ ਨੇ ਗੁੰਡਾਗਰਦੀ ਦੀ ਸਿਖ਼ਰ ਕਰ ਦਿੱਤੀ। ਉਸਨੂੰ ਬੁਰਾ ਕਿਹਾ ਤੇ ਤਮਾਚਾ ਵੀ ਮਾਰਿਆ। ਨੀਲੂ ਨੇ ਜਵਾਬ ਵਿਚ ਨੀਂਦ ਦੀਆਂ ਗੋਲੀਆਂ ਖਾ ਲਈਆਂ। ਮੈਂ ਤੇ ਰਿਆਜ਼ ਉਸਨੂੰ ਦੇਖਣ ਗਏ। ਉਹ ਯੂ. ਸੀ. ਐਚ. ਹਸਪਤਾਲ ਵਿਚ ਸੀ। ਜਦੋਂ ਅਸੀਂ ਵੇਖ ਕੇ ਵਾਪਸ ਆ ਰਹੇ ਸੀ ਤਾਂ ਮੈਂ ਆਖਿਆ, "ਰਿਆਜ਼ ਸ਼ਾਹਿਦ! ਨੀਲੂ ਨੇ ਬੜਾ ਹੀ ਸਾਮਰਾਜ ਵਿਰੋਧੀ ਕਰਤੱਵ ਨਿਭਾਇਆ ਹੈ। ਇਸਨੇ ਸ਼ਹਿਨਸ਼ਾਹ ਈਰਾਨ ਦੇ ਸਾਹਮਣੇ ਜੋ ਅਮਰੀਕੀ ਸਾਮਰਾਜ ਦਾ ਇਸ ਇਲਾਕੇ ਵਿਚ ਸਭ ਤੋਂ ਵੱਡਾ ਐਸ. ਐਚ. ਓ. ਹੈ ਨੱਚਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਬਾਰੇ ਵਿਚ ਇਕ ਨਜ਼ਮ ਲਿਖ ਹੋ ਗਈ ਹੈ। ਉਸਨੇ ਆਖਿਆ, "ਸੁਣਾ ਤਾਂ। ਮੈਂ ਇਹ ਨਜ਼ਮ ਕਹਿ ਦਿੱਤੀ

ਨੀਲੂ
ਤੂ ਕਿ ਨਾਵਾਕਿਫ਼ੇ ਅਦਾਬੇ-ਸ਼ਹਿਨਸ਼ਾਹੀ ਥੀ
ਰਕਸ ਜ਼ੰਜੀਰ ਪਹਿਨ ਕਰ ਭੀ ਕੀਆਂ ਜਾਤਾ ਹੈ।
ਤੁਝ ਕੋ ਇਨਕਾਰ ਕੀ ਜੁਰਅਤ ਜੋ ਹੁਈ ਤੋ ਕਿਉਂ ਕਰ
ਸਾਇਆ, ਸ਼ਾਹ ਮੇਂ ਇਸ ਤਰ੍ਹਾਂ ਜੀਆ ਜਾਤਾ ਹੈ?

ਅਹਿਲੇ-ਸਰਵੱਤ ਕੀ ਯਿਹ ਤਜਵੀਜ਼ ਹੈ ਸਰਕਸ਼ ਲੜਕੀ
ਤੁਝ ਕੋ ਦਰਬਾਰ ਮੇਂ ਕੋੜੋਂ ਸੇ ਨਚਾਇਆ ਜਾਏ
ਨਾਚਦੇ ਨਾਚਦੇ ਹੋ ਜਾਏ ਜੋ ਪਾਇਲ ਖਾਮੋਸ਼
ਫਿਰ ਨਾ ਤਾਜ਼ੀਸਤ ਤੁਝੇ ਹੋਸ਼ ਮੇਂ ਲਾਇਆ ਜਾਏ।

ਤਬ੍ਹਾ ਸ਼ਾਹਾਨਾ ਪੇ ਜੋ ਲੋਗ ਗਿਰਾਂ ਹੋਤੇ ਹੈ
ਹਾਂ, ਉਨ੍ਹੇ ਜ਼ਹਿਰ ਭਰਾ ਜਾਮ ਦੀਆ ਜਾਤਾ ਹੈ
ਤੂਕਿ ਨਾਵਾਕਫ਼ੇ ਆਦਾਬੇ ਸ਼ਹਿਨਸ਼ਾਹੀ ਥੀ
ਰਕਸ ਜ਼ੰਜੀਰ ਪਹਿਨ ਕਰ ਭੀ ਕੀਆ ਜਾਤਾ ਹੈ।

ਰਿਆਜ਼ ਸ਼ਾਹਿਦ ਨੇ ਪਿੱਛੋਂ ਇਸ ਕਵਿਤਾ ਨੂੰ ਸਾਹਮਣੇ ਰੱਖ ਕੇ ਇਕ ਕਹਾਣੀ ਫਲਸਤੀਨ ਬਾਰੇ ਲਿਖੀ ਸੀ ਤੇ ਉਸ ਉੱਤੇ "ਜ਼ਰਕਾ" ਫਿਲਮ ਬਣਾਈ ਸੀ। ਇਸ ਫਿਲਮ ਵਿਚ ਇਹੋ ਗੀਤ ਹਿੱਟ ਹੋ ਗਿਆ ਤੇ ਇਤਿਹਾਸ ਦਾ ਹਿੱਸਾ ਬਣ ਗਿਆ।

## 9. ਉਸਤਾਦ ਦਾਮਨ

ਫ਼ੈਜ਼ ਸਾਹਿਬ ਨੇ ਇਕ ਵਾਰ ਕਿਹਾ ਸੀ ਕਿ ਮੈਂ ਵੀ ਉਰਦੂ ਵਿਚ ਐਸਾ ਪ੍ਰਭਾਵਸ਼ਾਲੀ ਸ਼ਿਅਰ ਨਹੀਂ ਕਿਹਾ ਅਤੇ ਨਾ ਹੀ ਕਹਿ ਸਕਦਾ ਹਾਂ; ਜਿੰਨਾ ਪ੍ਰਭਾਵਸ਼ਾਲੀ ਸ਼ਿਅਰ ਉਸਤਾਦ ਦਾਮਨ ਪੰਜਾਬੀ ਵਿਚ ਸੌਖੀ ਤਰ੍ਹਾਂ ਕਹਿ ਜਾਂਦੇ ਹਨ। ਪੰਜਾਬੀ ਜ਼ੁਬਾਨ ਦਾ ਆਪਣਾ ਇਕ ਸੁਭਾਅ ਹੈ, ਇੱਕ ਤਾਸੀਰ ਹੈ ਅਤੇ ਆਪਣਾ ਕਲਚਰ ਹੈ। ਜੋ ਲੋਕੀਂ ਇਸ ਜ਼ੁਬਾਨ ਨੂੰ ਸਮਝਦੇ ਅਤੇ ਜਾਣਦੇ ਹਨ, ਉਹਨਾਂ ਉੱਤੇ ਪੰਜਾਬੀ ਸ਼ਿਅਰ ਦਾ ਜ਼ਿਆਦਾ ਅਸਰ ਹੁੰਦਾ ਹੈ। ਉਸਤਾਦ ਦਾਮਨ ਚੰਗੇ ਕਵੀ ਤਾਂ ਸਨ ਹੀ ਤੇ ਸਰੋਤੇ ਵੀ ਬਹੁਤ ਚੰਗੇ ਸੀ। ਮੈਂ ਜਦੋਂ ਪੰਦਰਾਂ-ਵੀਹ ਮਿੰਟ ਉਹਨਾਂ ਦੇ ਸਾਹਮਣੇ ਬੋਲਦਾ ਰਹਿੰਦਾ ਸੀ ਤਾਂ ਉਹ ਚੁੱਪ ਚਾਪ ਸੁਣਦੇ ਰਹਿੰਦੇ ਸਨ। ਫਿਰ ਮੈਂ ਉਹਨਾਂ ਨੂੰ ਕਹਿੰਦਾ ਸੀ ਕਿ ਉਸਤਾਦ ਜੀ ਕਿਤੇ ਅੱਕ ਤਾਂ ਨਹੀਂ ਗਏ ਤਾਂ ਉਹ ਕਹਿੰਦੇ ਸੀ, "ਮੈਂ ਸੁਣ ਰਿਹਾ ਹਾਂ, ਤੇਰੀਆਂ ਗੱਲਾਂ ਤੂੰ ਠੀਕ ਗੱਲ ਕਹਿ ਰਿਹਾ ਹੈ।" ਹਾਲਾਂਕਿ ਇਕ ਸ਼ਾਇਰ ਦੂਸਰੇ ਸ਼ਾਇਰ ਨਾਲ ਈਰਖਾ ਕਰਦਾ ਹੈ, ਪਰ ਉਸ ਵਿਚ ਐਸਾ ਮਾਦਾ ਨਹੀਂ ਸੀ। ਉਸਤਾਦ ਦਾਮਨ ਨਾਲ ਆਮ ਕਰਕੇ ਜਲਸਿਆਂ ਤੇ ਕਵੀ-ਦਰਬਾਰਾਂ ਵਿਚ ਮੁਲਾਕਾਤਾਂ ਹੁੰਦੀਆਂ



ਰਹਿੰਦੀਆਂ ਸਨ। ਉਹਨਾਂ ਦਾ ਘਰ ਟਕਸਾਲੀ ਗੇਟ ਦੇ ਬਾਹਰ ਸੀ। ਉਹ ਯਾਰਾਂ ਦੇ ਯਾਰ ਅਤੇ ਬਹੁਤ ਮਹਿਮਾਨ-ਨਿਵਾਜ਼ ਸਨ। ਉਸਤਾਦ ਦਾਮਨ ਨੇ ਅਲਾਉਦੀਨ ਨੂੰ ਆਪਣਾ ਬੇਟਾ ਬਣਾਇਆ ਹੋਇਆ ਸੀ। ਬਹੁਤ ਸਾਰੇ ਲੋਕਾਂ ਨਾਲ ਉਹਨਾਂ ਦੇ ਨੇੜਲੇ ਸੰਬੰਧ ਸਨ। ਸਾਰਿਆਂ ਦਾ ਇਹ ਦਾਅਵਾ ਸੀ ਕਿ "ਉਸਤਾਦ ਦਾਮਨ ਮੇਰੇ ਜ਼ਿਆਦਾ ਕਰੀਬ ਹਨ।" ਇਹ ਉਹਨਾਂ ਦੀ ਸ਼ਖ਼ਸੀਅਤ ਦੀ ਵਡਿਆਈ ਸੀ। ਜਦੋਂ ਫ਼ੈਜ਼ ਸਾਹਿਬ ਦੀ ਮੌਤ ਹੋਈ ਤਾਂ ਉਸਤਾਦ ਦਾਮਨ ਅਤੇ ਮੈਂ ਉਹਨਾਂ ਦੇ ਜਨਾਜ਼ੇ ਵਿਚ ਸ਼ਾਮਿਲ ਹੋਏ ਸੀ, ਮੈਂ ਵੀ ਉਸਤਾਦ ਦਾਮਨ ਦੀ ਮੌਤ ਸਮੇ ਗਿਆ ਸੀ ਤੇ ਉਹਨਾਂ ਉੱਤੇ ਇਕ ਕਵਿਤਾ ਵੀ ਲਿਖੀ ਸੀ।
ਸੰਗੀਤ

## 10. ਫ਼ਰੀਦਾ ਖ਼ਾਨਿਮ

ਮੇਰੀ ਪੰਜਾਹਵੀਂ ਸਾਲ ਗਿਰਹ ਦੇ ਸਮਾਗਮ ਦਾ ਪ੍ਰਬੰਧ ਕਿਸ਼ਵਰ ਨਾਹੀਦ ਦੇ ਜ਼ਿੰਮੇ ਸੀ, ਉਥੇ ਬਹੁਤ ਸਾਰੇ ਲੋਕਾਂ ਨੇ ਤਕਰੀਰਾਂ ਕੀਤੀਆਂ ਤੇ ਲੇਖ ਲਿਖੇ। ਕਵੀਆਂ ਨੇ ਕਵਿਤਾਵਾਂ ਪੜ੍ਹੀਆਂ। ਸਲੀਮ ਸ਼ਾਹਿਦ, ਮਜ਼ੱਫਰ ਵਾਰਸੀ ਅਤੇ ਦੂਸਰੇ ਸ਼ਾਇਰਾਂ ਨੇ ਨਜ਼ਮਾਂ ਸੁਣਾਈਆਂ। ਜਦੋਂ ਸਾਰੇ ਲੋਕ ਖੜ੍ਹੇ ਹੋ ਗਏ ਤਾਂ ਮੈਂ ਆਪਣੀ ਬੀਵੀ (ਪਤਨੀ) ਵੱਲ ਵੇਖਿਆ। ਜੋ ਪਹਿਲੀ ਕਤਾਰ ਵਿਚ ਬੈਠੀ ਸੀ ਅਤੇ ਬਹੁਤ ਖੁਸ਼ ਸੀ। ਕਿਉਂਕਿ ਸਾਡੇ ਉੱਤੇ ਖੁਸ਼ੀ ਦੇ ਪਲ ਬੜੇ ਘੱਟ ਆਏ ਹਨ। ਅਸੀਂ ਵੀ ਖੁਸ਼ ਹੋਏ ਕਿ ਚਲੋ ਕੋਈ ਪਲ ਖੁਸ਼ੀ ਦਾ ਸਾਨੂੰ ਵੀ ਮਿਲਿਆ।

ਜਦੋਂ ਸਾਡੀ ਸ਼ਾਦੀ ਹੋਈ ਸੀ ਤਾਂ ਇਸ ਵਿਚ ਢਾਈ ਜਾਂ ਤਿੰਨ ਆਦਮੀ ਸ਼ਾਮਿਲ ਸਨ। ਇਕ ਦਰੀ ਜਿਹੀ ਵਿਛੀ ਹੋਈ ਸੀ। ਅਜਿਹਾ ਲੱਗਦਾ ਸੀ ਜਿਵੇਂ ਕਿਸੇ ਸੋਗ ਤੇ ਲੋਕ ਆਏ ਹੋਣ। ਜਦੋਂ ਏਨੇ ਲੋਕ ਆ ਗਏ ਹਨ ਤਾਂ ਮੈਂ ਸੋਚਿਆ ਕਿ ਮੇਰੀ ਬੀਵੀ ਅੱਜ ਇਹ 'ਜਸ਼ਨੇ ਸ਼ਾਦੀ' ਹੀ ਸਮਝ ਲਵੇ। ਪਰ ਬੁਰਾ ਹੋਵੇ ਫ਼ਰੀਦਾ ਖਾਨਿਮ ਦਾ। ਉਸਨੇ ਗ਼ਜ਼ਲ ਗਾਈ ਤੇ ਗਾਉਣ ਤੋਂ ਬਾਅਦ ਉਹਨੇ ਮੈਨੂੰ ਜੱਫੀ ਪਾ ਲਈ। ਇਸ ਬਗਲਗੀਰੀ ਨੂੰ ਮੇਰੀ ਪਤਨੀ ਨੇ ਵੇਖ ਲਿਆ ਤੇ ਜਦ ਮੈਂ ਸਭ ਲੋਕਾਂ ਨੂੰ ਮਿਲ ਚੁੱਕਾ ਤਾਂ ਮੈਂ ਵੇਖਿਆ ਕਿ ਮੇਰੀ ਬੀਵੀ ਆਪਣੀ ਸੀਟ ਤੇ ਨਹੀਂ ਸੀ। ਮੈਂ ਹੈਰਾਨ ਹੋਇਆ ਕਿ ਉਹ ਕਿੱਥੇ ਚਲੀ ਗਈ। ਮੈਂ ਘਰ ਪਹੁੰਚਿਆ ਤਾਂ ਉਹ ਬਹੁਤ ਗੁੱਸੇ ਵਿਚ ਸੀ। ਮੈਂ ਪੁੱਛਿਆ, ਕੀ ਗੱਲ ਹੈ, ਅੱਜ ਤਾਂ ਤੈਨੂੰ ਖੁਸ਼ ਹੋਣਾ ਚਾਹੀਦਾ ਸੀ। ਮੈਂ ਤੇਰੇ ਚਿਹਰੇ ਤੇ ਖੁਸ਼ੀ ਦੇ ਚਿੰਨ ਵੀ ਵੇਖੇ ਸੀ। ਕਹਿਣ ਲੱਗੀ, ਉਹ ਔਰਤ ਕੌਣ ਸੀ? ਜੋ ਤੇਰੇ ਨਾਲ ਬਗਲਗੀਰ ਹੋਈ ਸੀ। ਮੈਂ ਆਖਿਆ, ਉਹ ਫਰੀਦਾ ਖ਼ਾਨਿਮ ਸੀ, ਜਿਸਨੇ ਮੇਰੀ ਗ਼ਜ਼ਲ ਗਾਈ ਸੀ ਤੇ ਉਸ ਨਾਲ ਜੱਫੀ ਪਾਉਣ ਲਈ ਪੰਜਾਹ ਸਾਲ ਦਾ ਹੋਣਾ ਪੈਂਦਾ ਹੈ। ਮੇਰੀ ਬੀਵੀ ਮੇਰੇ ਵਾਂਗੂੰ ਸਾਦਾ ਜਿਹੀ ਹੈ। ਮੇਰੇ ਨਾਲੋਂ ਵੀ ਘੱਟ ਪੜ੍ਹੀ ਹੋਈ ਹੈ। ਇਸ ਲਈ ਪੂਰਬ ਦੀ ਤੀਵੀਂ ਹੋਣ ਦੀ ਹੈਸੀਅਤ ਨਾਲ ਉਹ ਅਜਿਹੀਆਂ ਗੱਲਾਂ ਨੂੰ ਮਹਿਸੂਸ ਕਰਦੀ ਸੀ। ਫਿਰ ਮੈਂ ਫਰੀਦਾ ਖ਼ਾਨਿਮ ਨੂੰ ਜਾ ਕੇ ਆਖਿਆ ਕਿ "ਇਕ ਜੱਫੀ ਮੇਰੀ ਬੀਵੀ ਨੂੰ ਵੀ ਪਾ ਲਵੀਂ ਤਾਂ ਕਿ ਸੰਤੁਲਨ

(ਬੈਲੈਂਸ) ਹੋ ਜਾਵੇ। ਉਸਨੇ ਹਾਮੀ ਭਰ ਦਿੱਤੀ। ਦੁਬਈ ਵਿਚ ਵੀ ਮੇਰੇ ਮਾਣ ਵਿਚ ਇਕ ਸਮਾਗਮ ਸੀ, ਉਸ ਵਿਚ ਵੀ ਫਰੀਦਾ ਖ਼ਾਨਿਮ ਨੂੰ ਬੁਲਾਇਆ ਗਿਆ ਸੀ। ਉਥੇ ਉਹ ਢਾਈ-ਤਿੰਨ ਘੰਟੇ ਬੈਠ ਕੇ ਮੇਰਾ ਕਲਾਮ ਸੁਣਦੀ ਰਹੀ। ਜਦ ਮੇਰਾ ਸਮਾਗਮ ਖ਼ਤਮ ਹੋਇਆਂ ਤਾਂ ਫਰੀਦਾ ਖ਼ਾਨਿਮ ਨੇ ਮੈਨੂੰ ਦਾਦ ਦਿੱਤੀ ਕਿ ਆਪ ਨੇ ਬਹੁਤ ਚੰਗਾ ਕਲਾਮ ਪੜ੍ਹਿਆ ਹੈ ਮੈਂ ਆਖਿਆ ਕਿ 'ਜੇ ਮੈਨੂੰ ਪਤਾ ਹੁੰਦਾ ਕਿ ਤੂੰ ਬੈਠੀ ਹੋਈ ਹੈ ਤਾਂ ਮੈਂ ਐਨੀ ਦੇਰ ਤਰੰਨਮ ਨਾਲ ਨਹੀਂ ਪੜ੍ਹ ਸਕਦਾ ਕਿਉਂਕਿ ਆਪ "ਮਲਕਾ-ਏ-ਗ਼ਜ਼ਲ" ਹੋ।"

## 12. ਮਿਲਾਪ ਦਾ ਆਨੰਦ

**ਹਬੀਬ ਜਾਲਿਬ**

ਅਸੀਂ ਸੁਲਗਦੇ ਰਹਿੰਦੇ ਹਾਂ- ਵਸਲ ਦੀ ਲੱਜ਼ਿਤ ਤੋਂ ਵਾਕਫ਼ ਨਹੀਂ ਹੁੰਦੇ। ਚੈੱਕ-ਬੁੱਕ ਜਿਸ ਵਿਚ ਹਿੰਦਸੇ ਲਿਖੇ ਹੁੰਦੇ ਹਨ, ਉਹੀ ਸਾਡੀ ਰਕੀਬ ਰਹਿੰਦੀ ਹੈ। ਹੁਣ ਉਹ ਜ਼ਮਾਨਾ ਨਹੀਂ ਕਿ

ਤੇਰੇ ਕੂਚੇ ਹਰ ਬਹਾਨੇ, ਹਮੇਂ ਦਿਨ ਸੇ ਰਾਤ ਕਰਨਾ
ਕਭੀ ਉਸ ਸੇ ਬਾਤ ਕਰਨਾ, ਕਭੀ ਇਸ ਸੇ ਬਾਤ ਕਰਨਾ।

ਇਹ ਇਸ ਰਾਜ-ਪ੍ਰਬੰਧ ਦਾ ਜਬਰ ਹੈ ਕਿ ਬਾਜ਼ਾਰ ਵਿਚ ਨਾਚ ਤੇ ਸਰੂਰ ਦੀਆਂ ਮਹਿਫ਼ਿਲਾਂ, ਜੋ ਨੌਜਵਾਨਾਂ ਦੀ ਤਸੱਲੀ ਦੇ ਲਈ ਹੁੰਦੀਆਂ ਹਨ। ਉਸਨੂੰ "ਸ਼ਾਹੀ-ਮਹੱਲਾਂ" ਕਹਿ ਦਿੱਤਾ ਜਾਵੇ ਜਾਂ ਕੋਈ ਵੀ ਨਾਂ ਦੇ ਦੇਈਏ, ਜਿੱਥੇ ਇਹ ਮਹਿਫ਼ਿਲਾਂ ਜੰਮ ਸਕਦੀਆਂ ਸਨ ਤੇ ਮੁਹੱਲੇ ਵਿਚ ਖੜ੍ਹੇ ਹੋਣ ਵਾਲੀ ਗੱਲ ਸੰਭਵ ਨਹੀਂ ਸੀ। ਮੇਰਾ ਤੇ ਖ਼ਿਆਲ ਹੈ ਕਿ ਇਸ ਜ਼ਮਾਨੇ ਵਿਚ ਵੀ ਕਿਸੇ ਗਲੀ ਵਿਚ, ਕਿਸੇ ਦੇ ਮਕਾਨ ਦੇ ਸਾਹਮਣੇ ਕੋਈ ਵੀ ਖੜ੍ਹਾ ਨਹੀਂ ਹੋ ਸਕਦਾ। ਸ਼ਾਹੀ ਮੁਹੱਲੇ ਕਿਸੇ ਪਨਸਾਰੀ ਦੀ ਦੁਕਾਨ ਤੇ ਖੜ੍ਹੇ ਜਲਵਿਆਂ ਦੇ ਨਜ਼ਾਰੇ ਲੁੱਟ ਲੈਣਾ ਹੋਰ ਗੱਲ ਹੈ।

ਅਸੀਂ ਜਦੋਂ ਹੋਸ਼ ਸੰਭਾਲੀ ਤਾਂ ਅਜਿਹੀ ਫ਼ਜ਼ਾ ਪ੍ਰਾਪਤ ਨਹੀਂ ਸੀ, ਕਿਉਂਕਿ ਕੁਝ ਪਲ ਲੰਘਦੇ ਹੀ ਲੋਕ ਪੁੱਛਣ ਲੱਗਦੇ ਸਨ ਕਿ "ਮੀਆਂ ਕਿਹਨੂੰ ਮਿਲਣਾ ਹੈ।" ਫਿਰ ਜਦੋਂ ਆਦਮੀ ਹਿਜਰਤ ਕਰਕੇ ਆਇਆ ਹੋਵੇ। ਫਿਰ ਜਦੋਂ ਉਸਨੇ ਦੁੱਖ ਝੱਲੇ ਹੋਣ, ਤਾਂ ਰਵਾਇਤੀ ਇਸ਼ਕ ਉਸਨੂੰ ਕਿਥੇ ਸੁੱਝਦਾ ਹੈ। ਸਾਨੂੰ ਤਾਂ ਇਕ-ਇਕ ਦਿਨ ਖਾਣਾ ਨਹੀਂ ਮਿਲਦਾ ਸੀ। ਚਾਹ ਨਹੀਂ ਮਿਲਦੀ ਸੀ। ਸਾਡੀ ਜਵਾਨੀ ਜਾਗਦੇ ਹੋਏ ਅਤੇ ਭੁੱਖ ਕੱਟਦੇ ਹੋਏ ਇਸ ਤਰ੍ਹਾਂ ਹੀ ਲੰਘ ਗਈ। ਦੇਰ ਤੀਕ ਖ਼ੁਦ ਨੂੰ ਅਨੁਕੂਲ ਨਹੀਂ ਕਰ ਸਕੇ। ਜਵਾਨੀ ਵੰਡ ਦੀ ਭੇਂਟ ਚੜ੍ਹ ਗਈ। ਵੰਡ ਦੇ ਅਸਰ ਹੀ ਸਾਡੇ ਉੱਤੇ ਭਾਰੂ ਹੋ ਗਏ। ਸਾਡੇ ਉੱਤੇ ਦਾ ਦੌਰ ਇਕ ਤਰਫਾ ਹੋਵੇ ਤਾਂ ਹੋਵੇ, ਨਹੀਂ ਤੇ ਕੋਈ ਅਫਸਾਨਾ (ਕਹਾਣੀ) ਨਹੀਂ ਬਣ ਸਕਿਆ ਕਿ ਕੋਈ ਐਸੀ ਕਹਾਣੀ ਜਾਂ ਦਾਸਤਾਨ ਹੀ ਬਿਆਨ ਕਰ ਦੇਵਾਂ। ਹੋ ਸਕਦਾ ਹੈ ਕਿ ਮੈਂ ਚਾਹਿਆ ਹੋਵੇ ਕਿ ਮੇਰੀ ਉਥੇ ਸ਼ਾਦੀ ਹੋ ਜਾਵੇ। ਗਰੀਬੀ ਤੇ ਮੰਦਹਾਲੀ ਦੇ ਕਾਰਨ ਸਿਰੇ ਨਹੀਂ ਚੜ੍ਹੀ, ਪਰ ਇਸ ਵਿਚ ਮੈਂ ਮਸਲਾ ਨਹੀਂ ਬਣਾਇਆ। ਮੇਰਾ ਇਹ ਮਸਲਾ ਨਹੀਂ ਹੈ। ਠੀਕ ਹੈ, ਨਹੀਂ ਹੋਇਆ ਨਾ ਸਹੀ। ਜਦੋਂ ਮੈਂ



ਇਨਸਾਨੀ ਹੱਕਾਂ ਲਈ ਪਿਆਰ ਕੀਤਾ। ਇਸ ਇਸ਼ਕ ਨਾਲੋਂ ਵੱਡਾ ਕੋਈ ਇਸ਼ਕ ਨਹੀਂ। ਇਨਸਾਨ ਦੀ ਆਜ਼ਾਦੀ ਲਈ ਜੋ ਮੇਰੇ ਦਿਲ ਵਿਚ ਦਰਦ ਤੇ ਤੜਪ ਜਾਗੀ, ਇਸ ਦੇ ਕਾਰਨ ਮੈਂ ਇਹ ਸਭ ਦੁੱਖ ਭੁੱਲ ਗਿਆ। ਇਹ ਇਸ਼ਕ ਮੈਨੂੰ ਸਭ ਇਸ਼ਕਾਂ ਨਾਲੋਂ ਮਹਾਨ ਲੱਗਿਆ।

**ਸੁਰ ਨਾਲ ਨਾਤਾ**

ਗਾਉਣ ਵਾਲੇ ਤੇ ਗਾਉਣ ਵਾਲੀਆਂ ਦਾ ਆਪਣਾ ਇਕ ਵੱਖਰਾ ਰੰਗ ਹੁੰਦਾ ਹੈ। ਆਵਾਜ਼ ਦਾ ਐਸਾ ਜਾਦੂ ਹੁੰਦਾ ਹੈ, ਜੋ ਦਿਲ ਤੇ ਦਿਮਾਗ ਉੱਤੇ ਅਸਰ ਕਰਦਾ ਹੈ। ਇਹ ਕੁਦਰਤੀ ਗੱਲ ਹੈ ਕਿ ਗੀਤਕਾਰਾਂ ਤੇ ਗਾਇਕਾਂ ਦੇ ਲੋਕ ਪ੍ਰਸ਼ੰਸਕ ਹੁੰਦੇ ਹਨ, ਕਿਉਂਕਿ ਆਵਾਜ਼ ਦਾ ਪ੍ਰਭਾਵ ਦਿਲੋਂ ਨੂੰ ਗਲਤ ਕਰ ਦਿੰਦਾ ਹੈ। ਚਾਹੇ ਲੱਖ ਜ਼ਮਾਨਾ ਰਸਤੇ ਵਿਚ ਦੀਵਾਰਾਂ ਖੜ੍ਹੀਆਂ ਕਰੇ। ਅੱਛੀ ਆਵਾਜ਼ ਵੱਲ ਲੋਕ ਖ਼ੁਦ-ਬਖ਼ੁਦ ਖਿੱਚੇ ਚਲੇ ਜਾਂਦੇ ਹਨ। ਮੁੱਲਾਂ ਤੇ ਪੁਰਾਤਨ-ਪੰਥੀਆਂ ਦੀ ਵਿਰੋਧਤਾ ਦੇ ਬਾਵਜੂਦ ਆਵਾਜ਼ ਦਾ ਜਾਦੂ ਕਾਇਮ ਰਹਿੰਦਾ ਹੈ ਅਤੇ ਲੋਕਾਂ ਦੇ ਦਿਲਾਂ ਉੱਤੇ ਚੱਲਦਾ ਹੈ। ਕੁਰਾਨ ਹਕੀਮ ਨੂੰ ਵੀ ਜਦ ਕੁਰਾਤ ਨਾਲ ਪੜ੍ਹਿਆ ਜਾਂਦਾ ਹੈ ਤਾਂ ਲੋਕ ਝੂਮ ਉੱਠਦੇ ਹਨ। ਕਿਉਂਕਿ ਚੰਗੀ ਆਵਾਜ਼ ਵਿਚ ਕੁਰਾਤ ਵੀ ਪ੍ਰਭਾਵਿਤ ਕਰਦੀ ਹੈ। ਮਿਸਰ ਦੇ ਮਸ਼ਹੂਰ ਕਾਰੀ ਬਾਸਤ ਦਾ ਇਕ ਜ਼ਮਾਨਾ ਮੱਦਾਹ ਹੈ। ਉਸਦੀ ਆਵਾਜ਼ ਵਿਚ ਕੁਰਾਤ ਦੇ ਰਿਕਾਰਡ ਲੱਖਾਂ ਦੀ ਗਿਣਤੀ ਵਿਚ ਵਿਕਦੇ ਸਨ। ਅਰਬ-ਜਗਤ ਵਿਚ ਗਾਉਣ ਵਾਲਿਆਂ ਦਾ ਵੀ ਬੜਾ ਸਥਾਨ ਹੁੰਦਾ ਸੀ। ਚੰਗੀ ਆਵਾਜ਼ ਦੀ ਸ਼ਾਇਰੀ ਮੋਹਵੰਤ ਹੁੰਦੀ ਹੈ। ਜਦੋਂ ਸੁਰ ਅਤੇ ਸ਼ਿਅਰ ਦੋਵੇਂ ਮਿਲ ਜਾਂਦੇ ਹਨ ਤਾਂ ਫਿਰ ਅਜੀਬ ਅਵਸਥਾ ਭਾਰੂ ਹੋ ਜਾਂਦੀ ਹੈ। ਇਹ ਦੋ ਆਤਸ਼ (ਦੋਹਰੀ ਅੱਗ) ਗੱਲ ਬਣ ਜਾਂਦੀ ਹੈ।

ਫ਼ਾਰਮ 4 ਨਿਯਮ 8

**ਤਿਮਾਹੀ ਚਿਰਾਗ ਬਾਰੇ ਜਾਣਕਾਰੀ**

1. ਪ੍ਰਕਾਸ਼ਨ ਸਥਾਨ : ਜਲੰਧਰ
2. ਪ੍ਰਕਾਸ਼ਨ ਕਾਲ : ਤ੍ਰੈਮਾਸਿਕ
3. ਪ੍ਰਕਾਸ਼ਕ ਤੇ ਮਾਲਕ : ਡਾ. ਅਨੂਪ ਸਿੰਘ
ਸ਼ਹੀਦ ਸਰਵਣ ਸਿੰਘ ਚੀਮਾ ਭਵਨ,
ਗੜ੍ਹਾ, ਜਲੰਧਰ (0181-2483033)
4. ਸੰਪਾਦਕ : ਹਰਭਜਨ ਸਿੰਘ ਹੁੰਦਲ
ਪਿੰਡ ਫੱਤੂ ਚੱਕ, ਡਾਕ: ਢਿਲਵਾਂ
ਜ਼ਿਲ੍ਹਾ ਕਪੂਰਥਲਾ (01822-273188)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ /-
(ਡਾ. ਅਨੂਪ ਸਿੰਘ)

# ਭਾਗ - ਦੂਜਾ
# ਕਾਵਿ-ਸਫ਼ਰ ਤੇ ਮੁਲਾਂਕਣ

## 1. ਕਵੀ ਹਬੀਬ ਜਾਲਿਬ

**- ਸੱਯਦ ਸਿਬਤੇ-ਹਸਨ**

ਉਰਦੂ ਜ਼ੁਬਾਨ ਨੇ ਨਜ਼ੀਰ ਅਕਬਰ ਤੋਂ ਪਿੱਛੋਂ ਜੇ ਸੱਚਮੁਚ ਕੋਈ ਲੋਕ-ਕਵੀ ਪੈਦਾ ਕੀਤਾ ਹੈ ਤਾਂ ਉਹ ਹਬੀਬ ਜਾਲਿਬ ਹੈ। ਨਜੀਰ ਅਕਬਰ ਆਬਾਦੀ ਵਾਂਗੂੰ ਉਹ ਵੀ ਆਵਾਮੀਂ ਇਨਸਾਨ ਹੈ। ਉਸਦਾ ਰਹਿਣ-ਸਹਿਣ ਆਮ ਲੋਕਾਂ ਵਾਲਾ ਹੈ। ਉਸਦੇ ਸੋਚਣ ਅਤੇ ਮਹਿਸੂਸ ਕਰਨ ਦਾ ਅੰਦਾਜ਼ ਵੀ ਆਮ ਲੋਕਾਂ ਵਰਗਾ ਹੈ। ਉਸਦੀਆਂ ਕਦਰਾਂ-ਕੀਮਤਾਂ ਅਵਾਮੀ ਹਨ। ਉਸ ਦੀਆਂ ਮੁਹੱਬਤਾਂ ਅਤੇ ਨਫ਼ਰਤਾਂ ਅਵਾਮੀਂ ਹਨ ਅਤੇ ਉਹ ਲੋਕਾਂ ਦੇ ਦੁੱਖ-ਦਰਦ, ਤਾਂਘਾਂ ਅਤੇ ਉਮੰਗਾਂ ਦਾ ਪ੍ਰਗਟਾਵਾ ਆਮ ਲੋਕਾਂ ਦੀ ਜ਼ੁਬਾਨ ਵਿਚ ਕਰਦਾ ਹੈ। ਇਹ ਜੋ ਹਜ਼ਾਰਾਂ ਲੱਖਾਂ ਇਨਸਾਨ ਹਬੀਬ ਜਾਲਿਬ ਨਾਲ ਏਨਾ ਪਿਆਰ ਕਰਦੇ ਹਨ ਤੇ ਉਸਦੇ ਸ਼ਿਅਰ ਸੁਣ ਕੇ ਆਪਣੇ ਜਜ਼ਬਾਤ ਤੋਂ ਬੇਕਾਬੂ ਹੋ ਜਾਂਦੇ ਹਨ ਤਾਂ ਇਹਨਾਂ ਦਾ ਪਿਆਰ ਤੇ ਅਪਣੱਤ ਬਿਨਾਂ ਕਾਰਨ ਤੋਂ ਨਹੀਂ ਹੈ।

ਯੂਨਾਨੀ ਦੇਵ-ਮਾਲਾ ਦੇ ਨਾਇਕ ਪੋ. ਮੀਥੀਅਸ ਦਾ ਕਸੂਰ ਇਹ ਸੀ ਕਿ ਉਸਨੇ ਇਨਸਾਨ ਨੂੰ ਅੱਗ ਦੀ ਵਰਤੋਂ ਕਰਨੀ ਸਿਖਾ ਦਿੱਤੀ ਸੀ ਅਤੇ ਇਸ ਤਰ੍ਹਾਂ ਦੇਵਤਿਆਂ ਦਾ ਭੇਤ ਆਦਮੀਆਂ ਕੋਲ ਨੰਗਾ ਕਰ ਦਿੱਤਾ ਸੀ। ਸਿੱਟੇ ਵਜੋਂ ਦੇਵਤਿਆਂ ਨੇ ਪਰੋਮੀਥੀਅਸ ਨੂੰ ਇਕ ਚੱਟਾਨ ਨਾਲ ਬੰਨ੍ਹ ਦਿੱਤਾ ਸੀ ਜਿੱਥੇ ਕਿ ਗਿਰਝ ਸਾਰਾ ਦਿਨ ਉਸ ਦੀਆਂ ਬੋਟੀਆਂ ਨੂੰ ਨੋਚ-ਨੋਚ ਕੇ ਖਾਂਦਾ ਰਹਿੰਦਾ ਸੀ। ਇਸ ਦੁਖਦਾਇਕ ਸਜ਼ਾ ਦੇ ਬਾਵਜੂਦ ਜਦ ਦੇਵਤੇ ਉਸਨੂੰ ਕਹਿੰਦੇ ਸਨ ਕਿ ਤੂੰ ਮੁਆਫ਼ੀ ਮੰਗ ਲੈ ਤਾਂਕਿ ਇਸ ਕਸ਼ਟ ਤੋਂ ਤੇਰਾ ਛੁਟਕਾਰਾ ਹੋ ਜਾਵੇ ਤਾਂ ਉਹ ਜਵਾਬ ਦਿੰਦਾ ਸੀ ਕਿ ਮੈਨੂੰ ਇਹ ਦੁੱਖ ਮਨਜ਼ੂਰ ਹੈ ਪਰ ਤੁਹਾਡੀ ਗੁਲਾਮੀ ਮਨਜ਼ੂਰ ਨਹੀਂ। ਇਹ ਇਕ ਰਮਜ਼ ਭਰੀ ਕਹਾਣੀ ਹੈ। ਨਹੀਂ ਤੇ ਅਕਲ ਦੀ ਸੁਗਾਤ ਬੰਦੇ ਕੋਲ ਦੇਵਤਿਆਂ ਦੇ ਦਰਬਾਰ ਵਿਚੋਂ ਕਦੇ ਵੀ ਨਹੀਂ ਆਈ, ਸਗੋਂ ਇਨਸਾਨ ਨੇ ਸਦਾ ਹੀ ਆਪਣੇ ਤਜ਼ਰਬੇ, ਸੂਝ ਤੇ ਅਕਲ ਦੀ ਤਾਕਤ ਦੀ ਮਦਦ ਨਾਲ ਖੋਜ-ਪੜਤਾਲ ਦੇ ਸਾਧਨਾਂ ਨਾਲ ਪ੍ਰਾਪਤ ਕੀਤੀ ਹੈ ਅਤੇ ਇਹ ਹੁਣ ਦੀਆਂ ਬੁਲੰਦੀਆਂ ਤੀਕ ਪਹੁੰਚਿਆ ਹੈ। ਇਤਿਹਾਸ ਦੇ ਹਰ ਦੌਰ ਵਿਚ, ਐਸੇ ਖ਼ਤਰੇ ਸਹੇੜਨ ਵਾਲੇ ਇਨਸਾਨ ਮਿਲਦੇ ਹਨ, ਜਿਹਨਾਂ ਨੇ ਸਾਨੂੰ ਖੋਜ ਕਰਨ ਦਾ ਸਬਕ ਦਿੱਤਾ ਅਤੇ ਸਾਡੀ ਸਮਾਜਿਕ ਸੂਝ ਦੀ ਲੋਅ ਤੇਜ਼ ਕੀਤੀ ਅਯੂਬ ਖਾਨ ਦਾ ਜ਼ੁਲਮ ਇਸ ਪੱਖ ਤੋਂ ਹਮੇਸ਼ਾ ਯਾਦ ਰਹੇਗਾ ਤੇ ਉਸ ਹਨ੍ਹੇਰੇ ਦੇ ਦੌਰ ਵਿਚ, ਸਵਰਗੀ ਜਸਟਿਸ ਕਿਮਾਨੀ ਤੇ ਹਬੀਬ ਜਾਲਿਬ ਉਭਰ ਕੇ ਸਾਹਮਣੇ ਆਏ। ਜਦੋਂ ਕਦੇ ਵੀ ਇਸ ਦੇਸ਼ ਦੀ ਸੱਚੀ ਤਾਰੀਖ ਲਿਖੀ ਜਾਵੇਗੀ ਤਾਂ ਦੁਨੀਆਂ ਨੂੰ ਪਤਾ ਲੱਗੇਗਾ ਕਿ ਖ਼ੌਫ਼ ਅਤੇ ਦਹਿਸ਼ਤ ਦੇ ਇਸ ਵਾਤਾਵਰਣ ਵਿਚ ਸਾਹ ਲੈਣ ਤੋਂ ਡਰ ਲੱਗਦਾ ਸੀ ਕਿ ਇਹਨਾਂ ਨੇ ਕੌਮ ਦੀ ਬੰਦ ਹੁੰਦੀ ਜਾ ਰਹੀ ਨਬਜ਼



ਵਿਚ ਜ਼ਿੰਦਗੀ ਦਾ ਖ਼ੂਨ ਤੋਰਿਆ।

ਕੰਡਿਆਂ ਦੀ ਪਿਆਸ ਬੁਝਾਉਣਾ ਹਬੀਬ ਜਾਲਿਬ ਦਾ ਮੁਕੱਦਰ ਬਣ ਗਿਆ ਹੈ ਤੇ ਵੈਦ ਦੀ ਮਹਿਮਾ ਗਾਉਣਾ ਉਸ ਦੀ ਆਦਤ। ਉਹ ਜੇ ਇੱਕ ਅੱਖ ਤੋਂ ਰੋਂਦੇ ਸੀ ਤੇ ਦੂਸਰੀ ਅੱਖ ਨਾਲ ਹੱਸਦੇ ਸੀ ਤਾਂ ਉਹਨਾਂ ਦਾ ਇਹ ਰੋਣਾ ਤੇ ਹੱਸਣਾ ਲੋਕਾਂ ਦੇ ਹਵਾਲੇ ਨਾਲ ਹੀ ਸੀ। ਉਹ ਰੋਂਦੇ ਹਨ ਲੋਕਾਂ ਦੀ ਹਾਲਤ ਉੱਤੇ ਅਤੇ ਹੱਸਦੇ ਹਨ ਉਹਨਾਂ ਦੇ ਰੌਸ਼ਨ ਭਵਿੱਖ ਉੱਤੇ। ਉਹਨਾਂ ਦੀ ਕਵਿਤਾ ਟੁੱਟੇ ਦਿਲ ਦੀ ਆਵਾਜ਼ ਹੈ। ਤੇ ਯਕੀਨ ਦੇ ਦਰਦ ਦੀ ਲਲਕਾਰ ਵੀ। ਉਹ ਦਿਲ ਤੋੜਨ ਵਾਲਿਆਂ ਦੇ ਰੋਹਬ ਤੇ ਰਸੂਖ਼ ਤੋਂ ਕਦੇ ਨਹੀਂ ਡਰਦੇ। ਸਗੋਂ ਹਨ੍ਹੇਰੇ ਦੇ ਪੁਜਾਰੀਆਂ ਦੇ ਸ਼ਬ-ਖ਼ੂਨ (ਰਾਤ ਵੇਲੇ ਹਮਲਾ ਕਰਨਾ) ਮਾਰਨ ਦੇ ਪਿੱਛੋਂ ਜੋ ਨਿਕਾਬ ਵੀ ਚੜ੍ਹਾਈ ਤਾਂ ਜਾਲਿਬ ਨੇ ਉਹ ਨਿਕਾਬ ਲਾਹ ਕੇ ਸੁੱਟ ਦਿੱਤੀ।

ਕਦੇ-ਕਦੇ ਸੋਚਦਾ ਹਾਂ ਕਿ ਇਸ ਧਰਤੀ ਦੇ ਦਰਵੇਸ਼ ਵਿਚ ਇਹ ਨਾਂਹ ਕਰਨ ਦੀ ਜੁਰਅਤ ਕਿੱਥੋਂ ਆਈ ਸੀ। ਉਹ ਕਿਹੜੀ ਸ਼ਕਤੀ ਹੈ ਜੋ ਇਸ ਨੇਕ ਦਿਲ ਅਤੇ ਨਰਮ ਸੁਭਾਅ ਦੇ ਇਨਸਾਨ ਨੂੰ ਜ਼ੁਲਮ ਵਿਰੁੱਧ ਲੜਨ ਲਈ ਤਿਆਰ ਕਰਦੀ ਹੈ? ਅਸਲ ਵਿਚ ਇਹ ਤਾਕਤ ਲੋਕਾਂ ਦੀ ਮੁਹੱਬਤ ਹੈ ਤੇ ਇਹ ਉਹ ਚਸ਼ਮਾ ਹੈ ਜਿੱਥੋਂ ਉਸਨੂੰ ਵਲਵਲਾ ਤੇ ਜੋਸ਼ ਪ੍ਰਾਪਤ ਹੁੰਦਾ ਹੈ। ਹਬੀਬ ਜਾਲਿਬ ਨੇ ਆਪਣੀ ਸ਼ਖ਼ਸੀਅਤ ਅਤੇ ਸ਼ਾਇਰੀ ਨੂੰ ਲੋਕਾਂ ਲਈ ਸਮਰਪਣ ਕਰ ਦਿੱਤਾ ਹੈ। ਉਸਦੀ ਸ਼ਾਇਰੀ ਗੁੰਝਲਦਾਰ ਬਿੰਬਾਂ ਤੇ ਪ੍ਰਤੀਕਾਂ ਦੀ ਬੈਸਾਖੀ ਲਾ ਕੇ ਨਹੀਂ ਚੱਲਦੀ। ਉਹ ਸਮਾਜਿਕ ਬੇਇਨਸਾਫੀਆਂ ਦੇ ਵਿਰੁੱਧ ਰੋਸ ਪ੍ਰਗਟ ਕਰਦਾ ਹੈ ਤੇ ਖੁੱਲ ਕੇ ਕਰਦਾ ਹੈ। ਉਹ ਲਗ-ਲਪੇਟ ਨਹੀਂ ਰੱਖਦਾ, ਉਹ ਸੋਚਦਾ ਹੈ ਕਿ ਮਜ਼ਹਬ ਵਿਚ ਵੀ ਸੱਚ ਦੀ ਪੜਤਾਲ ਦਾ ਹੱਕ ਹੋਣਾ ਚਾਹੀਦਾ ਹੈ।

ਨਿਰਸੰਦੇਹ ਹਬੀਬ ਜਾਲਿਬ ਛਿਣਾਂ ਦਾ ਕਵੀ ਹੈ, ਪਰ ਇਹ ਛਿਣ ਕਿੰਨਾ ਲੰਮਾ ਹੈ ਕਿ ਸਦੀਆਂ ਲੰਘ ਗਈਆਂ, ਪਰ ਇਸ ਛਿਣ ਦਾ ਦਰਦ ਘਟਦਾ ਨਹੀਂ। ਇਹ ਛਿਣ ਸਾਡੇ ਨਿਘਾਰ ਤੇ ਹਾਰ, ਸਾਡੀਆਂ ਮਜਬੂਰੀਆਂ ਤੇ ਮਜ਼ਲੂਮੀਆਂ, ਸਾਡੇ ਸੰਘਰਸ਼ ਅਤੇ ਕੁਰਬਾਨੀਆਂ ਦੀ ਖ਼ਤਮ ਨਾ ਹੋਣ ਵਾਲੀ ਕਹਾਣੀ ਹੈ। ਜਿਸਨੂੰ ਹਬੀਬ ਜਾਲਿਬ ਲਹੂ ਗਰਮਾਉਣ ਵਾਲੇ ਅੰਦਾਜ਼ ਵਿਚ ਬਿਆਨ ਕਰਦਾ ਰਹਿੰਦਾ ਹੈ। ਉਸਦੀ ਸ਼ਾਇਰੀ ਪਾਕਿਸਤਾਨ ਦੀ ਲਿਖੀ ਹੋਈ ਤਾਰੀਖ ਹੈ। ਇਕ ਦਸਤਾਵੇਜ਼ ਵਿਚ ਜਿਸ ਵਿਚ ਹਬੀਬ ਜਾਲਿਬ ਨੇ ਛਿਣ ਦੀ ਹਰ ਚੁਭਨ ਹਰ ਟੀਸ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕੀਤੀ ਹੈ। •

**ਮੁਲਾਂਕਣ**

## 2. ਜਾਲਿਬ ਤੇ ਮੁਜ਼ਾਹਮਤੀ ਸਾਹਿਤ

**- ਡਾ. ਮੁਬਾਰਕ ਅਲੀ**

ਜਦ ਵੀ ਕਿਸੇ ਸਮਾਜ਼ ਵਿਚ ਜਬਰ, ਤਾਕਤ ਅਤੇ ਦਹਿਸ਼ਤ ਰਾਹੀਂ ਮਨੁੱਖੀ ਆਜ਼ਾਦੀ ਨੂੰ ਦਬਾਇਆ ਗਿਆ ਤਾਂ ਉਸਦੇ ਸਿੱਟੇ ਵਜੋਂ ਮੁਜ਼ਾਹਮਤੀ, ਅਦਬ ਦੀ ਸਿਰਜਣਾ ਹੋਈ,

ਜਿਸਨੇ ਜਬਰ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਅਤੇ ਆਜ਼ਾਦੀ ਤੇ ਇਨਸਾਫ਼ ਦੀ ਗੱਲ ਕੀਤੀ। ਇਸ ਭਾਂਤ ਦੇ ਸਾਹਿਤ ਨੂੰ ਇਸ ਲਈ ਮਾਨਤਾ ਮਿਲੀ ਕਿ ਇਸਦੇ ਖਾਮੋਸ਼ ਬਹੁ-ਗਿਣਤੀ ਦੇ ਜਜ਼ਬਿਆਂ ਦਾ ਪ੍ਰਗਟਾਵਾ ਕੀਤਾ। ਉਹ ਲੋਕ ਜੋ ਇਸ ਜ਼ੁਲਮ ਨੂੰ ਸਹਿੰਦੇ ਰਹੇ, ਪਰ ਜਿਹਨਾਂ ਵਿਚ ਬੋਲਣ ਦੀ ਹਿੰਮਤ ਅਤੇ ਜੁਰਅਤ ਨਹੀਂ ਹੁੰਦੀ। ਮੁਜ਼ਾਹਮਤੀ ਸਾਹਿਤ ਨੇ ਨਾ ਸਿਰਫ਼ ਇਹਨਾਂ ਦੀ ਪ੍ਰਤੀਨਿਧਤਾ ਕੀਤੀ, ਸਗੋਂ ਇਨ੍ਹਾਂ ਨੂੰ ਜਿਊਂਦੇ ਰਹਿਣ ਅਤੇ ਸੰਘਰਸ਼ ਕਰਨ ਦਾ ਹੌਸਲਾ ਦਿੱਤਾ।

ਇਸ ਲਈ ਉਹ ਸੋਝੀਵਾਨ ਜੋ ਮੁਜ਼ਾਹਮਤੀ ਸਾਹਿਤ ਦੀ ਸਿਰਜਣਾ ਵਿਚ ਹਿੱਸਾ ਪਾਉਂਦੇ ਹਨ, ਉਹਨਾਂ ਦਾ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ, ਕਿਉਂਕਿ ਆਮ ਤੌਰ ਤੇ ਜਦ ਵੀ ਅਜਿਹੀਆਂ ਹਕੂਮਤਾਂ ਬਣਦੀਆਂ ਹਨ, ਜਿਨ੍ਹਾਂ ਦੀਆਂ ਜੜ੍ਹਾਂ ਆਮ-ਲੋਕਾਂ ਵਿਚ ਨਹੀਂ ਹੁੰਦੀਆਂ ਤੇ ਜਿਨ੍ਹਾਂ ਦੀ ਨਿਰਭਰਤਾ ਕੇਵਲ ਤਾਕਤ ਦੀ ਵਰਤੋਂ ਉੱਤੇ ਹੁੰਦੀ ਹੈ, ਅਜਿਹੀਆਂ ਹਕੂਮਤਾਂ ਆਪਣੀ ਪ੍ਰਵਾਨਗੀ ਅਤੇ ਆਪਣੇ ਅਖਲਾਕੀ ਰੋਅਬਦਾਬ ਲਈ ਸੋਝੀਵਾਨਾਂ (ਚਿੰਤਕਾਂ) ਦੀਆਂ ਸੇਵਾਵਾਂ ਹਾਸਿਲ ਕਰਦੀਆਂ ਹਨ। ਸਿੱਟੇ ਵਜੋਂ ਹੁੰਦਾ ਇਹ ਹੈ ਕਿ ਇਤਿਹਾਸਕਾਰ, ਤਾਰੀਖ ਦੇ ਰਾਹੀਂ ਇਹ ਸਾਬਤ ਕਰਨ ਦੀ ਕੋਸ਼ਿਸ ਕਰਦੇ ਹਨ ਕਿ ਉਹਨਾਂ ਦੀ ਹਕੂਮਤ ਇਤਿਹਾਸਕ ਸਿਲਸਿਲੇ ਦਾ ਇਕ ਹਿੱਸਾ ਹੈ ਅਤੇ ਹੁਕਮਰਾਨਾਂ ਦਾ ਖਾਨਦਾਨ ਬੀਤੇ ਸਮੇਂ ਵਿਚ ਵੀ ਹਕੂਮਤ ਦੇ ਫਰਜ਼ ਨਿਭਾਉਂਦਾ ਰਿਹਾ ਹੈ। ਇਸ ਲਈ ਉਹੀ ਹਕੂਮਤ ਕਰਨ ਦੇ ਯੋਗ ਹਨ ਤੇ ਲੋਕਾਂ ਦਾ ਫਰਜ਼ ਹੈ ਕਿ ਸਹਾਇਤਾ ਕਰਨ। ਉਹ ਇਹ ਵੀ ਦਲੀਲ ਦਿੰਦੇ ਹਨ ਕਿ ਧੱਕੇਸ਼ਾਹੀ ਤੇ ਜਬਰ ਨੂੰ ਇਸ ਲਈ ਬਰਦਾਸ਼ਤ ਕੀਤਾ ਜਾਵੇ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਸਮਾਜ ਵਿਚ ਫੁੱਟ ਤੇ ਲਾ-ਕਾਨੂੰਨੀ ਫੈਲ ਜਾਵੇਗੀ ਤੇ ਲੋਕਾਂ ਵਿਚਕਾਰ ਲੜਾਈ, ਝਗੜੇ ਅਤੇ ਪਾੜੇ ਵਧ ਜਾਣਗੇ। ਇਸ ਲਈ ਇਨਸਾਨੀ ਫਿਤਰਤ ਨੂੰ ਕਾਬੂ ਕਰਨ ਲਈ ਜ਼ਰੂਰੀ ਹੈ ਕਿ ਇਸ ਨੂੰ ਤਾਕਤ ਨਾਲ ਦਬਾਇਆ ਜਾਵੇ।

ਕਵੀ ਤੇ ਸਾਹਿਤਕਾਰ ਇਹਨਾਂ ਹਾਕਮਾਂ ਦੀ ਖੁਸ਼ਾਮਦ ਲਈ ਉਹਨਾਂ ਦੇ ਕਾਰਨਾਮਿਆਂ ਬਾਰੇ ਲਿਖਦੇ ਰਹਿਣ ਅਤੇ ਪ੍ਰਸ਼ੰਸਾ ਵਿਚ ਉਹਨਾਂ ਦੇ ਕਿੱਸੇ ਲਿਖਦੇ ਰਹਿਣ। ਨਾਲ ਹੀ ਲੋਕਾਂ ਨੂੰ ਦਿਮਾਗੀ ਤੌਰ ਤੇ ਅਧੀਨਗੀ ਲਈ ਤਿਆਰ ਕਰਨ ਲਈ ਵਿਚਾਰਵਾਨਾਂ ਦੀ ਲੋੜ ਪੈਂਦੀ ਹੈ ਤੇ ਵਿਚਾਰਵਾਨਾਂ ਦੀ ਬਹੁ-ਗਿਣਤੀ ਇਸ ਧੱਕੇਸ਼ਾਹੀ ਵਿਚ ਆਪਣੀ ਤਰੱਕੀ ਅਤੇ ਖੁਸ਼ਹਾਲੀ ਵੇਖਦੇ ਹਨ। ਉਹ ਹਾਲਾਤ ਨਾਲ ਸਮਝੌਤਾ ਕਰਕੇ ਪ੍ਰਾਪੇਗੰਡੇ ਦਾ ਹਿੱਸਾ ਬਣ ਜਾਂਦੇ ਹਨ।

ਇਸਦੇ ਟਾਕਰੇ ਉੱਤੇ ਕੁਝ ਐਸੇ ਵੀ ਚਿੰਤਕ ਹੁੰਦੇ ਹਨ ਜੋ ਇਹ ਸਮਝਦੇ ਹਨ ਕਿ ਜੇ ਹਾਲਾਤ ਨਾਲ ਸਮਝੌਤਾ ਕਰ ਲਿਆ ਗਿਆ ਤੇ ਧੱਕੇਸ਼ਾਹੀ ਨੂੰ ਪਸੰਦ ਕਰ ਲਿਆ ਤਾਂ ਇਸ ਰਾਜ-ਪ੍ਰਬੰਧ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕੇਗਾ, ਜਿਸਦੀ ਨੀਂਹ ਜਬਰ ਅਤੇ ਦਹਿਸ਼ਤ ਉੱਤੇ ਹੈ ਅਤੇ ਜਿਸਦਾ ਸ਼ਿਕਾਰ ਇਹ ਸਮਾਜ ਹੈ। ਇਸ ਲਈ ਇਸ ਗੱਲ ਨੂੰ ਸੋਚ-ਵਿਚਾਰਕੇ



ਉਹ ਐਸਾ ਰਸਤੇ ਅਖਤਿਆਰ ਕਰਦੇ ਹਨ, ਜਿਸ ਵਿਚ ਨਾ ਤਾਂ ਸੁੱਖ ਹੁੰਦਾ ਹੈ, ਨਾ ਸ਼ਾਂਤੀ, ਨਾ ਖੁਸ਼ਹਾਲੀ ਹੁੰਦੀ ਹੈ। ਸਗੋਂ ਜਿਸ ਵਿਚ ਕੈਦ-ਬੰਦੀ ਤੇ ਦੁੱਖ ਤੋਂ ਲੈ ਕੇ ਫਾਂਸੀ ਦੇ ਫੰਦੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਹ ਲੋਕ ਆਖ਼ਰ ਕਿਉਂ ਇਸ ਰਾਹ ਤੁਰਦੇ ਹਨ? ਇਸ ਫੈਸਲੇ ਦੇ ਸਾਹਮਣੇ ਉਨ੍ਹਾਂ ਦੇ ਉਹ ਤਜ਼ਰਬੇ ਹੁੰਦੇ ਹਨ, ਜਿਸਦਾ ਸਾਹਮਣਾ ਉਹ ਨਿੱਤ ਦੀ ਜ਼ਿੰਦਗੀ ਵਿਚ ਕਰਦੇ ਹਨ। ਜਿਸ ਵਿਚ ਉਹ ਲੋਕਾਂ ਦੀ ਗਰੀਬੀ ਅਤੇ ਲਾਚਾਰਗੀ ਨੂੰ ਵੇਖਦੇ ਹਨ, ਜਿਸ ਵਿਚ ਉਹ ਜਨਤਾ ਨੂੰ ਤਾਕਤਵਰਾਂ ਦੇ ਹੱਥੋਂ ਜ਼ਲੀਲ ਹੁੰਦਾ ਵੇਖਦੇ ਹਨ ਤੇ ਜਦੋਂ ਉਹ ਹੱਕ ਤੇ ਇਨਸਾਫ਼ ਨੂੰ ਕੁਚਲਿਆ ਜਾਂਦਾ ਵੇਖਦੇ ਹਨ ਤਾਂ ਉਸ ਵਕਤ ਉਨ੍ਹਾਂ ਵਿਚ ਬਗਾਵਤ ਦੇ ਜਜ਼ਬੇ ਪੈਦਾ ਹੁੰਦੇ ਹਨ ਤੇ ਉਨ੍ਹਾਂ ਦੀ ਇੱਛਾ ਹੁੰਦੀ ਹੈ ਕਿ ਇਸ ਸਾਰੇ ਜ਼ੁਲਮ ਦੇ ਨਿਜ਼ਾਮ ਨੂੰ, ਇਸ ਦੀਆਂ ਰਵਾਇਤਾਂ ਅਤੇ ਅਦਾਰਿਆਂ ਨੂੰ ਬਦਲ ਦੇਣਾ। ਪਰ ਕਿਵੇਂ? ਸਪੱਸ਼ਟ ਹੈ ਕਿ ਇਹ ਉਸ ਵਕਤ ਤੀਕ ਸੰਭਵ ਨਹੀਂ ਹੁੰਦਾ ਕਿ ਜਦ ਤੀਕ ਲੋਕਾਂ ਵਿਚ ਸੂਝ ਨਾ ਹੋਵੇ। ਇਹਨਾਂ ਵਿਚ ਇਹ ਅਹਿਸਾਸ ਨਾ ਹੋਵੇ ਕਿ ਜੋ ਕੁਝ ਇਹਨਾਂ ਦੇ ਨਾਲ ਹੋ ਰਿਹਾ ਹੈ, ਉਹ ਬੇਇਨਸਾਫੀ ਹੈ। ਜਦ ਤੀਕ ਲੋਕਾਂ ਨੂੰ ਇਹ ਸੋਚਣ ਦਾ ਮੌਕਾ ਨਾ ਮਿਲੇ ਕਿ ਇਹਨਾਂ ਦੀ ਵੀ ਅਧਿਕਾਰ ਹਨ ਅਤੇ ਸਭ ਤੋਂ ਵੱਧ ਕੇ ਇਹ ਗੱਲ ਕਿ ਇਹ ਸਮਾਜ ਉਹਨਾਂ ਦੇ ਦਮ-ਖਮ ਨਾਲ ਕਾਇਮ ਹੈ। ਇਹ ਸਮਾਜ ਦੀ ਤਰੱਕੀ ਵਿਚ ਇਹਨਾਂ ਦਾ ਹਿੱਸਾ ਹੈ। ਸਿੱਟੇ ਵਜੋਂ ਮੁਜ਼ਾਹਮਤੀ ਸਾਹਿਤ ਦਾ ਸਭ ਤੋਂ ਪਹਿਲਾਂ ਕੰਮ ਇਹ ਹੁੰਦਾ ਹੈ ਕਿ ਲੋਕਾਂ ਵਿਚ ਆਪਣੀ ਜ਼ਾਤ ਦਾ ਅਹਿਸਾਸ ਪੈਦਾ ਕੀਤਾ ਜਾਵੇ। ਉਹਨਾਂ ਨੂੰ ਆਪਣੀ ਤਾਕਤ ਤੇ ਸ਼ਕਤੀ ਦੀ ਸੂਝ ਪੈਦਾ ਕਰੇ ਤੇ ਇਹਨਾਂ ਵਿਚ ਜਿਹੜੀ ਬੇਦਿਲੀ, ਉਦਾਸੀ, ਬੇਚਾਰਗੀ ਅਤੇ ਹਿੰਮਤ ਦੀ ਘਾਟ ਦੇ ਜਜ਼ਬੇ ਹਨ, ਉਹਨਾਂ ਨੂੰ ਦੂਰ ਕਰੇ ਤੇ ਜਦੋਂ ਸੰਭਵ ਹੋ ਜਾਵੇਗਾ ਤਾਂ ਇਹੀ ਲੋਕ ਆਪਣੇ ਹੱਕਾਂ ਲਈ ਉੱਠ ਖੜ੍ਹੇ ਹੋਣਗੇ ਤੇ ਹਾਕਮਾਂ ਕੋਲੋਂ ਆਪਣੇ ਹੱਕ ਮੰਗਣਗੇ।

ਅੱਜ ਪੱਛਮੀ ਅਫਰੀਕਾ ਤੇ ਫਲਿਸਤੀਨ ਆਜ਼ਾਦੀ ਦੇ ਸੰਘਰਸ਼ ਦੇ ਪ੍ਰਸੰਗ ਵਿਚ ਮੁਜ਼ਾਹਮਤੀ ਸਾਹਿਤ ਇਹਨਾਂ ਲਹਿਰਾਂ ਨੂੰ ਅੱਗੇ ਵਧਾਉਣ ਵਿਚ ਮਹੱਤਵਪੂਰਨ ਕਰਤੱਵ ਨਿਭਾ ਰਿਹਾ ਹੈ ਅਤੇ ਇਹ ਲਹਿਰਾਂ ਦੇ ਲੋਕਾਂ ਵਿਚ ਹੌਸਲਾ ਅਤੇ ਹਿੰਮਤ ਪੈਦਾ ਕਰ ਰਿਹਾ ਹੈ। ਇਸੇ ਲਈ ਜਦੋਂ ਇਹਨਾਂ ਲਹਿਰਾਂ ਵਿਚ ਅਸਫਲਤਾਵਾਂ ਹੁੰਦੀਆਂ ਹਨ ਤਾਂ ਮੁਜ਼ਾਹਮਤੀ ਸਾਹਿਤ ਦੇ ਬੋਲ ਇਹਨਾਂ ਨੂੰ ਹੌਸਲਾ ਦਿੰਦੇ ਹਨ ਕਿ ਅੱਗੇ ਵਧੋ ਅਤੇ ਆਪਣਾ ਸੰਘਰਸ਼ ਜਾਰੀ ਰੱਖੋ।

ਆਮ ਕਰਕੇ ਮੁਜ਼ਾਹਮਤੀ ਸਾਹਿਤ ਉੱਤੇ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਇਸ ਤਰ੍ਹਾਂ ਦਾ ਸਾਹਿਤ ਇਕ ਤਾਂ ਪ੍ਰਚਾਰ ਦਾ ਸਾਧਨ ਬਣ ਜਾਂਦਾ ਹੈ ਅਤੇ ਦੂਸਰਾ ਇਸਦੇ ਵਿਸ਼ੇ ਵਕਤੀ ਹੁੰਦੇ ਹਨ। ਇਸ ਲਈ ਇਸ ਸਾਹਿਤ ਦੀ ਦੇਰ ਤੀਕ ਰਹਿਣ ਵਾਲੀ ਵਿਸ਼ੇਸ਼ਤਾ ਨਹੀਂ ਹੁੰਦੀ। ਇਹ ਸਹੀ ਹੈ, ਐਪਰ ਮੁਜ਼ਾਹਮਤੀ ਸਾਹਿਤ ਆਪਣੇ ਸਮੇਂ ਵਿਚ ਜੋ ਕੰਮ ਕਰਦਾ ਹੈ

ਅਤੇ ਜੋ ਤਬਦੀਲੀਆਂ ਲਿਆਉਂਦਾ ਹੈ, ਇਸ ਦੀ ਸਫਲਤਾ ਜਾਂ ਅਸਫਲਤਾ ਦੋਵਾਂ ਹਾਲਤਾਂ ਵਿਚ ਇਹ ਮਰਦਾ ਨਹੀਂ ਹੈ, ਸਗੋਂ ਇਤਿਹਾਸ ਦਾ ਇਕ ਹਿੱਸਾ ਬਣ ਜਾਂਦਾ ਹੈ ਤੇ ਇਸਦੀ ਹੈਸੀਅਤ ਇਤਿਹਾਸਕ ਦਸਤਾਵੇਜ਼ ਦੀ ਹੋ ਜਾਂਦੀ ਹੈ। ਜੋ ਆਪਣੇ ਦੌਰ ਦੇ ਸੰਘਰਸ਼ ਅਤੇ ਵਿਰੋਧ ਦਾ ਇਤਿਹਾਸ ਪੇਸ਼ ਕਰਦਾ ਹੈ ਤੇ ਕੇਵਲ ਇਹੀ ਨਹੀਂ, ਸਗੋਂ ਇਸ ਤੋਂ ਇਹ ਸਬਕ ਵੀ ਮਿਲਦਾ ਹੈ ਕਿ ਜਬਰ ਦੇ ਵਿਰੁੱਧ ਸੰਘਰਸ਼ ਕਿਵੇਂ ਕੀਤਾ ਜਾਵੇ ਅਤੇ ਕਿਸ ਤਰ੍ਹਾਂ ਲੋਕਾਂ ਵਿਚ ਇਸਦੇ ਵਿਰੁੱਧ ਨਫ਼ਰਤ ਪੈਦਾ ਕੀਤੀ ਜਾਵੇ ਤੇ ਇਹਨਾਂ ਨੂੰ ਮੁਜ਼ਾਹਮਤ ਲਈ ਉਭਾਰਿਆ ਜਾਵੇ।

ਇਥੇ ਇਹ ਸਵਾਲ ਵੀ ਕੀਤਾ ਜਾ ਸਕਦਾ ਹੈ ਕਿ ਜਿਹੜਾ ਕਵੀ ਸਾਹਿਤਕਾਰ ਅਤੇ ਦਾਨਸ਼ਵਰ ਮੁਜ਼ਾਹਮਤ ਕਰਦੇ ਹਨ, ਉਸਦੇ ਨਤੀਜੇ ਵਜੋਂ ਕੈਦ ਤੇ ਬੰਦੀ, ਕਸ਼ਟ ਅਤੇ ਮੌਤ ਨਾਲ ਵੀ ਦੋ ਚਾਰ ਹੁੰਦੇ ਹਨ। ਕੀ ਸਮਾਜ ਇਹਨਾਂ ਦੀ ਕੁਰਬਾਨੀ ਦੀਆਂ ਸੇਵਾਵਾਂ ਨੂੰ ਪ੍ਰਵਾਨ ਕਰਕੇ ਇਹਨਾਂ ਨੂੰ ਨਿਵਾਜਦਾ ਵੀ ਹੈ ਜਾਂ ਨਹੀਂ ਜਾਂ ਜਦੋਂ ਸਫਲਤਾ ਹੋ ਜਾਂਦੀ ਹੈ ਤਾਂ ਇਹਨਾਂ ਨੂੰ ਕੀ ਬਿਲਕੁਲ ਭੁਲਾ ਦਿੱਤਾ ਜਾਂਦਾ ਹੈ ਅਤੇ ਇਹਨਾਂ ਦੀਆਂ ਲਿਖਤਾਂ ਕੀ ਕੇਵਲ ਇਤਿਹਾਸ ਦੇ ਸਫ਼ਿਆਂ ਉੱਤੇ ਹੀ ਰਹਿ ਜਾਂਦੀਆਂ ਹਨ? ਇਸਦਾ ਆਧਾਰ ਵੀ ਸਮਾਜ ਦੀ ਬੌਧਿਕ ਤਰੱਕੀ ਅਤੇ ਸੂਝ ਉੱਤੇ ਨਿਰਭਰ ਹੈ। ਇਹਨਾਂ ਨੂੰ ਯਾਦ ਵੀ ਰੱਖਿਆ ਜਾਂਦਾ ਹੈ ਅਤੇ ਭੁਲਾ ਵੀ ਦਿੱਤਾ ਜਾਂਦਾ ਹੈ। ਪਰ ਜਿਹੜੇ ਲੋਕ ਮੁਜ਼ਾਹਮਤ ਦਾ ਰਾਹ ਚੁਣਦੇ ਹਨ ਅਤੇ ਆਪਣੇ ਉਦੇਸ਼ ਲਈ ਕੁਰਬਾਨੀ ਕਰਦੇ ਹਨ, ਉਹਨਾਂ ਦੇ ਦਿਲਾਂ ਵਿਚ ਕਦੇ ਸਿਲੇ ਦੀ ਆਸ ਨਹੀਂ ਹੁੰਦੀ। ਉਹ ਇਸ ਲਈ ਇਹ ਰਾਹ ਨਹੀਂ ਚੁਣਦੇ ਕਿ ਇਸ ਵਿਚ ਕਾਮਯਾਬੀ ਤੋਂ ਪਿੱਛੋਂ ਉਹਨਾਂ ਨੂੰ ਇਹਨਾਂ ਕੋਸ਼ਿਸ਼ਾਂ ਦਾ ਸਿਲਾ ਮਿਲੇਗਾ ਤੇ ਇਹਨਾਂ ਨੂੰ ਇਨਾਮਾਂ ਨਾਲ ਸਨਮਾਨਿਆ ਜਾਵੇਗਾ। ਜੇ ਇਹਨਾਂ ਨੂੰ ਕਿਸੇ ਸਿਲੇ (ਇਵਜ਼ਾਨੇ) ਦੀ ਲੋੜ ਹੋਵੇਗੀ ਤਾਂ ਇਸ ਹਾਲਤ ਵਿਚ, ਉਹਨਾਂ ਲਈ ਫੌਰੀ ਤੌਰ ਤੇ ਸਮਝੌਤਾ ਕਰਨਾ, ਉਹਨਾਂ ਲਈ ਜ਼ਿਆਦਾ ਲਾਹੇਵੰਦ ਹੋਵੇ, ਇਸ ਲਈ ਇਹ ਲੋਕ ਸਿਲਾ ਜਾਂ ਇਨਾਮ ਪੁਰਸਕਾਰ ਆਦਿ ਤੋਂ ਨਿਰਲੇਪ ਰਹਿ ਕੇ ਇਕ ਮਕਸਦ ਲਈ ਇਸ ਕਾਰਨ ਕੰਮ ਕਰਦੇ ਹਨ ਕਿ ਇਹ ਕੰਮ ਨੂੰ ਸਹੀ ਤੇ ਦਰੁੱਸਤ ਖ਼ਿਆਲ ਕਰਦੇ ਹਨ। ਇਸ ਲਈ ਇਨ੍ਹਾਂ ਦੀ ਕੁਰਬਾਨੀ, ਮਕਸਦ ਦੀ ਪ੍ਰਾਪਤੀ ਲਈ ਹੁੰਦੀ ਹੈ। ਇਸਨੂੰ ਸਾਹਮਣੇ ਰੱਖੀ ਬਹੁ-ਗਿਣਤੀ ਅਤੇ ਲੋਕ-ਸਮੂਹ ਦੇ ਹੱਕਾਂ ਦੀ ਰਖਵਾਲੀ ਹੁੰਦੀ ਹੈ। ਆਜ਼ਾਦੀ ਅਤੇ ਇਨਸਾਨੀ ਵਡਿਆਈ ਹੁੰਦੀ ਹੈ ਤੇ ਉਹ ਇਸ ਦੀ ਪ੍ਰਾਪਤੀ ਲਈ ਆਪਣੀਆਂ ਲਿਖਤਾਂ ਦੀ ਵਰਤੋਂ ਕਰਦੇ ਹਨ।

2.

ਪਾਕਿਸਤਾਨ ਦੀ ਬਦਕਿਸਮਤੀ ਇਹ ਰਹੀ ਹੈ ਕਿ ਇਸਦੀ ਕਾਇਮੀ ਤੋਂ ਤੁਰੰਤ ਬਾਅਦ ਜਦੋਂ ਇਹਨਾਂ ਨੂੰ ਹਕੂਮਤ ਮਿਲੀ ਕਿ ਜਿਹਨਾਂ ਨੂੰ ਕੇਵਲ ਆਪਣੀ ਤਾਕਤ ਨਾਲ ਹੀ ਦਿਲਚਸਪੀ ਸੀ ਤੇ ਦੇਸ਼ ਦੇ ਸਿਆਸੀ ਪ੍ਰਬੰਧ ਅਤੇ ਜਨਤਾ ਦੀ ਹਾਲਤ ਨੂੰ ਚੰਗੇਰਾ ਬਣਾਉਣ



ਲਈ ਇਹਨਾਂ ਦੇ ਦਿਮਾਗ ਵਿਚ ਕੋਈ ਯੋਜਨਾ ਨਹੀਂ ਸੀ। ਇਹ ਸਥਿਤੀ ਉਸ ਵੇਲੇ ਹੋਰ ਖਰਾਬ ਹੋਈ, ਜਦ ਦੇਸ਼ ਵਿਚ ਫੌਜੀ ਰਾਜ ਦਾ ਆਰੰਭ ਹੋਇਆ ਤੇ ਲੋਕ-ਰਾਜੀ ਪ੍ਰਬੰਧ ਨੂੰ ਜੜ੍ਹਾਂ ਤੋਂ ਪੁੱਟ ਕੇ ਸੁੱਟ ਦਿੱਤਾ ਗਿਆ। ਇਕ ਵਾਰ ਜਦੋਂ ਇਹ ਸਿਲਸਿਲਾ ਸ਼ੁਰੂ ਹੋ ਗਿਆ ਤਾਂ ਇਕ ਤੋਂ ਬਾਅਦ ਦੂਜੇ ਫੌਜੀ ਰਾਜ ਆਉਂਦੇ ਰਹੇ ਤੇ ਦੇਸ਼ ਦੀਆਂ ਜੜ੍ਹਾਂ ਖੋਖਲੀਆਂ ਕਰਦੇ ਰਹੇ। ਆਪਣੀ ਹਕੂਮਤ ਦੇ ਅਖਲਾਕੀ ਤੌਰ ਤੇ ਪਕਿਆਈ ਲਈ ਇਹ ਫੌਜੀ ਹਕੂਮਤਾਂ ਲੇਖਕਾਂ ਤੇ ਵਿਚਾਰਵਾਨਾਂ ਦੀਆਂ ਸੇਵਾਵਾਂ ਪ੍ਰਾਪਤ ਕਰਦੀਆਂ ਰਹੀਆਂ। ਸੋ ਆਯੂਬ ਖਾਂ ਦੇ ਜ਼ਮਾਨੇ ਵਿਚ ਕੁਝ ਸਰਕਾਰੀ ਲੇਖਕਾਂ ਨੇ ਮਿਲ ਕੇ 'ਰਾਈਟਰਜ਼-ਗਿਲਡ' ਦੀ ਨੀਂਹ ਰੱਖੀ ਅਤੇ ਜ਼ਿਆ-ਉਲ-ਹੱਕ ਦੇ ਜ਼ਮਾਨੇ ਵਿਚ 'ਅਕਾਦਮੀ-ਆਫ਼-ਲੈਟਰਜ਼' ਦਾ ਆਰੰਭ ਹੋਇਆ। ਨਾਲ ਹੀ ਜ਼ਿਆ-ਉਲ-ਹੱਕ ਨੇ ਕਲਮਾਂ ਵਾਲਿਆਂ ਲਈ ਕਾਨਫਰੰਸਾਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਵਿਚਾਰਵਾਨਾਂ ਦੇ ਬਾਗੀਆਨਾ ਖ਼ਿਆਲਾਂ ਨੂੰ ਠੰਡਾ ਕੀਤਾ ਜਾਵੇ।

ਇਸ ਮਾਹੌਲ ਵਿਚ, ਜਦ ਲੇਖਕ ਵੱਧ ਚੜ੍ਹ ਕੇ ਇਹਨਾਂ ਸਰਕਾਰੀ ਕਾਨਫਰੰਸਾਂ ਅਤੇ ਸਰਗਰਮੀਆਂ ਵਿਚ ਰੁੱਝੇ ਹੋਏ ਸਨ ਤਾਂ ਕੁਝ ਐਸੇ ਲੇਖਕ (ਅਦੀਬ) ਵੀ ਬਚੇ ਹੋਏ ਸਨ ਜੋ ਇਹਨਾਂ ਤੋਂ ਵੱਖਰੇ ਖਲੋਤੇ, ਸੂਝ ਤੇ ਪੂਰੀ ਸਮਝ ਦੇ ਨਾਲ ਇਹਨਾਂ ਸਰਕਾਰਾਂ ਦੇ ਵਿਰੁੱਧ ਸਨ ਤੇ ਆਮ ਲੋਕਾਂ ਦੀ ਤਰਜ਼ਮਾਨੀ ਕਰ ਰਹੇ ਸਨ। ਇਹਨਾਂ ਵਿਚੋਂ ਹੀ ਇਕ ਹਬੀਬ ਜਾਲਿਬ ਵੀ ਸੀ, ਜਿਹਨਾਂ ਫੌਜੀ ਰਾਜ ਦੇ ਵਿਰੁੱਧ ਆਪਣੇ ਜ਼ਹਾਦ (ਧਰਮ-ਯੁੱਧ) ਦੀ ਆਰੰਭ ਕੀਤਾ ਤੇ ਉਸ ਵੇਲੇ ਸ਼ੁਰੂ ਕੀਤਾ ਜਦੋਂ ਆਯੂਬ ਖਾਂ ਆਪਣੀ ਚੜ੍ਹਤ ਉੱਤੇ ਸੀ ਅਤੇ ਪੂਰੇ ਮੁਲਕ ਵਿਚ ਐਸੀ ਦਹਿਸ਼ਤ ਛਾਈ ਹੋਈ ਸੀ ਕਿ ਕਿਸੇ ਨੂੰ ਇਸਦੇ ਖਿਲਾਫ਼ ਬੋਲਣ ਦੀ ਜੁਰਅਤ ਨਹੀਂ ਹੁੰਦੀ ਸੀ ਤੇ ਹਬੀਬ ਜਾਲਿਬ ਦਾ ਇਹ ਅੰਦਾਜ਼ ਜਾਰੀ ਰਿਹਾ। ਉਹਨਾਂ ਨੇ ਭੁੱਟੋ ਦੇ ਅਖਾਉਤੀ ਲੋਕ-ਰਾਜ ਦੇ ਵਿਰੁੱਧ ਵੀ ਆਵਾਜ਼ ਉਠਾਈ ਕਿ ਇਸ ਦੇ ਪਰਦੇ ਹੇਠ ਇਕ ਪੁਰਖਾ ਹਕੂਮਤ ਸੀ ਅਤੇ ਫਿਰ ਜ਼ਿਆ ਦੇ ਜ਼ਮਾਨੇ ਵਿਚ ਵੀ ਉਨ੍ਹਾਂ ਨੇ ਆਪਣੀ ਗੱਲ ਕੀਤੀ। ਏਥੋਂ ਤੀਕ ਕਿ ਬੇਨਜ਼ੀਰ ਦੀ ਹਕੂਮਤ ਜਿਸ ਨੂੰ ਅਜੇ ਜ਼ਿਆਦਾ ਦੇਰ ਨਹੀਂ ਸੀ ਹੋਈ,ਪਰ ਉਸ ਦੀਆਂ ਬਦ-ਆਨਵਾਨੀਆਂ ਪ੍ਰਗਟ ਹੋਣ ਲੱਗ ਪਈਆਂ ਸਨ। ਇਹਨਾਂ ਦੀ ਨਿਸ਼ਾਨ-ਦੇਹੀ ਵੀ ਹਬੀਬ ਜਾਲਿਬ ਨੇ ਕੀਤੀ।

ਅਜਿਹੇ ਬਾਗੀ ਸੋਚਵਾਨਾਂ ਦੇ ਲਈ ਸਰਕਾਰ ਕੋਲ ਦੋ ਹਰਬੇ ਹੁੰਦੇ ਹਨ। ਉਹਨਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਜਾਵੇ ਅਤੇ ਇਨਾਮਾਂ / ਪੁਰਸਕਾਰਾਂ ਨਾਲ ਨਿਵਾਜਿਆ ਜਾਵੇ, ਜੇ ਉਹ ਫਿਰ ਵੀ ਠੀਕ ਰਾਹ ਤੇ ਨਾ ਆਉਣ ਤਾਂ ਉਹਨਾਂ ਨੂੰ ਕੈਦੀ ਤੇ ਬੰਦੀ ਦੇ ਕਸ਼ਟਾਂ ਰਾਹੀਂ ਸੁਧਾਰਿਆ ਜਾਵੇ। ਹਬੀਬ ਜਾਲਿਬ ਲਈ ਇਹ ਦੂਸਰਾ ਰਾਹ ਅਪਣਾਇਆ ਗਿਆ, ਪਰ ਕੈਦ ਤੇ ਬੰਦੀ ਦੇ ਤਸੀਹਿਆਂ ਨਾਲ ਵੀ ਉਸਦੀ ਅੰਦਰਲੀ ਅੱਗ ਠੰਡੀ ਨਹੀਂ ਹੋਈ।

ਹਬੀਬ ਜਾਲਿਬ ਦੀ ਖ਼ਾਸ ਖ਼ੂਬੀ ਇਹ ਸੀ ਕਿ ਇਹਨਾਂ ਸਾਰੇ ਅਦਾਰਿਆਂ ਵਿਚ ਜਦ ਕਿ ਦੇਸ਼ ਵਿਚ ਫੌਜੀ ਤਾਨਾਸ਼ਾਹੀ ਦੀ ਹਕੂਮਤ ਸੀ, ਉਸਨੇ ਨਾ ਤਾਂ ਆਪ-ਸਹੇੜੀ ਜਲਾਵਤਨੀ

ਹੀ ਅਪਣਾਈ ਤੇ ਨਾ ਹੀ ਚੁੱਪ ਰਿਹਾ। ਸਗੋਂ ਉਹ ਇਸੇ ਮੁਲਕ ਵਿਚ ਰਹੇ ਤੇ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਰਹੇ ਤੇ ਖ਼ੁਦ ਵੀ ਜਬਰ ਤੇ ਤਸ਼ੱਦਦ ਦਾ ਸਾਹਮਣਾ ਕਰਦੇ ਰਹੇ ਤੇ ਇੱਕ ਲੋਕ-ਕਵੀ ਹੋਣ ਦੇ ਨਾਤੇ ਜੋ ਕੁਝ ਮਹਿਸੂਸ ਕੀਤਾ, ਉਸਦਾ ਪ੍ਰਗਟਾਵਾ ਕੀਤਾ। ਸਿੱਟੇ ਵਜੋਂ ਉਹਨਾਂ ਦੀ ਹਾਜ਼ਰੀ ਨਾਲ ਅਵਾਮ ਨੂੰ ਹੌਂਸਲਾ ਮਿਲਿਆ। ਉਸਨੂੰ ਇਹ ਅਹਿਸਾਸ ਹੋਇਆ ਕਿ ਬੁਰੇ ਵਕਤਾਂ ਵਿਚ ਉਹਨਾਂ ਨੂੰ ਬੇਸਹਾਰਾ ਨਹੀਂ ਛੱਡ ਦਿੱਤਾ ਗਿਆ, ਸਗੋਂ ਉਹਨਾਂ ਦੇ ਨਾਲ ਰਹਿ ਕੇ ਦੁੱਖਾਂ ਵਿਚ ਬਰਾਬਰ ਦੇ ਭਾਈਵਾਲ ਬਣੇ ਰਹੇ।

ਹਬੀਬ ਜਾਲਿਬ ਨੇ ਆਪਣੀ ਪੂਰੀ ਜ਼ਿੰਦਗੀ ਗਰੀਬੀ ਤੇ ਕੰਗਾਲੀ ਵਿਚ ਲੰਘਾਈ। ਇਕ ਐਸੇ ਸ਼ਖ਼ਸ ਦੇ ਲਈ ਬੜਾ ਮੁਸ਼ਕਿਲ ਹੁੰਦਾ ਹੈ ਕਿ ਉਹ ਆਈ ਹੋਈ ਦੌਲਤ ਨੂੰ ਠੁਕਰਾ ਦੇਵੇ, ਖ਼ਾਸ ਕਰਕੇ ਅਜਿਹੇ ਸਮਾਜ ਵਿਚ ਕਿ ਜਿਸ ਵਿਚ ਦੌਲਤ ਨਾਲ ਇਨਸਾਨ ਦਾ ਸਮਾਜੀ ਸਥਾਨ ਨਿਸ਼ਚਿਤ ਹੁੰਦਾ ਹੋਵੇ। ਜਿੱਥੇ ਦੌਲਤ ਦੀ ਸਹਾਇਤਾ ਨਾਲ ਸਿਹਤ ਅਤੇ ਵਿੱਦਿਆ ਮਿਲਦੀ ਹੋਵੇ, ਜਿੱਥੇ ਦੌਲਤ ਕਾਰਨ ਇੱਜ਼ਤ ਅਤੇ ਵਕਾਰ ਮਿਲਦਾ ਹੋਵੇ। ਇਕ ਐਸੇ ਸਮਾਜ ਵਿਚ ਗਰੀਬੀ ਨੂੰ ਪਹਿਲ ਦੇਣਾ ਬੜਾ ਮੁਸ਼ਕਿਲ ਕੰਮ ਹੁੰਦਾ ਹੈ। ਅਤੇ ਫਿਰ ਅਜਿਹੇ ਬੰਦੇ ਲਈ, ਜੋ ਇਕੱਲਾ ਨਾ ਹੋਵੇ, ਸਗੋਂ ਉਸਦਾ ਆਪਣਾ ਪਰਿਵਾਰ ਵੀ ਹੋਵੇ ਅਤੇ ਉਸਦੀਆਂ ਲੋੜਾਂ ਵੀ ਹੋਣ। ਇਸ ਲਈ ਗਰੀਬੀ ਅਤੇ ਕੰਗਾਲੀ ਪ੍ਰਵਾਨ ਕਰ ਲੈਣਾ ਅਤੇ ਹਾਲਾਤ ਨਾਲ ਸਮਝੌਤਾ ਕਰਨਾ ਬੜਾ ਔਖਾ ਕੰਮ ਹੁੰਦਾ ਹੈ। ਇਸ ਇਮਤਿਹਾਨ ਵਿਚ ਵੀ ਹਬੀਬ ਜਾਲਿਬ ਪੂਰੇ ਉੱਤਰੇ। ਗਰੀਬੀ ਤੇ ਕੰਗਾਲੀ ਨੇ ਉਸਨੂੰ ਕੁਰਾਹੇ ਨਹੀਂ ਪਾਇਆ ਅਤੇ ਮਜ਼ਬੂਤ ਇਰਾਦੇ ਨਾਲ ਆਪਣੀ ਗੱਲ ਕਹਿੰਦੇ ਰਹੇ।

ਹਬੀਬ ਜਾਲਿਬ ਨੇ ਆਪਣੀ ਕਵਿਤਾ ਰਾਹੀਂ ਜੋ ਸੇਵਾਵਾਂ ਨਿਭਾਈਆਂ, ਪ੍ਰਗਟ ਤੌਰ ਤੇ ਤਾਂ ਇਸਦਾ ਸਿਲਾ ਉਸਨੂੰ ਨਹੀਂ ਮਿਲਿਆ ਤੇ ਉਸਦੀ ਤਮੰਨਾ ਵੀ ਉਸਨੇ ਨਹੀਂ ਕੀਤੀ। ਪਰ ਕੀ ਇਹ ਸਮਾਜ ਉਸਦੀਆਂ ਕੁਰਬਾਨੀਆਂ ਨੂੰ ਯਾਦ ਰੱਖੇਗਾ? ਇਹ ਗੱਲ ਕੇਵਲ ਉਸ ਸਮਾਜ ਵਿਚ ਸੰਭਵ ਹੁੰਦਾ ਹੈ, ਜਿੱਥੇ ਲੋਕਾਂ ਨੂੰ ਸੂਝ ਹੁੰਦੀ ਹੈ। ਬੇਹਿੱਸ ਅਤੇ ਸੂਝਹੀਣ ਸਮਾਜ ਅਤੇ ਇਸਦੇ ਹੁਕਮਰਾਨ ਤਬਕੇ ਆਪਣੀਆਂ ਬੁਰੀਆਂ ਕਰਤੂਤਾਂ ਵਿਚ ਰੁੱਝੇ ਰਹਿੰਦੇ ਹਨ। ਇਸ ਲਈ ਜੇ ਇਹ ਸਮਾਜ ਭਾਵੇਂ ਹਬੀਬ ਜਾਲਿਬ ਨੂੰ ਭੁਲਾ ਵੀ ਦੇਵੇ। ਐਪਰ ਇਤਿਹਾਸ ਹਬੀਬ ਜਾਲਿਬ ਨੂੰ ਜਿਊਂਦਾ ਰੱਖੇਗਾ ਕਿ ਉਸਨੇ ਬਗਾਵਤ, ਇਨਕਾਰ ਅਤੇ ਮੁਜ਼ਾਹਮਤ ਦੀਆਂ ਨੀਹਾਂ ਰੱਖੀਆਂ। ਸ਼ਾਇਦ ਅੱਗੇ ਚੱਲ ਕੇ ਇਹਨਾਂ ਉੱਤੇ ਸਾਡਾ ਨਵਾਂ ਸਮਾਜ ਉਸਰੇ, ਜਿਸ ਵਿਚ ਜ਼ਾਲਿਮ ਤੇ ਮਜ਼ਲੂਮ ਦਾ ਫ਼ਰਕ ਮਿਟ ਜਾਵੇ।

ਹਬੀਬ ਜਾਲਿਬ ਨੇ ਆਪਣੇ ਆਪ ਨੂੰ ਲੋਕ-ਕਵੀ ਕਿਹਾ ਤੇ ਹਾਕਮਾਂ ਨਾਲੋਂ ਆਪਣੇ ਆਪ ਨੂੰ ਅਲੱਗ ਰੱਖਿਆ। ਪਰ ਉਸ ਦੀ ਕਵਿਤਾ ਦੀ ਤਾਕਤ ਦਾ ਇਹ ਅਸਰ ਹੋਇਆ ਕਿ ਹਾਕਮਾਂ ਨੇ ਖ਼ੁਦ ਹਬੀਬ ਜਾਲਿਬ ਦਾ ਸਨਮਾਨ ਕਰਨਾ ਸ਼ੁਰੂ ਕਰ ਦਿੱਤਾ। ਤਾਂਕਿ ਇਸ ਤਰ੍ਹਾਂ ਨਾਲ ਉਹ ਲੋਕਾਂ ਨੂੰ ਇਹ ਦੱਸ ਸਕਣ ਕਿ ਉਹਨਾਂ ਦੇ ਦਿਲਾਂ ਵਿਚ ਹਬੀਬ ਜਾਲਿਬ ਦੀ ਬੜੀ



ਕਦਰ ਹੈ। ਖ਼ਾਸ ਕਰਕੇ ਉਸਦੀ ਜ਼ਿੰਦਗੀ ਦੇ ਆਖ਼ਰੀ ਦਿਨਾਂ ਵਿਚ ਜਦੋਂ ਉਹ ਹਸਪਤਾਲ ਵਿਚ ਇਲਾਜ ਅਧੀਨ ਸੀ, ਵਜ਼ੀਰਾਂ ਤੇ ਅਫਸਰਾਂ ਨੇ ਉਸਦਾ ਹਾਲ-ਚਾਲ ਪੁੱਛਣ ਲਈ ਜਾਣਾ ਸ਼ੁਰੂ ਕਰ ਦਿੱਤਾ। ਪਰ ਸਪੱਸ਼ਟ ਹੈ ਕਿ ਇਹ ਸਾਰਾਂ ਕੁਝ ਵਿਖਾਵੇ-ਮਾਤਰ ਹੀ ਸੀ ਅਤੇ ਇਸ ਵਿਚ ਕੋਈ ਅਪਣੱਤ ਅਤੇ ਹਮਦਰਦੀ ਨਹੀਂ ਸੀ। ਪਰ ਇਸ ਤੋਂ ਇਕ ਗੱਲ ਤੇ ਸਾਬਿਤ ਹੁੰਦੀ ਹੈ ਕਿ ਜੇ ਕੋਈ ਸੂਝਵਾਨ, ਆਪਣੀਆਂ ਲਿਖਤਾਂ ਦਾ ਆਮ ਲੋਕਾਂ ਦੀ ਬਿਹਤਰੀ ਦੇ ਉੱਚੇ ਉਦੇਸ਼ ਲਈ ਵਰਤੋਂ ਕਰੇ ਤਾਂ ਇਹ ਤਾਕਤਵਰ ਸਾਹਿਬ ਲੋਕਾਂ ਨੂੰ ਵੀ ਗੋਡੇ ਟੇਕਣ ਲਈ ਮਜਬੂਰ ਕਰ ਦਿੰਦੀ ਹੈ। ਤੇ ਉਹ ਪ੍ਰਗਟ ਤੌਰ ਤੇ ਮਰਦੇ ਹੋਏ ਹਬੀਬ ਜਾਲਿਬ ਨੂੰ ਆਪਣੇ ਉਦੇਸ਼ ਤੋਂ ਭਟਕਾ ਨਹੀਂ ਸਕਦੇ ਅਤੇ ਉਹ ਆਪਣੇ ਮੌਤ-ਬਿਸਤਰੇ ਤੋਂ ਵੀ ਇਹਨਾਂ ਧੱਕੇਸ਼ਾਹੀਆਂ ਦੇ ਵਿਰੁੱਧ ਆਵਾਜ਼ ਉੱਚੀ ਕਰਦੇ ਰਹੇ।

ਹਬੀਬ ਜਾਲਿਬ ਆਪਣੀ ਕਵਿਤਾ ਨੂੰ ਇਕ ਉਦੇਸ਼ ਦੇ ਵਾਸਤੇ ਵਰਤਣਾ ਚਾਹੁੰਦੇ ਸਨ. ਇਸ ਵਾਸਤੇ ਨੇ ਉਸਨੇ ਇਕ ਸਿਆਸੀ ਪਾਰਟੀ ਵਿਚ ਵੀ ਸ਼ਾਮਿਲ ਹੋ ਗਏ ਤਾਂਕਿ ਉਹ ਅਮਲੀ ਤੌਰ ਤੇ ਰਾਜਨੀਤੀ ਵਿਚ ਹਿੱਸਾ ਲੈਂਦੇ ਹੋਏ ਲੁਟੇਰੇ ਪ੍ਰਬੰਧ ਨੂੰ ਬਦਲਣ ਲਈ ਸੰਘਰਸ਼ ਕਰ ਸਕੇ। ਉਹਨਾਂ ਨੇ ਆਯੂਬ ਖਾਂ ਦੇ ਖਿਲਾਫ਼ ਫਾਤਿਮਾ ਜਿਨਾਹ ਦਾ ਸਾਥ ਦਿੱਤਾ ਅਤੇ ਉਨ੍ਹਾਂ ਦੀ ਚੋਣ-ਮੁਹਿੰਮ ਵਿਚ ਉਸਦੇ ਨਾਲ ਰਹੇ।

ਉਨ੍ਹਾਂ ਦੇ ਖ਼ਿਆਲ ਅਨੁਸਾਰ ਇਹ ਸੰਘਰਸ਼ ਲੋਕ-ਰਾਜ ਦੀ ਵਾਪਸੀ ਲਈ ਅਤੇ ਫੌਜੀ ਰਾਜ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਸੀ ਤੇ ਫਿਰ ਜਦੋਂ ਅਯੂਬ ਖਾਂ ਨੇ 1962 ਵਿਚ ਕੌਮ ਨੂੰ ਨਵਾਂ ਦਸਤੂਰ (ਵਿਧਾਨ) ਦਿੱਤਾ ਤਾਂ ਇਸ ਤੋਂ ਅਨੁਮਾਨ ਲੱਗ ਗਿਆ ਕਿ ਇਸ ਰਾਹੀਂ ਸਰਕਾਰ ਨੂੰ ਇਕ ਲੋਕ-ਰਾਜੀ ਸ਼ਕਲ ਦਿੱਤੀ ਜਾ ਰਹੀ ਹੈ ਪਰ ਇਸ ਦੇ ਪਿੱਛੇ ਤਾਨਾਸ਼ਾਹੀ ਲੁਕੀ ਹੋਈ ਹੈ। ਇਸ ਵਿਸ਼ੇ ਉੱਤੇ ਜਾਲਿਬ ਦੀ ਕਵਿਤਾ ਰਾਤੋ-ਰਾਤ ਲੋਕਾਂ ਵਿਚ ਹਰਮਨ ਪਿਆਰੀ ਹੋ ਗਈ।

ਇਸ ਤੋਂ ਅਨੁਮਾਨ ਲੱਗ ਸਕਦਾ ਹੈ ਕਿ ਜਬਰ ਤੇ ਦਹਿਸ਼ਤ ਦੇ ਕਾਰਨ ਬਹੁ-ਗਿਣਤੀ ਖਾਮੋਸ਼ ਰਹਿੰਦੀ ਹੈ, ਐਪਰ ਇਹਨਾਂ ਦੇ ਦਿਲਾਂ ਵਿਚ ਇਸਦੇ ਵਿਰੁੱਧ ਜਬਰਦਸਤ ਘ੍ਰਿਣਾ ਦੇ ਜਜ਼ਬੇ ਹੁੰਦੇ ਹਨ। ਇਸ ਲਈ ਜਦੋਂ ਉਹਨਾਂ ਦੇ ਦਿਲਾਂ ਦੀ ਗੱਲ ਕੀਤੀ ਜਾਵੇ ਤਾਂ ਕਿਸ ਤਰ੍ਹਾਂ ਇਹ ਛੇਤੀ ਹੀ ਦੇਸ਼ ਦੇ ਇਕ ਕੋਨੇ ਤੋਂ ਦੂਸਰੇ ਤੀਕ ਫੈਲ ਜਾਂਦੀ ਹੈ ਅਤੇ ਇਸ ਵਿਚ ਖ਼ਾਸ ਕਰਕੇ ਕਵਿਤਾ ਦਾ ਸਾਧਨ ਬੜਾ ਕਾਮਯਾਬ ਹੁੰਦਾ ਹੈ। ਕਿਉਂਕਿ ਇਸ ਵਿਚ ਸੰਗੀਤ ਤਾਲ ਹੁੰਦਾ ਹੈ ਜਿਹੜਾ ਨਾ ਕੇਵਲ ਸੰਦੇਸ਼ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ ਸਗੋਂ ਇਸਨੂੰ ਯਾਦ ਕਰਨਾ ਤੇ ਬਾਰ-ਬਾਰ ਪੜ੍ਹਨਾ ਵੀ ਸੌਖਾ ਹੁੰਦਾ ਹੈ।

ਮੈਨੂੰ ਜਾਲਿਬ ਦੀ ਸ਼ਾਇਰੀ ਵਿਚ ਇਕ ਵਿਸ਼ੇਸ਼ਤਾ ਇਹ ਵੀ ਨਜ਼ਰ ਆਈ ਹੈ ਕਿ ਉਹਨਾਂ ਨੇ ਇਹਨਾਂ ਲੋਕਾਂ ਨੂੰ ਆਪਣੀ ਸ਼ਾਇਰੀ ਰਾਹੀਂ ਜ਼ਿੰਦਾ ਕਰ ਦਿੱਤਾ ਕਿ ਜਿਨ੍ਹਾਂ ਨੇ ਹੱਕ ਤੇ ਇਨਸਾਫ ਲਈ ਸੰਘਰਸ਼ ਕੀਤਾ ਅਤੇ ਜਾਨ ਦੇ ਦਿੱਤੀ ਜਾਂ ਇਸਦੀ ਖ਼ਾਤਿਰ ਤਸੀਹੇ ਝੱਲੇ।

ਇਸ ਲਈ ਇਹਨਾਂ ਵਿਚ ਹਸਨ ਨਾਸਰ ਵੀ ਹੈ। ਦਾਦਾ ਅਮੀਰ ਹੈਦਰ ਵੀ, ਕਾਮਰੇਡ ਲਾਲ ਖਾਨਵੀ ਤੇ ਸਾਰੇ ਲੋਕ ਇਤਿਹਾਸ ਵਿਚ ਸੁਰੱਖਿਅਤ ਹਨ। ਜੇ ਇਹਨਾਂ ਨੂੰ ਪਾਕਿਸਤਾਨ ਦੇ ਇਤਿਹਾਸਕਾਰਾਂ ਨੇ ਭੁਲਾ ਵੀ ਦਿੱਤਾ ਤਾਂ ਵੀ ਜਾਲਿਬ ਦੀ ਕਵਿਤਾ ਉਹਨਾਂ ਨੂੰ ਯਾਦ ਰੱਖੇਗੀ।

ਮੁਜ਼ਾਹਮਤੀ ਕਵਿਤਾ ਇਸ ਲਈ ਵੀ ਸਿਆਸੀ ਲਹਿਰਾਂ ਲਈ ਜ਼ਰੂਰੀ ਹੁੰਦੀ ਹੈ ਕਿ ਜਦ ਅਸਫਲਤਾਵਾਂ ਦੇ ਪਿੱਛੋਂ ਦਿਲ ਉਦਾਸ ਹੋਣ ਤੇ ਜਦੋਂ ਆਸ-ਉਮੀਦ ਦੀ ਕੋਈ ਕਿਰਨ ਨਜ਼ਰ ਨਾ ਆਉਂਦੀ ਹੋਵੇ, ਜਦੋਂ ਨਿਰਾਸ਼ਤਾ ਅਤੇ ਬੇਬਸੀ ਦਾ ਤਿੱਖਾ ਅਹਿਸਾਸ ਹੋਵੇ, ਜਦੋਂ ਦਿਲ ਟੁੱਟ ਜਾਣ ਤੇ ਦਿਮਾਗ ਬੌਂਦਲ ਜਾਣ ਤਾਂ ਉਸ ਵਕਤ ਇਹ ਕਵਿਤਾ ਇਹ ਅਹਿਸਾਸ ਦਾ ਜਜ਼ਬਾ ਅਤੇ ਜ਼ਿੰਦਗੀ ਪੈਦਾ ਕਰਦੀ ਹੈ। ਜਾਲਿਬ ਦੀ ਕਵਿਤਾ ਸਾਨੂੰ ਹਮੇਸ਼ਾ ਹੌਸਲਾ ਦਿੰਦੀ ਰਹੇਗੀ ਕਿ ਇਨਸਾਫ ਤੇ ਆਜ਼ਾਦੀ ਦੀ ਖਾਤਰ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇ ਤੇ ਥੱਕ ਕੇ ਲੋਕ ਖਾਮੋਸ਼ ਨਾ ਹੋ ਜਾਣ।

## 3. ਪਾਕਿਸਤਾਨ ਦੇ ਮੁਜ਼ਾਹਮਤੀ ਸਭਿਆਚਾਰ ਦੀ ਪਛਾਣ

**(ਸਮਾਜਕ ਇਨਸਾਫ਼ ਦੀ ਜੰਗ ਲੜਨ ਵਾਲੇ ਯੋਧੇ ਦੀ ਸਿਮ੍ਰਿਤੀ ਵਿਚ)**

**- ਪ੍ਰੋ. ਖਾਲਦ ਮਹਿਮੂਦ**

ਸਾਹਿਤਕ ਆਲੋਚਕ ਹਬੀਬ ਜਾਲਿਬ ਨੂੰ ਮਹਾਨ ਕਵੀਆਂ ਦੀ ਕਤਾਰ ਵਿਚ ਨਹੀਂ ਰੱਖਦੇ। ਉਹਨਾਂ ਦੀ ਨਜ਼ਰ ਵਿਚ ਜਾਲਿਬ ਦੀ ਹੈਸੀਅਤ ਜਲਸਿਆਂ ਵਿਚ ਲੋਕ-ਜਜ਼ਬਾਤ ਭੜਕਾਉਣ ਵਾਲੇ ਛਿਣ-ਭੰਗਰੇ ਕਵੀ ਤੋਂ ਜ਼ਿਆਦਾ ਨਹੀਂ, ਜੋ ਕਦੇ ਵੀ ਪ੍ਰਸਿੱਧੀ ਪ੍ਰਾਪਤ ਨਹੀਂ ਕਰ ਸਕਦਾ। ਜਾਲਿਬ ਨੇ ਵੀ ਕਦੀ ਇਹਨਾਂ ਅਖੌਤੀ ਸਾਹਿਤਕ ਸੂਰਮਿਆਂ ਦੀ ਪ੍ਰਵਾਹ ਨਹੀਂ ਕੀਤੀ। ਉਹ ਇਕ ਜਮਾਂਦਰੂ ਬਾਗੀ ਸੀ ਤੇ ਪਿਛਾਂਹ ਖਿਚੂ ਸ਼ਕਤੀਆਂ ਦੇ ਵਿਰੁੱਧ ਨਿਰੰਤਰ ਸਰਗਰਮ ਰਿਹਾ। ਉਸ ਨੇ ਕਦੇ ਇਸ ਗੱਲ ਨੂੰ ਪਸੰਦ ਨਹੀਂ ਕੀਤਾ ਕਿ ਉਸ ਨੂੰ ਨਿਗੂਣੇ ਦਰਜੇ ਦਾ ਕਵੀ ਪ੍ਰਵਾਨ ਕੀਤਾ ਜਾਵੇ। ਉਹ ਆਪਣੇ ਆਪ ਨੂੰ ਸਮਾਜੀ ਇਨਸਾਫ ਦੀ ਜੰਗ ਦਾ ਯੋਧਾ ਸਮਝਦਾ ਸੀ। ਉਸਨੂੰ ਆਪਣੇ ਦ੍ਰਿਸ਼ਟੀਕੋਣ ਉੱਤੇ ਫ਼ਖ਼ਰ ਹੁੰਦਾ ਸੀ। ਉਹ ਇਹਨਾਂ "ਸ਼ਰੀਫਾਂ" ਦੀ ਪਹੁੰਚ ਨੂੰ ਆਮ ਆਦਮੀ ਦੇ ਵਿਰੁੱਧ ਸਾਜਿਸ਼ ਸਮਝਦਾ ਸੀ।

ਪਾਕਿਸਤਾਨੀ ਇਤਿਹਾਸ ਵਿਚ ਕਿਸੇ ਕਵੀ ਨੂੰ ਏਨੀ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ, ਜਿੰਨੀ ਜਾਲਿਬ ਨੂੰ ਹੋਈ ਸੀ। ਉਸਨੂੰ ਠੀਕ ਹੀ "ਅਵਾਮੀ ਕਵੀ" (ਲੋਕ-ਕਵੀ) ਦਾ ਖ਼ਿਤਾਬ ਦਿੱਤਾ ਗਿਆ। ਉਹ ਕਵੀ-ਦਰਬਾਰਾਂ ਦਾ ਸ਼ਾਇਰ ਨਹੀਂ ਸੀ, ਕਿਉਂਕਿ ਉਸਨੇ ਕਦੇ ਸਾਹਿਤਕ-ਆਲੋਚਕਾਂ ਲਈ ਕਵਿਤਾ ਨਹੀਂ ਰਚੀ। ਉਸਦਾ ਪੈਗ਼ਾਮ ਆਮ ਲੋਕਾਂ ਲਈ ਸੀ, ਜਿਹੜੇ ਲੋਕ-ਜਲਸਿਆਂ ਵਿਚ ਉਸਨੂੰ ਸੁਣ ਲਈ ਬੜੇ ਜੋਸ਼ੋ-ਖਰੋਸ਼ ਨਾਲ ਆਉਂਦੇ ਸਨ ਤੇ ਉਸਦੇ ਸ਼ਿਅਰਾਂ ਦੇ ਜਾਦੂ ਵਿਚ ਗ੍ਰਿਫਤਾਰ ਹੋ ਜਾਂਦੇ।



ਕੁਝ ਤੰਗ-ਨਜ਼ਰ ਆਲੋਚਕਾਂ ਦੇ ਖ਼ਿਆਲ ਵਿਚ ਜਾਲਿਬ ਦੀ ਸ਼ਾਇਰੀ ਨਫਸਾਨੀ ਵਿਸ਼ਿਆਂ ਦੀ ਕਵਿਤਾ ਦੀ ਥਾਂ ਚੰਗੀ ਅਦਾਇਗੀ ਸਦਕਾ ਲੋਕ-ਜਲਸਿਆਂ ਵਿਚ ਪ੍ਰਵਾਨ ਕਰਨ ਦਾ ਕਾਰਨ ਹੁੰਦੀ ਸੀ। ਨਿਰਸੰਦੇਹ ਉਸਦੀ ਸੁਰੀਲੀ ਆਵਾਜ਼ ਸਰੋਤਿਆਂ ਵਿਚ ਜੋਸ਼ ਅਤੇ ਖਰੋਸ਼ ਦਾ ਕਾਰਨ ਬਣਦੀ ਸੀ। ਪਰ ਜੋ ਪੈਗਾਮ ਉਹ ਅਵਾਮ ਤੀਕ ਪਹੁੰਚਾਉਣਾ ਚਾਹੁੰਦਾ ਸੀ, ਉਹ ਤੁਰੰਤ ਆਮ ਲੋਕਾਂ ਦੀ ਜ਼ੁਬਾਨ ਤੇ ਚੜ੍ਹ ਜਾਂਦਾ ਸੀ ਤੇ ਸਿਆਸੀ ਹਲਚਲ ਦਾ ਕਾਰਨ ਬਣਦਾ ਸੀ।

ਹਬੀਬ ਜਾਲਿਬ ਦਾ ਜਨਮ ਤੇ ਪਾਲਣਾ-ਪੋਸਣਾ ਤੰਗੀ ਦੀ ਹਾਲਤ ਵਿਚ ਹੋਈ। ਉਸਦਾ ਸੰਬੰਧ ਪਛੜੇ ਹੋਏ ਤਬਕੇ ਨਾਲ ਸੀ ਜੋ ਕਈ ਨਸਲਾਂ ਤੋਂ ਕਈ ਤਰ੍ਹਾਂ ਦੇ ਸਮਾਜਕ ਜਬਰ ਦਾ ਸ਼ਿਕਾਰ ਹਨ। ਉਹ ਵੀ ਬਹੁਤ ਸਾਰੇ ਦੂਸਰਿਆਂ ਵਾਂਗੂੰ ਬੜੀ ਸੌਖੀ ਤਰ੍ਹਾਂ ਆਪਣੇ ਤਬਕੇ ਨਾਲ ਗੱਦਾਰੀ ਕਰਕੇ ਸਮਾਜਕ ਉਚਾਈ ਦੀਆਂ ਪੌੜੀਆਂ ਤੇ ਚੜ੍ਹਕੇ ਆਰਾਮ ਤੇ ਐਸ਼ ਦੀ ਜ਼ਿੰਦਗੀ ਗੁਜ਼ਾਰ ਸਕਦਾ ਸੀ। ਪਰ ਉਸ ਨੂੰ ਆਪਣੇ ਬੀਤੇ ਉੱਤੇ ਫ਼ਖ਼ਰ ਸੀ ਤੇ ਉਹ ਅਕਸਰ ਹੀ ਕਹਿੰਦਾ ਹੁੰਦਾ ਸੀ, "ਮੈਂ ਅਵਾਮ ਵਿਚੋਂ ਹਾਂ - ਇਕ ਜਮਾਂਦਰੂ ਮਜ਼ਦੂਰ ਤੇ ਪਛੜੇ ਲੋਕਾਂ ਦੇ ਜਜ਼ਬਿਆਂ ਦਾ ਤਰਜਮਾਨ।" ਜਾਲਿਬ ਹਮੇਸ਼ਾ ਆਪਣੇ ਵਾਅਦੇ ਉੱਤੇ ਕਾਇਮ ਰਿਹਾ ਤੇ ਸਾਰੀ ਜ਼ਿੰਦਗੀ ਨਿਚਲੇ ਤਬਕਿਆਂ ਨਾਲ ਜੁੜਿਆ ਰਿਹਾ।

ਉਹ ਬੁਨਿਆਦੀ ਤੌਰ ਤੇ ਸਮਾਜੀ ਇਨਸਾਫ਼ ਦਾ ਅਲਮ-ਬਰਦਾਰ ਸੀ ਤੇ ਹਮੇਸ਼ਾ ਬੇਇਨਸਾਫੀ ਅਤੇ ਜਬਰ ਤੋਂ ਪਾਕ ਸਭਿਆਚਾਰ ਦਾ ਚਾਹਵਾਨ ਸੀ। ਉਹ ਇਹ ਬਰਦਾਸ਼ਤ ਨਹੀਂ ਕਰ ਸਕਦਾ ਸੀ ਕਿ ਕਰੋੜਾਂ ਅਵਾਮ ਕੇਵਲ ਜਿਉਂਦੇ ਰਹਿਣ ਦੇ ਸੰਘਰਸ਼ ਵਿਚ ਲੱਗੇ ਰਹਿਣ ਤੇ ਕੁਝ ਸਾਧਨ-ਪ੍ਰਾਪਤ ਲੋਕ, ਆਰਾਮ ਤੇ ਐਸ਼ ਦਾ ਜੀਵਨ ਗੁਜ਼ਾਰਨ ਤੇ ਧਨ ਇਕੱਠਾ ਕਰਦੇ ਰਹਿਣ। ਇਹੋ ਉਸਦੀ ਕਵਿਤਾ ਦਾ ਵਿਸ਼ਾ ਸੀ। ਜਿਸ ਵਿਚ ਹਮੇਸ਼ਾ ਇਨਸਾਫ ਤੇ ਠੀਕ ਵਿਹਾਰ ਦਾ ਪ੍ਰਚਾਰ ਹੁੰਦਾ ਸੀ। ਉਸਦੀ ਸਭ ਤੋਂ ਵਧੀਆ ਕਵਿਤਾ ਨੇ 1968-69 ਵਿਚ ਪੀਪਲਜ਼ ਪਾਰਟੀ ਦੇ ਕਾਰਕੁੰਨਾਂ ਦੀ ਇਕ ਪੂਰੀ ਨਸਲ ਨੂੰ ਪ੍ਰਭਾਵਿਤ ਕੀਤਾ। ਇਹ "ਪਾਕਿਸਤਾਨ ਕਾ ਮਤਲਬ ਕਿਆ" ਬਾਰੇ ਵਿਚ ਹੈ। ਜਿਨ੍ਹਾਂ ਨੇ ਪਾਕਿਸਤਾਨ ਦੀ ਪਹਿਲੀ ਤਹਿਰੀਕ ਦੇ ਇਤਿਹਾਸਕ ਦਿਨ ਵੇਖੇ ਹਨ। ਉਨ੍ਹਾਂ ਨੂੰ ਯਾਦ ਹੋਵੇਗਾ ਕਿ ਜਾਲਿਬ ਦੇ ਸ਼ਿਅਰ "ਰੋਟੀ, ਕੱਪੜਾ ਔਰ ਦਵਾ" ਉੱਤੇ ਲੋਕ ਕਿਸ ਤਰ੍ਹਾਂ ਬੇਕਾਬੂ ਹੋ ਜਾਂਦੇ ਸਨ।

ਜਾਲਿਬ ਭੁੱਟੋ ਦਾ ਪ੍ਰਸ਼ੰਸਕ ਨਹੀਂ ਸੀ ਤੇ ਨਾ ਹੀ ਉਹ ਭੁੱਟੋ ਨੂੰ ਗਰੀਬਾਂ ਦਾ ਸਹੀ ਆਗੂ ਸਮਝਦਾ ਸੀ। ਪਰ ਉਹ ਭੁੱਟੋ ਦਾ ਸਾਥ ਦੇਣ ਲਈ ਉਸ ਵੇਲੇ ਤੀਕ ਹਮੇਸ਼ਾਂ ਤਿਆਰ ਰਿਹਾ ਜਦੋਂ ਤੀਕ ਉਹ ਪਛੜੇ ਹੋਏ ਲੋਕਾਂ ਦੀ ਆਸ ਅਤੇ ਉਸਦੀ ਪਾਰਟੀ ਨੂੰ ਸਮਾਜੀ ਪਰਿਵਰਤਨ ਦਾ ਪੱਖੀ ਸਮਝਦਾ ਰਿਹਾ। ਜ਼ੁਲਫ਼ਕਾਰ ਅਲੀ ਭੁੱਟੋ ਵੀ ਕਦੇ ਉਸਦੇ ਪ੍ਰਸ਼ੰਸਕਾਂ ਵਿਚੋਂ ਸੀ, ਪਰ ਜਾਲਿਬ ਦੀ ਸਾਫ਼-ਗੋਈ ਉਸ ਲਈ ਹਜ਼ਮ ਕਰਨੀ ਮੁਸ਼ਕਿਲ ਸੀ ਅਤੇ ਉਸਦੇ ਸਾਥੀਆਂ ਦੇ ਨਾਲ ਉਹ ਸਲੂਕ ਹੋਇਆ, ਜੋ ਹੁਕਮਰਾਨਾਂ ਦਾ ਦਸਤੂਰ ਸੀ।

ਹਬੀਬ ਜਾਲਿਬ ਫਿਤਰੀ ਤੌਰ ਤੇ ਧੱਕੇਸ਼ਾਹੀ ਦੇ ਖ਼ਿਲਾਫ ਸੀ। ਉਹ ਕਦੇ ਵੀ ਇਨਸਾਨੀ ਹੱਕਾਂ ਦੀ ਲਹਿਰ ਤੋਂ ਵੱਖਰਾ ਨਹੀਂ ਰਹਿ ਸਕਦਾ। ਭਾਵੇਂ ਇਹ ਲਹਿਰ ਕਿਸੇ ਵੀ ਤਬਕੇ ਜਾਂ ਪਾਰਟੀ ਵਲੋਂ ਚਲਾਈ ਜਾ ਰਹੀ ਹੋਵੇ, ਸੰਘਰਸ਼ ਭਾਵੇਂ ਲੋਕ-ਰਾਜ ਲਈ ਹੋਵੇ, ਸਨਅਤੀ ਕਾਮਿਆਂ, ਔਰਤਾਂ ਦੇ ਹੱਕਾਂ ਦੀ ਗੱਲ ਹੋਵੇ ਜਾਂ ਸੂਬਾਈ ਖ਼ੁਦ-ਮੁਖਤਾਰੀ ਦੀ ਜਾਂ ਸ਼ਹਿਰੀ ਆਜ਼ਾਦੀਆਂ ਦੀ ਬਹਾਲੀ ਦੀ, ਉਹ ਸਦਾ ਹੀ ਸਭ ਤੋਂ ਅੱਗੇ ਹੋ ਕੇ ਇਹਨਾਂ ਨਾਲ ਏਕਤਾ ਦੇ ਪ੍ਰਗਟਾਵੇ ਲਈ ਹਾਜ਼ਰ ਹੁੰਦਾ ਸੀ। ਪ੍ਰਬੰਧਕ ਹਮੇਸ਼ਾ ਉਸਨੂੰ ਐਜੀਟੇਟਰ ਸਮਝਦੇ ਅਤੇ ਲੋਕ-ਸ਼ਾਂਤੀ ਨੂੰ ਭੰਗ ਕਰਨ ਵਾਲਾ ਸਮਝਦੇ ਅਤੇ ਉਸ ਨਾਲ ਉਹੀ ਵਿਹਾਰ ਕੀਤਾ ਜਾਂਦਾ, ਜਿਸਦਾ ਉਹ ਹੱਕਦਾਰ ਸੀ। ਇਸ ਦੀ ਇਕ ਮਿਸਾਲ ਮਾਲ ਰੋਡ ਉੱਤੇ ਔਰਤਾਂ ਦੇ ਜਲੂਸ ਵਿਚ ਸ਼ਾਮਿਲ ਹੋਣ ਉੱਤੇ ਕਾਨੂੰਨ ਦੇ ਰਖਵਾਲਿਆਂ ਦੇ ਹੱਥੋਂ ਉਸ ਦੀ ਬੇਰਹਿਮੀ ਨਾਲ ਕੀਤੀ ਕੁੱਟਮਾਰ ਸੀ। ਪਰ ਕਿਸੇ ਵੀ ਤਰ੍ਹਾਂ ਦਾ ਜਬਰ ਜਾਂ ਧਮਕੀ ਉਸਦੇ ਇਰਾਦਿਆਂ ਨੂੰ ਕਮਜ਼ੋਰ ਨਹੀਂ ਕਰ ਸਕਿਆ ਅਤੇ ਇਨਸਾਨੀ ਹੱਕਾਂ ਦੀ ਰਾਖੀ ਖ਼ਾਤਰ ਅਣਥੱਕ ਸੰਘਰਸ਼ ਨੇ ਉਸਨੂੰ "ਵਿਰੋਧੀ-ਕਲਚਰ" ਦਾ ਚਿੰਨ ਬਣਾ ਦਿੱਤਾ ਸੀ।

ਜਾਲਿਬ ਦੀ ਸ਼ਖ਼ਸੀਅਤ ਸੱਠਵੇਂ ਦਹਾਕੇ ਦੇ ਵਿਚਕਾਰ ਉਸ ਵਕਤ ਆਮ ਲੋਕਾਂ ਦੇ ਸਾਹਮਣੇ ਆਈ, ਜਦੋਂ ਉਹ ਆਯੂਬਸ਼ਾਹੀ ਦੇ ਜ਼ੁਲਮ ਦੇ ਵਿਰੁੱਧ ਪਹਿਲੀ ਆਵਾਜ਼ ਬਣ ਕੇ ਉਭਰਿਆ ਅਤੇ ਸਤਿਕਾਰਯੋਗ ਫਾਤਿਮਾ-ਜਿਨਾਹ ਦੇ ਲੋਕ-ਰਾਜੀ ਕਾਫਲੇ ਦੇ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਇਸ ਦੌਰ ਵਿਚ ਉਹ ਇਕ ਆਮ ਰੋਮਾਂਟਿਕ ਕਵੀ ਤੋਂ ਇਕ ਬੜੀ ਵੱਡੀ ਸ਼ਖ਼ਸੀਅਤ ਬਣ ਕੇ ਉਭਰਿਆ, ਜੋ ਲੋਕਾਂ ਵਿਚ ਕਬੂਲ ਹੋਇਆ ਅਤੇ ਉਹਨਾਂ ਨੂੰ ਸਿਆਸੀ ਅਮਲ ਲਈ, ਉਭਾਰਦਾ ਸੀ। ਲੋਕ-ਰਾਜ ਦੇ ਕਾਫ਼ਲੇ ਵਿਚ ਸ਼ਾਮਿਲ ਹੋਣ ਤੋਂ ਪਿੱਛੋਂ ਉਸਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਧੱਕੇਸ਼ਾਹੀ ਦੇ ਵਿਰੁੱਧ ਝੰਡਾ ਉੱਚੀ ਚੁੱਕੀ ਰੱਖਿਆ। "ਐਸੇ ਦਸਤੂਰ ਕੋ, ਸੁਬ੍ਹਾ ਬੇਨੂਰ ਕੋ, ਮੈਂ ਨਹੀਂ ਮਾਨਤਾ, ਮੈਂ ਨਹੀਂ ਜਾਨਤਾ।" ਅਯੂਬ ਸ਼ਾਹੀ ਜ਼ੁਲਮ ਦੇ ਵਿਰੁੱਧ ਉਸਦਾ ਜੰਗੀ ਨਾਹਰਾ ਸੀ। ਉਹ ਸਹੀ ਅਰਥਾਂ ਵਿਚ ਲੋਕ-ਰਾਜੀ ਸੰਘਰਸ਼ ਵਿਚ ਜ਼ੋਰਦਾਰ ਵਿਰੋਧ ਦੇ ਹਾਮੀਆਂ ਵਿਚ ਸੀ, ਜਿਸਨੇ ਆਪੇ-ਥਾਪੇ ਹਾਕਮਾਂ ਅਤੇ ਧੱਕੜਸ਼ਾਹਾਂ ਦੇ ਵਿਰੁੱਧ ਖੁੱਲੀ ਬਗਾਵਤ ਕੀਤੀ।

ਖ਼ੁਸ਼ਾਮਦ ਤੇ ਚਾਪਲੂਸੀ ਦੇ ਇਸ ਦੌਰ ਵਿਚ ਜਾਲਿਬ ਆਪਣੇ ਸਮਕਾਲੀਆਂ ਤੋਂ ਉੱਚਾ ਸਥਾਨ ਪ੍ਰਾਪਤ ਕਰ ਗਿਆ। ਉਹ ਕਿਸੇ ਵੀ ਮੌਕੇ ਉੱਤੇ ਆਪਣੀ ਕੀਮਤ ਲਗਵਾ ਕੇ ਹਾਕਮਾਂ ਨਾਲ ਸਮਝੌਤਾ ਕਰ ਸਕਦਾ ਸੀ। ਪਰ ਉਹ ਸਮਝੌਤਾ ਕਰਨ ਵਾਲੀ ਮਿੱਟੀ ਦਾ ਬਣਿਆ ਹੋਇਆ ਨਹੀਂ ਸੀ। ਮਜਬੂਰ ਅਤੇ ਲਿਤਾੜਿਆਂ ਦਾ ਤਰਜਮਾਨ ਬਣ ਕੇ ਉਹ ਉਮਰ ਭਰ ਆਪਣੇ ਆਦਰਸ਼ਾਂ ਉੱਤੇ ਡਟਿਆ ਰਿਹਾ ਜਦ ਕਿ ਜਿਸ ਦ੍ਰਿਸ਼ਟੀਕੋਣ ਉੱਤੇ ਉਹ ਕਾਇਮ ਸੀ, ਉਹ ਮਜਦੂਰ ਤਬਕੇ ਦੇ ਨਾਂ ਤੇ ਬਣਨ ਵਾਲੀ ਰਿਆਸਤ ਦੇ ਖਾਤਮੇ ਦੇ ਪਿੱਛੋਂ ਸ਼ੱਕੀ ਹੋ ਚੁੱਕਾ ਸੀ। ਜੇ ਜਾਲਿਬ ਕਿਸੇ ਸਮਾਜਵਾਦੀ ਦੇਸ਼ ਵਿਚ ਹੁੰਦਾ ਤਾਂ ਵੀ ਉਹ ਵਿਰੋਧੀ ਧਿਰ ਵਿਚ



ਹੁੰਦਾ, ਕਿਉਂਕਿ ਉਹ ਸਹੂਲਤਾਂ ਪ੍ਰਾਪਤ ਤਬਕਿਆਂ ਅਤੇ ਧੱਕੇਸ਼ਾਹੀ ਰਾਜ-ਪ੍ਰਬੰਧ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ।

ਬਦਕਿਸਮਤੀ ਨਾਲ ਜਾਲਿਬ ਨੇ ਜਿਸ ਪਾਰਟੀ ਦੀ ਚੋਣ ਕੀਤੀ, ਉਹ ਉਸਨੂੰ ਅਜਿਹਾ ਪਲੇਟਫਾਰਮ ਨਾ ਦੇ ਸਕੀ, ਜਿੱਥੇ ਉਹ ਵਿਸ਼ਾਲਤਰ ਅਵਾਮ ਨੂੰ ਸੰਬੋਧਨ ਹੋ ਸਕਦਾ। ਭਾਵੇਂ ਹਰ ਕਿਸਮ ਦੇ ਲੋਕ ਉਸਦੇ ਹਮਾਇਤੀਆਂ ਵਿਚ ਸ਼ਾਮਿਲ ਸਨ ਪਰ ਉਸਨੇ ਆਪਣੇ ਆਪ ਨੂੰ ਨੈਸ਼ਨਲ ਅਵਾਮੀ ਪਾਰਟੀ ਦੀ ਤੰਗ ਸਿਆਸਤ ਵਿਚ ਕੈਦ ਕਰ ਲਿਆ ਅਤੇ ਉਹ ਨਿਰਪੱਖ, ਅਵਾਮੀ ਕਵੀ ਦੇ ਤੌਰ ਤੇ ਪ੍ਰਵਾਨ ਨਾ ਕੀਤਾ ਗਿਆ। ਸ਼ਾਇਦ ਜਾਲਿਬ ਨੂੰ ਕਿਸੇ ਵੀ ਸਿਆਸੀ ਪਾਰਟੀ ਵਿਚ ਸ਼ਾਮਿਲ ਨਹੀਂ ਸੀ ਹੋਣਾ ਚਾਹੀਦਾ। ਉਸਨੇ ਕਦੀ ਇਸ ਸਥਿਤੀ ਨੂੰ ਪ੍ਰਵਾਨ ਨਹੀਂ ਕੀਤਾ। ਉਸਨੇ ਚੋਣ ਲੜਨ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੇ ਹੱਕ ਵਿਚ ਪੈਣ ਵਾਲੇ ਵੋਟਰਾਂ ਦੀ ਘੱਟ ਗਿਣਤੀ ਵੇਖ ਕੇ ਹੈਰਾਨ ਰਹਿ ਗਿਆ। ਵਲੀ ਖਾਂ ਐਂਡ ਕੰਪਨੀ ਦੇ ਨਾਲ ਲੰਮੀ ਨੇੜਤਾ ਉਸ ਲਈ ਸਿਆਸੀ ਤਾਕਤ ਦੀ ਥਾਂ ਭਾਰ ਦੀ ਸਾਬਤ ਹੋਈ। ਇਸਦੇ ਆਧਾਰ ਉੱਤੇ ਉਹ ਭੁੱਟੋ ਦੇ ਕਹਿਰ ਦਾ ਸ਼ਿਕਾਰ ਹੋਇਆ, ਜਿਸਨੇ ਆਪਣੀ ਜਾਗੀਰਦਾਰਾਨਾ ਸੋਚ ਦਾ ਵਿਖਾਵਾ ਕਰਦੇ ਹੋਏ ਜਾਲਿਬ ਦੀ ਗੁਸਤਾਖੀ ਨੂੰ ਮੁਆਫ਼ ਨਹੀਂ ਕੀਤਾ ਅਤੇ ਉਸਨੂੰ ਹੈਦਰਾਬਾਦ ਸਾਜਿਸ਼ ਕੇਸ ਦੀ ਸਖ਼ਤ ਪ੍ਰੀਖਿਆ ਵਿਚੋਂ ਲੰਘਣਾ ਪਿਆ। ਜਾਲਿਬ ਉੱਤੇ ਬਗ਼ਾਵਤ ਦਾ ਇਲਜ਼ਾਮ ਹੈਰਾਨੀ ਵਾਲੀ ਗੱਲ ਸੀ, ਪਰ ਉਸਦੀ ਸਾਰੀ ਜ਼ਿੰਦਗੀ ਇਸੇ ਤਰ੍ਹਾਂ ਹੀ ਲੰਘੀ। ਕੋਈ ਵੀ ਸਜ਼ਾ ਅਤੇ ਜਬਰ ਉਸਨੂੰ ਰੋਕ ਨਹੀਂ ਸਕਦਾ ਸੀ।

ਜਾਲਿਬ ਵਰਗੇ ਲੋਕ ਨਿੱਤ-ਨਿੱਤ ਪੈਦਾ ਨਹੀਂ ਹੁੰਦੇ। ਉਸਦੀ ਕਵਿਤਾ ਜੋ ਜ਼ੁਲਮ ਅਤੇ ਨਾ-ਇਨਸਾਫੀ ਦੇ ਵਿਰੁੱਧ ਲੜਨ ਵਾਲਿਆਂ ਲਈ ਆਸ-ਉਮੀਦ ਦੀ ਕਿਰਨ ਹੈ। ਇਸ ਤੋਂ ਬਿਨਾਂ ਇਹ ਉਸਦੀ ਜ਼ਾਤ, ਜੁਰਅਤ, ਬਹਾਦਰੀ ਅਤੇ ਅਸੂਲਾਂ ਉੱਤੇ ਯਕੀਨ ਕਾਮਲ ਅਤੇ ਸਾਬਤ ਕਦਮੀਂ ਨਾਲ ਅਵਾਮ ਦੇ ਲਈ ਇਨਸਾਫ਼ ਦੀ ਪ੍ਰਾਪਤੀ ਲਈ ਅਣਥੱਕ ਸੰਘਰਸ਼ ਦੀ ਰੌਸ਼ਨ ਮਿਸਾਲ ਹੈ। ਉਹ ਜੇਲ੍ਹ ਜਾਣ ਅਤੇ ਆਪਣੇ ਨਾਲ ਅਖਲਾਕੀ ਕੈਦੀਆਂ ਵਰਗਾ ਵਿਹਾਰ ਕੀਤੇ ਜਾਣ ਤੋਂ ਡਰਦਾ ਨਹੀਂ ਸੀ। ਨਾ ਹੀ ਉਸਨੂੰ ਸਰਕਾਰ ਵਲੋਂ "ਨਾ-ਪਸੰਦਕਰਨ ਵਾਲੀ ਸ਼ਖ਼ਸੀਅਤ" ਕਰਾਰ ਦੇਣ ਅਤੇ ਸਰਕਾਰੀ ਰਿਕਾਰਡ ਵਿਚ ਬਲੈਕ ਆਊਟ ਕੀਤੇ ਜਾਣ ਦੀ ਕੋਈ ਪ੍ਰਵਾਹ ਸੀ। ਜਾਲਿਬ ਦੀ ਮੌਤ ਉੱਤੇ ਬੇਸ਼ੁਮਾਰ ਲੋਕਾਂ ਵਲੋਂ ਸੋਗ-ਮਈ ਪੈਗਾਮ ਆਏ। ਜਮਾਇਤੇ ਇਸਲਾਮੀ ਦੇ ਆਗੂ ਅਮੀਰ ਹੁਸੈਨ ਅਹਿਮਦ ਵਰਗਿਆਂ ਨੇ ਵੀ ਉਸਨੂੰ ਇਕ ਅਨੋਖੀ ਸ਼ਰਧਾਂਜਲੀ ਪੇਸ਼ ਕਰਦੇ ਹੋਏ ਕਿਹਾ ਸੀ, "ਜਾਲਿਬ ਇਕ ਦਰਵੇਸ਼ ਸੀ।" ਸਿਰਫ਼ ਇਕ ਦਰਵੇਸ਼ ਹੀ ਇਤਨਾ ਨਿੱਡਰ ਅਤੇ ਬੇਖ਼ੌਫ ਹੋ ਸਕਦਾ ਹੈ ਤੇ ਉਹੀ ਦੁਨਿਆਵੀਂ ਇੱਛਾਵਾਂ ਦਾ ਵਿਰੋਧ ਕਰ ਸਕਦਾ ਹੈ।

(ਦਾ ਨੇਸ਼ਨ ਲਾਹੌਰ, ਮਾਰਚ 18)

ਜਹਾਂ ਮੇਂ ਆਜ ਭੀ ਮਹਿਫੂਜ਼ ਹੈਂ ਵੁਹੀ ਨਗਮੇ
ਮੁਹੱਬਤੋਂ ਮੇਂ ਜੋ ਉਭਰੇ ਹੈਂ, ਦਿਲ ਕੇ ਤਾਰੋਂ ਸੇ
ਬਜ਼ੁਰਗ ਬੈਠ ਕੇ ਲਿਖਤੇ ਥੇ ਅਰਸ਼ ਪਰ 'ਜਾਲਿਬ'
ਉਠਾਈ ਬਾਤ ਮਗਰ ਹਮ ਨੇ, ਰਾਹ ਗੁਜ਼ਾਰੋਂ ਸੇ। •

## 4. ਜਾਲਿਬ ਦਾ ਸ਼ੁਕਰੀਆ

**- ਸਈਦਾ ਗਜ਼ਦਰ**

"ਜਾਲਿਬ ਦਾ ਜਸ਼ਨ"! ਹੂੰਅ!

"ਭਈ ਕਮਾਲ ਹੈ। ਜਾਲਿਬ ਏਨੀ ਵੱਡੀ ਵੱਡੀ ਚੀਜ਼ ਕਦੋਂ ਤੋਂ ਹੋ ਗਏ ਕਿ ਉਹਨਾਂ ਦੇ ਲਈ ਇਹ ਚੋਚਲੇ ਕੀਤੇ ਜਾਣ।"

"ਆਖਰ ਦੂਸਰਿਆਂ ਦੇ ਲਈ ਕਿਉਂ ਨਹੀਂ? ਜਾਲਿਬ ਵਿਚ ਕੀ ਕੋਈ ਖ਼ਾਸ ਬਾਤ ਹੈ?"

"ਜਾਲਿਬ ਵਿਚ ਕੀ ਕੋਈ ਖ਼ਾਸ ਬਾਤ ਹੈ?" ਮੈਂ ਸੋਚਣ ਲੱਗੀ।

ਬਹੁਤ ਵੱਡਾ ਇਕੱਠ ਹੈ। ਹਾਲ, ਦਰਵਾਜ਼ੇ, ਖਿੜਕੀਆਂ ਅਤੇ ਰੌਸ਼ਨਦਾਨਾਂ ਤੱਕ ਅਟਾ ਇੱਟ ਭਰਿਆ ਹੈ। ਮਜਮਾਂ ਜਿਸ ਵਿਚ ਨੌਜਵਾਨ ਤਾਲਬ-ਇਲਮ (ਵਿਦਿਆਰਥੀ) ਮਿਹਨਤਕਸ਼, ਛੋਟੇ-ਮੋਟੇ ਕਾਰੋਬਾਰੀ, ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਲਰਕ, ਨਿਚਲੇ ਦਰਜ਼ੇ ਦੇ ਕਾਰਕੁੰਨ, ਬੇਰੁਜ਼ਗਾਰ ਅਤੇ ਬੇਨਿਆਜ਼ ਸਭ ਸ਼ਾਮਿਲ ਹਨ। ਬਹੁਤ ਸਾਰੇ ਚੰਗੇ ਚੰਗੇ ਕਵੀ ਸਟੇਜ ਤੇ ਬੈਠੇ ਹਨ। ਉਹ ਵਾਰੀ-ਵਾਰੀ ਆ ਕੇ ਆਪਣਾ ਕਲਾਮ ਸੁਣਾਈ ਜਾਂਦੇ। ਲੋਕ ਤਾਲੀਆਂ ਵਜਾਉਂਦੇ, ਦਾਦ ਦਿੰਦੇ, ਮਿਸਰਾ ਉਠਾਉਂਦੇ, ਕੋਈ ਫਿਕਰਾ ਕੱਸਦੇ, ਕਦੇ ਚੰਗਾ ਕਦੇ ਮੰਦਾ। ਇਕਦਮ ਸ਼ੋਰ ਉੱਚਾ ਹੋਇਆ ਲੋਕ ਆਪਣੀ-ਆਪਣੀ ਥਾਂ ਤੋਂ ਉੱਠ ਕੇ ਤਾਲੀਆਂ ਵਜਾਉਣ ਲੱਗੇ। ਝੂਮ-ਝੂਮ ਕੇ ਨਾਹਰੇ ਲਾਉਣ ਲੱਗੇ। ਮੈਂ ਮੁੜ ਕੇ ਵੇਖਿਆ। ਬੁੱਲ੍ਹਾਂ ਤੇ ਸ਼ਰਮਿੰਦਾ ਸ਼ਰਮਿੰਦਾ ਜਿਹੀ ਮੁਸਕਰਾਹਟ ਲਈ ਜਾਲਿਬ ਹਾਲ ਦੇ ਅੰਦਰ ਆ ਰਿਹਾ ਹੈ, ਲੋਕਾਂ ਦਾ ਜੋਸ਼ ਜਜ਼ਬੇ ਦਾ ਜਵਾਬ ਦਿੰਦੇ ਹੋਏ ਉਹ ਸਟੇਜ ਉੱਤੇ ਚੜ੍ਹ ਜਾਂਦੇ ਹਨ। ਲੋਕ ਫਿਰ ਮਚਲ ਗਏ।

"ਅਸੀਂ ਤਾਂ ਹੁਣ ਜਾਲਿਬ ਨੂੰ ਸੁਣਾਂਗੇ।"

"ਜਾਲਿਬ ਦੇ ਲਈ ਹੀ ਅਸੀਂ ਆਏ ਹਾਂ।"

"ਜਾਲਿਬ"

"ਜਾਲਿਬ"

ਜਾਲਿਬ ਨੇ ਮਾਈਕਰੋਫੋਨ ਫੜ ਖੜ੍ਹੇ ਹੋ ਕੇ ਆਖਿਆ। ਇਕੱਠ ਨੂੰ ਅਪੀਲ ਕੀਤੀ। ਪਰ ਸਭ ਤਰਫ਼ੋ ਇਕ ਹੀ ਆਵਾਜ਼ ਸੀ

"ਜਾਲਿਬ"

"ਜਾਲਿਬ"



"ਮੈਂ ਉਹਨਾਂ ਦੇ ਵਿਰੁੱਧ ਵੀ ਸੰਘਰਸ਼ ਕੀਤਾ ਹੈ ਜਿਹੜੇ ਚੌਧਰੀ ਹਨ ਤੇ ਉਹਨਾਂ ਦੇ ਵਿਰੁੱਧ ਵੀ ਅੰਦੋਲਨ ਚਲਾਵਾਂਗਾ, ਜਿਹੜੇ ਅੱਜ ਕੁਰਸੀਆਂ ਤੇ ਬੈਠੇ ਹਨ, ਕਿਉਂਕਿ ਮੈਂ ਜ਼ੁਲਮ ਦੇ ਖਿਲਾਫ਼ ਹਾਂ। ਬੇਇਨਸਾਫੀ ਦੇ ਖਿਲਾਫ਼ ਹਾਂ। ਇਹ ਸਭ ਇੱਕ ਹੀ ਟੋਲੇ ਦੇ ਲੋਕ ਹਨ। ਮੈਂ ਲੜਾਂਗਾ, ਹਰ ਉਸ ਮੋਰਚੇ ਉੱਤੇ ਲੜਾਂਗਾ, ਜਿਹੜਾ ਜ਼ੁਲਮ ਦੇ ਖਿਲਾਫ਼ ਬਣੇਗਾ।"

ਲੋਕਾਂ ਦੀਆਂ ਅੱਖਾਂ ਚਮਕ ਰਹੀਆਂ ਸਨ। ਉਹ ਸੁਣ ਰਹੇ ਸਨ। ਲਫਜ਼ਾਂ ਨੂੰ ਦਿਲਾਂ ਵਿਚ ਪਰੋ ਰਹੇ ਸਨ। ਕਿਉਂਕਿ ਇਹ ਜਾਲਿਬ ਦੀ ਆਵਾਜ਼ ਸੀ, ਜਾਲਿਬ ਜਿਹੜਾ ਉਹਨਾਂ ਵਿਚੋਂ ਹੀ ਸੀ। ਉਹਨਾਂ ਦਾ ਆਪਣਾ ਜਾਲਿਬ।

"ਕੀ ਕੋਈ ਖ਼ਾਸ ਗੱਲ ਹੈ ਜਾਲਿਬ ਵਿਚ?" ਸਵਾਲ ਦੁਹਰਾਇਆ ਗਿਆ।

ਖ਼ਾਸ ਬਾਤ ਇਹ ਹੈ ਕਿ ਜਾਲਿਬ ਦੇ ਵਾਸਤੇ ਹਜ਼ਾਰਾਂ ਲੋਕ ਇਕੱਠੇ ਹੋ ਜਾਂਦੇ ਹਨ। ਉਸਦੇ ਨਾਲ ਆਵਾਜ਼ ਮਿਲਾਕੇ ਗਾਉਂਦੇ ਹਨ। ਝੂਮਦੇ ਹਨ ਅਤੇ ਉਹਨਾਂ ਛਿਣਾਂ ਵਿਚ ਉਹ ਆਪਣੀ ਹੋਂਦ ਬਾਰੇ ਨਾਦਮ ਹੋਣ ਦੀ ਥਾਂ, ਸੀਨਾ ਤਾਣ ਕੇ ਫ਼ਖ਼ਰ ਅਨੁਭਵ ਕਰਦੇ ਹਨ। ਫਿਰ ਇਹ ਛਿਣ ਫੈਲ ਜਾਂਦਾ ਹੈ। ਇਸਦੇ ਅਸਰ ਡੂੰਘੇ ਹੋ ਜਾਂਦੇ ਹਨ, ਬਹੁਤ ਡੂੰਘੇ।

"ਤੁਸੀਂ ਲੋਕ ਜਾਲਿਬ ਦੀ ਸ਼੍ਰੇਣੀ ਬਦਲ ਰਹੇ ਹੋ।" ਸਾਡੇ ਇਕ ਬਜ਼ੁਰਗ ਨੇ ਆਖਿਆ ਜਿਹਨਾਂ ਦੇ ਖਲੂਸ, ਬਸੀਰਤ ਅਤੇ ਪ੍ਰਭਾਵ ਲਈ ਮੈਂ ਕਈ ਲੋਕਾਂ ਨਾਲ ਲੜ ਚੁੱਕੀ ਸੀ।

"ਹਾਂ, ਭਈ ਜਾਲਿਬ ਦੀ ਕਲਾਸ ਬਦਲ ਜਾਵੇਗੀ।" ਇਕ ਸਿਆਸਤਦਾਨ ਨੇ ਨੱਕ ਉੱਤੇ ਧਰੀ ਰੰਗੀਨ ਐਨਕ ਨੂੰ ਜੁੰਬਸ਼ ਦਿੰਦੇ ਹੋਏ ਕਿਹਾ। "ਇਹ ਹਜ਼ਰਤ ਪਿਛਲੀ ਚੋਣ ਵਿਚ ਦੋ ਥਾਵਾਂ ਤੋਂ ਕੌਮੀ ਅਸੈਂਬਲੀ ਵਾਸਤੇ ਆਜ਼ਾਦ ਉਮੀਦਵਾਰ ਦੀ ਹੈਸੀਅਤ ਵਜੋਂ ਚੋਣ ਲੜ ਰਹੇ ਸਨ। ਪੀ. ਐਨ. ਏ. ਨੂੰ ਧਮਕੀ ਦਿੱਤੀ ਕਿ ਉਹ ਉਨ੍ਹਾਂ ਦੇ ਹੱਕ ਵਿਚ ਆਪਣੇ ਪ੍ਰਤੀਨਿਧ ਨੂੰ ਇਕ ਹਲਕੇ ਤੋਂ ਹਟਾ ਲਵੇ ਨਹੀਂ ਤੇ ......... ਨਹੀਂ ਤੇ ਕਿਸਮਤ ਦੇ ਮਾਰੇ ਉਹ ਖ਼ੁਦ ਹੀ ਰਾਹ ਚੋਂ ਪਾਸੇ ਹਟ ਜਾਵੇਗਾ। ਲੋਕ-ਰਾਜ ਦੇ ਰਾਜ ਵਿਚ ਨਜ਼ਰਾਨਾ ਪੇਸ਼ ਕਰ ਦੇਵੇਗਾ। ਉਂਝ ਵੀ ਦੋ ਥਾਵਾਂ ਤੋਂ ਜਮਾਨਤ ਜ਼ਬਤ ਹੋ ਜਾਵੇ ਤਾਂ ਕਰਮ ਵੀ ਬਦਲ ਜਾਂਦੇ ਹਨ।

ਚਾਰ ਦੀਵਾਰਾਂ ਦੇ ਅੰਦਰ, ਇਕ ਛੱਤ ਦੇ ਹੇਠ ਰਹਿਣ ਨਾਲ ਕਿਸ ਦੀ ਸ਼੍ਰੇਣੀ ਬਦਲੀ ਹੈ? ਇਹ ਜੋ ਲੋਕ ਇਤਰਾਜ਼ ਕਰਦੇ ਹਨ, ਕੀ ਉਹਨਾਂ ਦੇ ਘਰ ਨਹੀਂ ਹਨ? ਕੀ ਉਹ ਫੁੱਟਪਾਥ ਉੱਤੇ ਰਹਿੰਦੇ ਹਨ? ਉਹਨਾਂ ਦੇ ਬੱਚੇ, ਵਿੱਦਿਆ ਪ੍ਰਾਪਤ ਨਹੀਂ ਕਰਦੇ? ਘਰ ਵਿਚ ਚੁੱਲਾ ਨਹੀਂ ਤਪਦਾ? ਕੋਈ ਬੀਮਾਰੀ ਹੁੰਦੀ ਹੈ ਤਾਂ ਉਹ ਕੀ ਡਾਕਟਰ ਕੋਲ ਨਹੀਂ ਜਾਂਦੇ? ....... ਅਜਿਹੇ ਇਤਿਰਾਜ਼ ਕਰਨ ਵਾਲਿਆਂ ਨੂੰ ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਉਹ ਕਲਾਸ ਲਈ ਸਿਆਸਤ ਕਰਦੇ ਹਨ? ਵਿਚਾਰੇ ਘਟੀਆ-ਪਨ ਦੇ ਅਹਿਸਾਸ ਦਾ ਸ਼ਿਕਾਰ, ਹਾਰਾਂ-ਖਾਧੇ ਅਤੇ ਅਸਫ਼ਲ। ਆਪਣੇ ਤੋਂ ਜ਼ਿਆਦਾ ਲਾਇਕ ਅਤੇ ਸ਼ਾਨਦਾਰ ਲੋਕਾਂ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਰੱਖਦੇ। ਜਾਲਿਬ ਦਾ ਦਿਲ ਤਾਂ ਕਿਸੇ ਸਮੁੰਦਰ ਵਾਂਗ ਵਿਸ਼ਾਲ ਹੈ। ਉਹ ਸਭ ਨੂੰ ਗਲ ਨਾਲ ਲਗਾ ਲੈਂਦਾ ਹੈ। ਆਪਣਿਆਂ ਨੂੰ ਵੀ ਤੇ ਦੁਸ਼ਮਣਾਂ ਨੂੰ ਵੀ ਤੇ ਇਹ ਤੰਗ-ਦਿਲ। ਆਪਣਿਆਂ ਨੂੰ ਵੀ ਠੁਕਰਾ ਦਿੰਦੇ ਹਨ।

ਜਾਲਿਬ ਕਹਿ ਰਿਹਾ ਸੀ

"ਰੌਸ਼ਨੀਆਂ ਦੇ ਰਾਹ ਵਿਚ ਜੋ ਦੀਵਾਰ ਬਣੇਗਾ"
"ਨਹੀਂ ਰਹੇਗਾ"
"ਨਹੀਂ ਰਹੇਗਾ"

ਇਨਸਾਨ ਦਾ ਦਿਲ ਜਿੱਤਣ ਲਈ ਕਿੰਨਾ ਜ਼ਰੂਰੀ ਹੈ ਦਿਮਾਗ਼ ਅਤੇ ਦਿਲ ਦਾ ਉਜਾਲਾ। ਜਿਨ੍ਹਾਂ ਕੋਲ ਖ਼ੁਦ ਇਹ ਉਜਾਲਾ ਨਹੀਂ। ਇਹ ਵਿਸ਼ਾਲ-ਦਿਲੀ ਤੇ ਖੁੱਲ੍ਹ-ਦਿਲੀ ਨਹੀਂ, ਉਹ ਭਲਾ ਦੂਸਰਿਆਂ ਨੂੰ ਕੀ ਰੌਸ਼ਨੀ ਦੇਣਗੇ। ਜਾਲਿਬ ਤਾਂ ਹਰ ਦੌਰ ਵਿਚ ਮਕਬੂਲ ਰਿਹਾ, ਲੋਕੀਂ ਉਸਨੂੰ ਹਮੇਸ਼ਾ ਬੜੇ ਪਿਆਰ, ਬੜੇ ਆਪਣੇਪਣ ਨਾਲ ਸੁਣਦੇ ਰਹੇ।

ਆਯੂਬ ਖਾਂ ਦਾ ਜ਼ਾਲਮਾਨਾ ਦੌਰ ਸੀ। ਜੋ ਖੁੱਲ ਕੇ ਗੱਲ ਕਰਦੇ ਸਨ, ਉਹ ਜੇਲ੍ਹ ਜਾਂਦੇ ਸਨ। ਨੌਕਰੀਆਂ ਤੋਂ ਹੱਥ ਧੋ ਬੈਠਦੇ, ਪੂਰੇ ਖਾਨਦਾਨ ਤਬਾਹ, ਬਰਬਾਦ ਹੋ ਜਾਂਦੇ ਸਨ। ਤਾਨਾਸ਼ਾਹਾਂ ਦੇ ਹੱਥੋਂ ਕੁਝ ਲੋਕਾਂ ਨੂੰ ਛੱਡ ਕੇ, ਸਭ ਨੇ ਹਾਰ ਮੰਨ ਲਈ ਸੀ। ਉਸ ਸਮੇਂ ਜਾਲਿਬ ਨੇ ਭਰੇ ਮਜਮੇਂ ਵਿਚ ਅਖੌਤੀ ਅਸੈਂਬਲੀ ਦੇ ਸਪੀਕਰ ਤੇ ਉਸ ਦੇ ਮੈਂਬਰਾਂ ਸਾਹਮਣੇ ਖੜ੍ਹੇ ਹੋ ਕੇ ਆਖਿਆ ਸੀ,

ਐਸੇ ਦਸਤੂਰ ਕੋ
ਸੁਬ੍ਹਾ ਬੇਨੂਰ ਕੋ
ਮੈਂ ਨਹੀਂ ਮਾਨਤਾ
ਮੈਂ ਨਹੀਂ ਜਾਨਤਾ।

ਫਿਰ ਉਹ ਰੁਕਿਆ ਨਹੀਂ, ਚਲ ਪਿਆ ਤੇ ਚੱਲਦਾ ਰਿਹਾ। ਸੱਚਾਈ ਦੇ ਰਾਹ ਉੱਤੇ। ਦਲੇਰੀ ਤੇ ਬੇਜਿਗਰੀ ਤੇ ਰਸਤੇ ਉੱਤੇ। ਮੁਹੱਬਤ ਦੇ ਰਾਹ ਉੱਤੇ।

ਆਪਣਾ ਤੋ ਮਨਸ਼ੂਰ ਹੈ 'ਜਾਲਿਬ'
ਸਾਰੇ ਜਹਾਂ ਸੇ ਪਿਆਰ ਕਰੋ।

ਤੇ ਉਸਦਾ ਸਫ਼ਰ ਫੈਲਦਾ ਗਿਆ, ਵੱਧਦਾ ਗਿਆ। ਕਿਤੇ ਠੋਕਰ ਲੱਗੀ, ਕੋਈ ਪੱਥਰ ਆਇਆ। ਜਾਲਿਬ ਝੁੰਜਲਾਇਆ। ਗੁੱਸਾ ਆਇਆ। ਗ਼ਮ ਨਾਲ ਨਿਢਾਲ ਹੋਇਆ। ਪਰ ਰਸਤਾ ਬਣਾਉਂਦਾ ਗਿਆ। ਜਿਹਨਾਂ ਦੇ ਮਕਸਦ ਛੋਟੇ ਸੀ। ਆਦਰਸ਼ ਤੰਗ ਸਨ। ਧੱਕੇਸ਼ਾਹੀ, ਗਰੀਬੀ ਅਤੇ ਦੁੱਖ ਤੋਂ ਛੁਟਕਾਰੇ ਦੀ ਮੰਜ਼ਿਲ।

ਅੱਜ ਜਿਹਨਾਂ ਨੂੰ ਜਾਲਿਬ ਤੋਂ ਸ਼ਿਕਾਇਤਾਂ ਹਨ, ਉਹ ਉਸਨੂੰ ਬੁਨਿਆਦੀ ਤੌਰ ਉੱਤੇ ਇਕ ਮੁਹੱਬਤ ਨਾਲ ਭਰਪੂਰ ਦਿਲ ਰੱਖਣ ਵਾਲਾ ਕਵੀ ਮੰਨ ਲੈਣ ਤਾਂ ਉਹਨਾਂ ਦੀ ਮੁਸ਼ਕਿਲ ਹੱਲ ਜਾਵੇ। ਉਹਨਾਂ ਦਾ ਚਿੜਚਿੜਾਪਨ ਅਤੇ ਖਿੱਝ ਦੀ ਖ਼ਤਮ ਹੋ ਜਾਵੇ। ਜਾਲਿਬ ਦੇ ਜਜ਼ਬੇ ਦੀ ਵਫ਼ਾਦਾਰੀ ਅਤੇ ਪਕਿਆਈ ਨੂੰ ਕਿਸੇ ਖੰਭੇ ਨਾਲ ਬੰਨਣਾ ਸੰਭਵ ਨਹੀਂ, ਉਸਦੀ ਮੁਹੱਬਤ ਅਸੀਮ ਹੈ। ਜਿੱਥੇ ਜ਼ੁਲਮ ਹੋਵੇਗਾ, ਜੋ ਜ਼ੁਲਮ ਕਰੇਗਾ, ਉਹ ਉਸ ਦੇ ਵਿਰੁੱਧ ਅਵਾਜ਼, ਉਠਾਵੇਗਾ। ਕਿਉਂਕਿ ਇਸ ਦਾ ਬੇਹੱਦ ਹੱਸਾਸ ਦਿਲ ਆਮ ਆਦਮੀ ਦੇ ਨਾਲ ਧੜਕਦਾ ਹੈ।

ਇਸ ਸਾਜਿਸ਼ੀ ਅਤੇ ਮੱਕਾਰੀ ਦੌਰ ਵਿਚ ਜਦ ਕਿ ਸਾਰੇ ਹੀ ਕਾਮਯਾਬ ਲੋਕ ਕਿਸੇ ਨਾ



ਕਿਸੇ ਹੁਸ਼ਿਆਰੀ ਰਾਹੀਂ ਆਪਣੇ-ਆਪਣੇ ਮਤਲਬ ਹੱਲ ਕਰਨ ਵਿਚ ਲੱਗੇ ਹੋਏ ਹਨ। ਜਾਲਿਬ ਦੀ ਹੋਂਦ, ਉਸਦੀ ਕਵਿਤਾ, ਸਾਡੀ ਜ਼ਮੀਰ ਲਈ ਇਕ ਮਜ਼ਬੂਤ ਸਹਾਰਾ ਹੈ। ਇਸ ਹੌਂਕਦੇ ਕੰਬਦੇ ਅਰਕ-ਮਾਰ ਸਮਾਜ ਵਿਚ ਜਾਲਿਬ ਇਕ ਪਨਾਹਗਾਰ ਹੈ, ਜੋ ਨਾ ਜਾਣੇ ਕਿੰਨੀਆਂ ਠੋਕਰਾਂ ਖਾ ਕੇ ਵੀ ਖ਼ੁਦ ਕਿਸੇ ਨੂੰ ਠੋਕਰ ਮਾਰਨ ਦਾ ਹੌਸਲਾ ਪੈਦਾ ਨਹੀਂ ਕਰ ਸਕਿਆ। ਬੱਸ ਲਾਲਚਾਂ ਤੇ ਲੋਕਾਂ ਨੂੰ ਠੁਕਰਾਉਂਦਾ ਰਿਹਾ। ਕੈਸੀ ਹਿੰਮਤ ਚਾਹੀਦੀ ਹੈ ਕਿ ਸਭ ਕੁਝ ਠੁਕਰਾ ਕੇ ਗਰੀਬੀ ਤੇ ਸੰਤੋਖ ਨੂੰ ਅਪਣਾਉਣ ਦੀ। ਇਹ ਤਾਂ ਉਹ ਹੀ ਸਮਝਣਗੇ ਜੋ ਖ਼ੁਦ ਅਜਿਹੇ ਇਮਤਿਹਾਨਾਂ ਵਿਚ ਲੰਘੇ ਹੋਣ। ਅਤੇ ਇਸ ਲਈ ਮੈਂ ਅਕਸਰ ਜਾਲਿਬ ਦੀ ਕੋਈ ਕਵਿਤਾ ਪੜ੍ਹਦੇ ਹੋਏ ਕਹਿੰਦੀ ਹਾਂ। ਜਾਲਿਬ ਦਾ ਸ਼ੁਕਰੀਆ! ਬੇਹੱਦ ਸ਼ੁਕਰੀਆ! •

## 5. ਹਬੀਬ ਜਾਲਿਬ ਦਾ ਕਾਵਿ-ਸਫ਼ਰ

**- ਡਾ. ਵਹੀਦ ਕੁਰੈਸ਼ੀ**

ਹਬੀਬ ਜਾਲਿਬ ਨੇ ਆਪਣੀ ਸ਼ਾਇਰੀ ਦਾ ਆਰੰਭ ਇਕ ਗ਼ਜ਼ਲਗੋ ਦੀ ਹੈਸੀਅਤ ਵਿਚਕੀਤਾ ਸੀ। ਉਸਦੇ ਪਹਿਲੇ ਕਾਵਿ-ਸੰਗ੍ਰਹਿ "ਬਰਗੇ-ਆਵਾਰਾ" ਵਿਚ ਸ਼ਾਇਰੀ ਦੀ ਲਹਿਰ ਦੇ ਹਵਾਲੇ ਨਾਲ ਤਿੰਨ ਤਰਕੀਬਾਂ ਅਥਵਾ ਕਾਵਿ-ਜੁਗਤਾਂ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਕ ਅਜਿਹੀ ਜੁਗਤ ਹੈ, ਜਿਸਨੂੰ ਕਵੀ ਕਦੇ ਆਪਣੇ ਜ਼ਾਤ ਅਤੇ ਕਦੇ ਆਪਣੇ ਸਭਿਆਚਾਰ ਦੇ ਲਈ ਵਰਤੋਂ ਕਰਦਾ ਹੈ। ਮੁਹੱਬਤ ਦੀ ਉੱਜੜੀ ਹੋਈ ਬਸਤੀ, "ਬਰਗੇ-ਆਵਾਰਾ" ਤੋਂ ਬਿਨਾਂ ਸੁੰਨਸਾਨ ਗਲੀਆਂ ਨੂੰ ਬੜੀ ਮਹੱਤਤਾ ਪ੍ਰਾਪਤ ਹੈ। ਲੰਘ ਚੁੱਕੇ ਵੇਲੇ ਦੀਆਂ ਯਾਦਾਂ ਵਿਛੜੇ ਹੋਏ ਰਾਹਾਂ ਦੀ ਯਾਦ ਦਿਵਾਉਂਦੀ ਹੈ। ਉਹ ਕਦੇ ਨਾਸਰ ਕਾਜ਼ਮੀ ਵਾਂਗੂੰ ਉਦਰੇਵੇਂ ਦਾ ਸ਼ਿਕਾਰ ਹੁੰਦਾ ਹੈਤੇ ਛੱਡੀਆਂ ਹੋਈਆਂ ਬਸਤੀਆਂ, ਗਵਾਚੀਆਂ ਮੁਹੱਬਤ ਦੀਆਂ ਵਾਦੀਆਂ ਉਸਨੂੰ ਬਾਰ-ਬਾਰ ਆਪਣੇ ਬੀਤੇ ਵੱਲ ਝਾਕਣ ਲਈ ਮਜਬੂਰ ਕਰਦੀਆਂ ਹਨ। ਇਸ਼ਕ ਤੇ ਮੁਹੱਬਤ ਦੀ ਇਸ ਦੁਨੀਆਂ ਵਿਚ ਜਿਸਨੂੰ ਹਬੀਬ਼ ਜਾਲਿਬ ਨੇ ਵਸਾਇਆ ਸੀ, ਸ਼ੌਕੇ-ਆਵਾਰਗੀ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ।

ਆਜ ਇਸ ਸ਼ਹਿਰ ਮੇਂ, ਕੱਲ੍ਹ ਨਏ ਸ਼ਹਿਰ ਮੇਂ, ਬੱਸ ਇਸੀ ਲਹਿਰ ਮੇਂ
ਉੜਤੇ ਪੱਤੋਂ ਕੇ ਪੀਛੇ ਉੜਾਤਾ ਰਹਾ ਸ਼ੌਕੇ-ਆਵਾਰਗੀ।

ਇਸ ਗਲੀ ਕੇ ਬਹੁਤ ਕੰਮ-ਨਜ਼ਰ ਲੋਗ ਥੇ, ਫਿਤਨਾ-ਗਰ ਲੋਗ ਥੇ
ਜ਼ਖ਼ਮ ਖਾਤਾ ਰਹਾ, ਮੁਸਕਰਾਤਾ ਰਹਾ ਸ਼ੌਕੇ ਆਵਾਰਗੀ।

ਦੁਸ਼ਮਨੇ ਜਾਂ ਫਲਕ ਗ਼ੈਰ ਹੈ ਯਿਹ ਜ਼ਿਮੀਂ, ਕੋਈ ਆਪਨਾ ਨਹੀਂ
ਖਾਕ ਸਾਰੇ ਜਹਾਂ ਕੀ ਉੜਾਤਾ ਰਹਾ ਸ਼ੌਕੇ ਆਵਾਰਗੀ।

ਹਮ ਆਵਾਰਾ ਗਾਓਂ ਗਾਓਂ ਬਸਤੀ ਬਸਤੀ ਫਿਰਨੇ ਵਾਲੇ
ਹਮ ਸੇ ਪ੍ਰੀਤ ਬੜਾ ਕਰ ਕੋਈ, ਮੁਫ਼ਤ ਮੇਂ ਕਿਓਂ ਗ਼ਮ ਕੋ ਅਪਨਾ ਲੇ।

ਮੁਹੱਬਤ ਕੀ ਰੰਗੀਨੀਆਂ ਛੋੜ ਆਏ,
ਤੇਰੇ ਸ਼ਹਿਰ ਮੇਂ ਇਕ ਜਹਾਂ ਛੋੜ ਆਏ।

ਉਸ ਦੇਸ਼ ਕਾ ਰੰਗ ਅਨੋਖਾ ਥਾ, ਉਸ ਦੇਸ਼ ਕੀ ਬਾਤ ਨਿਰਾਲੀ ਥੀ
ਨਗਮੋਂ ਸੇ ਭਰੇ ਦਰਿਆ ਥੇ ਰਵਾਂ, ਗੀਤੋਂ ਸੇ ਭਰੀ ਹਰਿਆਲੀ ਥੀ।

ਵੋਹ ਰੌਸ਼ਨ ਗਲੀਆਂ ਯਾਦ ਆਈਂ, ਵੋਹ ਫੂਲ ਔਰ ਕਲੀਆਂ ਯਾਦ ਆਈ,
ਸੁੰਦਰ ਮਨਚਲੀਆਂ ਯਾਦ ਆਈਂ, ਹਰ ਆਂਖ ਮਧੁਰ ਮਤਵਾਲੀ ਥੀ।

ਹਬੀਬ ਜਾਲਿਬ ਦੀਆਂ ਯਾਦਾਂ ਦਾ ਇਹ ਸਿਲਸਿਲਾ ਉਸਨੂੰ ਬਾਰ-ਬਾਰ ਉੱਪ-ਮਹਾਂਦੀਪ ਦੀ ਵੰਡ ਤੋਂ ਪਹਿਲਾਂ ਦੀ ਦੁਨੀਆਂ ਵਿਚ ਲੈ ਜਾਂਦਾ ਹੈ। ਇਸ਼ਕ ਤੇ ਮੁਹੱਬਤ ਦੀਆਂ ਇਹ ਯਾਦਾਂ ਕਈ ਵਾਰ ਉਸਨੂੰ ਗੀਤਾਂ ਦੀ ਫਜ਼ਾ ਵਿਚ ਲੈ ਜਾਂਦੀਆਂ ਹਨ। ਉਸਦਾ ਮਹਿਬੂਬ ਕੌਣ ਸੀ? ਕਿੱਥੋਂ ਦਾ ਰਹਿਣ ਵਾਲਾ ਸੀ। ਗ਼ਜ਼ਲ ਦੀ ਨਾਜ਼ੁਕ ਦੁਨੀਆਂ ਇਸ ਦਾ ਅਤਾ-ਪਤਾ ਦੇਣ ਤੋਂ ਅਸਮਰੱਥ ਹੈ। ਸ਼ਾਇਰ ਦਾ ਲਹਿਜਾ ਅਤੇ ਲਫ਼ਜ਼ਾਂ ਦੀ ਚੋਣ ਬਾਰ-ਬਾਰ ਇਕ ਖਾਸ ਭਾਂਤ ਦੀ ਭਾਰਤੀ ਫਜ਼ਾ ਵੱਲ ਧਿਆਨ ਖਿੱਚਦੀ ਹੈ। ਇਹ ਮਹਿਬੂਬ ਅਤੇ ਉਸਦੀ ਮੁਹੱਬਤ ਜ਼ਮਾਨੇ ਦੀ ਭੇਂਟ ਚੜ੍ਹ ਗਏ। ਇਸ ਲਈ ਹਬੀਬ ਜਾਲਿਬ ਬਾਰ-ਬਾਰ ਜ਼ਮਾਨੇ ਨੂੰ ਬੇਦਰਦ ਕਰਾਰ ਦਿੰਦਾ ਹੈ ਅਤੇ ਸਰਮਾਏਦਾਰਾਂ ਨੂੰ ਕੋਸਦਾ ਹੈ। ਉਸਦਾ ਰਕੀਬ ਸ਼ਾਇਦ ਇਸੇ ਦੌਲਤਮੰਦ ਤਬਕੇ ਨਾਲ ਸੰਬੰਧ ਰੱਖਦਾ ਹੈ। ਇਸੇ ਲਈ ਰੰਗ-ਬਿਰੰਗੀਆਂ ਕਾਰਾਂ ਨੂੰ ਵੇਖ ਕੇ ਹਬੀਬ ਜਾਲਿਬ ਵੀ ਆਪਣਾ ਦਿਲ ਥੰਮ੍ਹਣ ਲਈ ਮਜਬੂਰ ਹੋ ਜਾਂਦਾ ਹੈ। ਅਮੀਰ ਤਬਕੇ ਦੇ ਵਿਰੁੱਧ ਬਗਾਵਤ ਦਾ "ਵਿਅਕਤੀਗਤ ਵਿਰੋਧ, ਉਸਦੇ ਕਾਵਿ-ਸੰਗ੍ਰਹਿ" "ਬਰਗੇ ਆਵਾਰਾ" ਵਿਚੋਂ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ। ਉਹ ਇਕ ਅਸਫਲ ਆਸ਼ਕ ਹੈ, ਜਿਸਦੀ ਮੁਹੱਬਤ ਉਸਨੂੰ ਦੁਰਾਹੇ ਵਿਚ ਛੱਡ ਜਾਂਦੀ ਹੈ।

ਗੁਲਸ਼ਨ ਕੀ ਫ਼ਜ਼ਾ ਧੂੰਆਂ ਧੂੰਆਂ ਹੈ
ਕਹਿਤੇ ਹੈਂ ਬਹਾਰ ਕਾ ਸਮਾਂ ਹੈ,
ਬਿਖਰੀ ਹੁਈ ਪੱਤੀਆਂ ਹੈਂ ਗੁੱਲ ਕੀ
ਟੂਟੀ ਹੁਈ ਸ਼ਾਖੇ ਆਸ਼ੀਆਂ ਹੈ,
ਜਿਸ ਦਿਲ ਸੇ ਉਭਰ ਰਹੇ ਹੈਂ ਨਗਮੇ
ਪਹਿਲੂ ਮੇਂ ਵੋਹ ਆਜ ਨੋਹਾ-ਖਵਾ ਹੈ
ਹਮ ਹੀ ਨਹੀਂ ਪਾਇਮਾਨ ਤਨਹਾ,
ਐ ਦੋਸਤ ਤਬਾਹ ਇਕ ਜਹਾਂ ਹੈ।

ਜ਼ਾਤੀ ਇਸ਼ਕ ਦੀ ਇਹ ਚੁੜਿਤਣ ਜ਼ਾਤੀ ਗ਼ਮ ਤੋਂ ਰੋਜ਼ਗਾਰ ਦੇ ਗ਼ਮ ਵੱਲ ਜਾਂਦੀ ਨਜ਼ਰ ਆਉਂਦੀ ਹੈ। ਕਵੀ ਹਿਜਰ ਦੀ, ਇਕੱਲਤਾ ਵਿਚ ਪੂਰੀ ਕਾਇਨਾਤ ਨੂੰ ਆਪਣੇ



ਆਸਪਾਸ ਵੀਰਾਨ ਵੇਖਣ ਲੱਗਦਾ ਹੈ.

ਸ਼ਹਿਰ ਵੀਰਾਂ, ਉਦਾਸ ਹੈ ਗਲੀਆਂ
ਰਾਹ-ਗੁਜ਼ਾਰੋਂ ਸੇ ਉੱਠ ਰਹਾ ਧੂੰਆਂ
ਬਸਤੀਓਂ ਪਰ ਗ਼ਮੋਂ ਕਾ ਯੂਰਸ਼ ਹੈ।

ਆਪਣੇ ਜ਼ਾਤੀ ਗ਼ਮ ਨੂੰ ਪੂਰੀ ਕਾਇਨਾਤ ਦਾ ਗ਼ਮ ਬਣਾਉਣ ਦੀ ਇਹ ਕੋਸ਼ਿਸ਼ ਕੇਵਲ ਇਹਨਾਂ ਗ਼ਜ਼ਲਾਂ ਵਿਚ ਪ੍ਰਗਟ ਨਹੀਂ ਹੁੰਦੀ, ਜੋ ਹਿੰਦੀ-ਰੰਗ ਦੀਆਂ ਹਨ, ਸਗੋਂ ਇਹਨਾਂ ਗ਼ਜ਼ਲਾਂ ਤੋਂ ਵੀ ਪ੍ਰਗਟ ਹੁੰਦਾ ਹੈ ਜਿਨ੍ਹਾਂ ਵਿਚ ਫਾਰਸੀ ਦਾ ਅਸਰ ਜ਼ਿਆਦਾ ਦਿਸਦਾ ਹੈ. ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਜਾਲਿਬ ਦਾ ਇਸ਼ਕ ਬਹੁਤ ਹੀ ਸੰਖੇਪ ਸਮੇਂ ਦਾ ਹੈ ਅਤੇ ਉਸਨੇ ਖਾਲੀਪਨ ਦੇ ਦਿਨਾਂ ਨੂੰ ਆਪਣੀ ਕਲਪਨਾ ਦੀ ਸਹਾਇਤਾ ਨਾਲ ਬਹੁਤ ਖਲਾਵਾਂ ਨੂੰ ਭਰ ਲਿਆ ਹੈ। ਇਹ ਅਫਲਾਤੂਨੀ ਪਿਆਰ ਇਸ ਗੱਲ ਦਾ ਪ੍ਰਮਾਣ ਹੈ ਕਿ ਸ਼ਾਇਰ ਆਪਣੀ ਆਵਾਰਗੀ ਅਤੇ ਬਦਨਾਮੀ ਨੂੰ ਵੀ ਇਕ ਜਜ਼ਬਾਤੀ ਰਵੱਈਏ ਦੇ ਤੌਰ ਤੇ ਪ੍ਰਵਾਨ ਕਰਕੇ ਫੈਲਾਉਂਦਾ ਚਲਾ ਜਾਂਦਾ ਹੈ ਹਾਲਾਂਕਿ ਜਿਸ ਫੁੱਲ ਦੀਆਂ ਉਹ ਗੱਲਾਂ ਕਰਦਾ ਹੈ, ਉਸਦੇ ਆਪਣੇ ਸ਼ਬਦਾਂ ਵਿਚ ਉਹ ਉਸਨੂੰ ਛੋਹਣ ਤੋਂ ਵੀ ਨਾਕਾਮ ਰਹਿੰਦਾ ਹੈ।

ਉਸ ਫੂਲ ਕੋ ਪਾਨਾ ਬੜੀ ਬਾਤ ਹੈ ਜਾਲਿਬ
ਉਸ ਫੂਲ ਕੋ ਛੂਹਨੇ ਮੇਂ ਭੀ ਨਾਕਾਮ ਰਹੇ ਹਮ
ਸਿਹਨੇ-ਗੁਲਸ਼ਨ ਮੇਂ ਕਿ ਅੰਜਿਮ ਕੀ ਤਰਬ-ਗਾਹੋਂ ਮੇਂ
ਤੁਮ ਕੋ ਦੇਖਾ ਹੈ ਨਹੀਂ ਜਾਨੇ ਕਹਾਂ ਦੇਖਾ ਹੈ।
ਹਮ ਹੰਸੇ ਤੋ ਆਖੋਂ ਮੇਂ ਤੈਰਨੇ ਲਗੀ ਸ਼ਬਨਮ
ਤੁਮ ਹੰਸੇ ਤੋ ਗੁਲਸ਼ਨ ਨੇ ਤੁਮ ਪੇ ਫੂਲ ਬਰਸਾਏ।
ਉਸ ਗਲੀ ਮੇਂ ਕਿਆ ਖੋਇਆ, ਉਸ ਗਲੀ ਮੇਂ ਕਿਆ ਪਾਇਆ।
ਤਸ਼ਨਾ-ਕਾਮ ਪਹੁੰਚੇ ਥੇ, ਤਸ਼ਨਾ-ਕਾਮ ਲੌਟ ਆਏ।
ਫਿਰ ਰਹੀ ਹੈ ਆਖੋਂ ਮੇਂ ਤੇਰੇ ਸ਼ਹਿਰ ਕੀ ਗਲੀਆਂ
ਡੂਬਤਾ ਹੂਆ ਸੂਰਜ ਫੈਲਤੇ ਹੂਏ ਸਾਏ।

ਸ਼ੌਕੇ ਆਵਾਰਗੀ ਮੇਂ ਕਿਆ ਨਾ ਹੂਆ
ਇਕ ਤੇਰਾ ਹੀ ਸਾਮਨਾ ਨਾ ਹੂਆ।
ਉਸ ਕੇ ਆਂਚਲ ਕੋ ਛੂਹ ਰਹੀ ਹੈ ਸਬਾ
ਵਾਹ ਐ ਕਿਸਮਤ ਕਿ ਮੈਂ ਸਬਾ ਨਾ ਹੂਆ।

ਹਬੀਬ ਜਾਲਿਬ ਦੀ ਕਵਿਤਾ ਵਿਚ ਦੂਸਰਾ ਮੁੱਦਾ ਜੋ ਆਮ ਕਰਕੇ ਪ੍ਰਗਟ ਹੋਇਆ, ਉਹ ਸਮਕਾਲੀ ਸ਼ਾਇਰਾਂ ਤੇ ਲੇਖਕਾਂ ਦੇ ਕਿਰਦਾਰ ਤੇ ਵਿਹਾਰ ਬਾਰੇ ਵਿਅੰਗਾਤਮਕ ਸ਼ਿਅਰ ਆਖਣਾ ਸੀ। ਲੇਖਕਾਂ ਦੇ ਵਿਕ ਜਾਣ ਨੂੰ ਜਾਲਿਬ ਨੇ ਕਦੇ ਪਸੰਦ ਨਹੀਂ ਸੀ ਕੀਤਾ। ਪੱਤਰਕਾਰ (ਸ਼ਹਾਫੀ) ਪੇਸ਼ਾਵਰ, ਖੁਸ਼ਾਮਦੀ ਅਤੇ ਇਨਾਮ ਲੁੱਟਣ ਲਈ ਸ਼ਿਅਰ ਲਿਖਣ ਵਾਲੇ ਮੌਕਾ-ਪ੍ਰਸਤ ਉਸਦੇ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਦੇ ਰਹੇ ਸਨ। ਜਾਲਿਬ ਖ਼ੁਦ ਇਸ ਰਸਤੇ ਤੇ ਚੱਲਣ ਵਾਲਾ ਨਹੀਂ ਸੀ।

ਅਬ ਸ਼ਿਅਰ ਵੁਹੀ ਹੈ ਐ ਜਾਲਿਬ, ਜਿਸ ਪਰ ਕੋਈ ਅਫਸਰ ਝੂਮ ਉੱਠੇ,
ਕਰ ਐਸੀ ਗ਼ਜ਼ਲ ਸੇ ਬਿਸਮਿੱਲਾ, ਦਫਤਰ ਕਾ ਦਫਤਰ ਝੂਮ ਉੱਠੇ।
ਜੀਨਾ ਹੈ ਅਗਰ ਇਸ ਬਸਤੀ ਮੇਂ, ਐ ਦੋਸਤ ਕਸੀਦਾ-ਖਵਾਂ ਹੋ ਜਾ,
ਅਖਬਾਰ ਮੇਂ ਲਿਖ ਐਸੀ ਬਾਤੇਂ, ਸਾਹਿਬ ਕਾ ਸਕੱਤਰ ਝੂਮ ਉੱਠੇ।
ਜਾਂ
ਜ਼ਹਾਨਤ ਰੋ ਰਹੀ ਹੈ ਮੂੰਹ ਛੁਪਾਏ
ਜ਼ਹਾਲਤ ਕਹਿਕਹੇ ਬਰਸਾ ਰਹੀ ਹੈ
ਅਦਬ ਪਰ ਅਫਸਰੋਂ ਕਾ ਹੈ ਤਸਲਤ
ਹਕੂਮਤ ਸ਼ਾਇਰੀ ਫ਼ੁਰਮਾ ਰਹੀ ਹੈ।

"ਸਰੇ ਮਕਤਲ" ਕਾਵਿ-ਸੰਗ੍ਰਹਿ ਉਸ ਦੌਰ ਨਾਲ ਸੰਬੰਧ ਰੱਖਦਾ ਹੈ, ਜਦੋਂ ਅਯੂਬ ਖਾਂ ਦੇ ਵਿਰੁੱਧ ਪਬਲਿਕ ਵਿਚ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਸਨ। ਹਬੀਬ ਜਾਲਿਬ ਇਹਨਾਂ ਹੀ ਆਵਾਜ਼ਾਂ ਦਾ ਪ੍ਰਗਟਾਵਾ ਸੀ। ਹਬੀਬ ਜਾਲਿਬ ਮਾਰਕਸੀਵਾਦੀ ਦ੍ਰਿਸ਼ਟੀਕੋਣਦੇ ਵੇਰਵਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ ਰੱਖਦਾ। ਅਯੂਬ ਖਾਂ ਦੇ ਅਖੀਰਲੇ ਦੌਰ ਵਿਚ, ਦੇਸ਼ ਦੇ ਸਾਹਮਣੇ ਜੋ ਮਸਲੇ ਪੇਸ਼ ਸਨ, ਜਿਵੇਂ ਵਿਦੇਸ਼ੀ ਨੀਤੀ, ਵੀਅਤਨਾਮ, ਫਲਿਸਤੀਨ, ਚੀਨ, ਅਮਰੀਕਾ ਦੇ ਬਾਰੇ ਉਸਨੇ ਜਿਹਨਾਂ ਖ਼ਿਆਲਾਂ ਦਾ ਪ੍ਰਗਟਾਵਾ ਕੀਤਾ, ਉਹ ਮਸਲੇ ਪੀਪਲਜ਼ ਪਾਰਟੀ ਅਤੇ ਹੋਰ ਦੂਸਰੀਆਂ ਖੱਬੀ ਸੋਚ ਵਾਲੀਆਂ ਪਾਰਟੀਆਂ ਦੇ ਵਿਚਾਰਾਂ ਉੱਤੇ ਆਧਾਰਿਤ ਸੀ। ਉਸ ਜ਼ਮਾਨੇ ਵਿਚ ਹਰ ਗੈਰ-ਅਤਿਵਾਦੀ ਨੂੰ ਅਮਰੀਕਾ ਏਜੰਟ ਆ ਕੇ ਜਾਣ ਦਾ ਰਿਵਾਜ਼ ਸੀ। ਹਬੀਬ ਜਾਲਿਬ ਦਾ ਇਹ ਰਵੱਈਆ ਤੇ ਜਲੌਅ ਇਹਨਾਂ ਗੱਲਾਂ ਤੋਂ ਪ੍ਰਭਾਵਿਤ ਸੀ। ਜੋ ਕੁਝ ਉਹਨਾਂ ਸਮਿਆਂ ਦੀਆਂ ਅਖ਼ਬਾਰਾਂ ਵਿਚ ਛਪਦਾ ਰਹਿੰਦਾ ਸੀ।

ਇਸ ਦ੍ਰਿਸ਼ਟੀਕੋਣ ਦੇ ਚਾਲਕ ਸ਼ਕਤੀ 'ਸਰੇ ਮਕਤਲ' ਕਾਵਿ-ਸੰਗ੍ਰਹਿ ਵਿਚ ਨਹੀਂ ਮਿਲਦਾ। ਹਬੀਬ ਜਾਲਿਬ ਨੂੰ ਜਜ਼ਬਾਤੀ ਤਕਮੀਲ ਲਈ ਇਹਨਾਂ ਵੇਰਵਿਆਂ ਦੀ ਲੋੜ ਵੀ ਨਹੀਂ ਸੀ। ਉਸਦਾ ਕੰਮ ਆਪਣੇ ਜਜ਼ਬਾਤੀ ਗੱਲ ਨੂੰ ਇਕ ਖਾਸ ਸੱਚੇ ਵਿਚ ਢਾਲ ਕੇ ਤਸੱਲੀ ਕਰਨਾ ਸੀ। ਇਹੋ ਕਾਰਨ ਹੈ ਕਿ ਸਿਆਸਤ ਦੇ ਬਦਲਦੇ ਧਾਰੇ ਵਿਚ, ਜਾਲਿਬ ਖਲੂਸ ਦੀ ਤਲਾਸ਼ ਵਿਚ ਆਪਣੀਆਂ ਸਿਆਸੀ ਪਾਰਟੀਆਂ ਬਦਲਣ ਲਈ ਮਜਬੂਰ ਨਹੀਂ ਕਰਦਾ।



'ਸਰੇ-ਮਕਤਲ' ਵਿਚ ਜ਼ੁਲਫਕਾਰ ਅਲੀ ਭੁੱਲੋ ਉੱਤੇ ਕਵਿਤਾ ਲਿਖਣ ਵਾਲਾ ਕਵੀ, 'ਗੋਸ਼ੇ ਮੇਂ ਕਫਸ ਕੇ" ਵਿਚ ਆ ਕੇ ਪੀਪਲਜ਼ ਪਾਰਟੀ ਦੇ ਵਿਰੁੱਧ ਸਖ਼ਤ ਰਵੱਈਆ ਧਾਰਨ ਕਰ ਲੈਂਦਾ ਹੈ। ਉਸ ਦੀ ਜਜ਼ਬਾਤੀ ਜ਼ਿੰਦਗੀ ਇਸ ਤਬਦੀਲੀ ਦੇ ਬਾਵਜੂਦ 'ਸਰੇ ਮਕਤਲ' "ਅਹਿਦੇ ਸਿਤਮ" ਅਤੇ 'ਗੋਸ਼ੇ ਮੇਂ ਕਫਸ ਕੇ' ਤੀਕ ਇਕ ਇਕਾਈ ਰੱਖਦਾ ਹੈ।

ਹਮਾਰੇ ਹਾਥ ਮੇਂ ਜਬ ਤੱਕ ਹੈ ਜ਼ੁਲਫਕਾਰ ਅਲੀ
ਕੋਈ ਹਮਾਰੇ ਸਰੋਂ ਕੋ ਝੁਕਾ ਨਹੀਂ ਸਕਦਾ
ਦਿਆਰੇ-ਪਾਕ ਹੈ ਇਨਾਮ ਜਾਤਬਾਰੀ ਕਾ
ਇਸੇ ਜਹਾਨ ਸੇ ਕੋਈ ਮਿਟਾ ਸਕਤਾ ਨਹੀਂ।
ਛੋੜਨਾ ਘਰ ਕਾ ਹਮੇਂ ਯਾਦ ਹੈ, ਜਾਲਿਬ ਨਹੀਂ ਭੂਲੇ
ਥਾ ਵਤਨ ਜ਼ਹਿਨ ਮੇਂ ਆਪਨੇ, ਕੋਈ ਜ਼ਿੰਦਾ ਤੋ ਨਹੀਂ ਥਾ।

'ਅਹਿਦੇ ਸਿਤਮ' ਵਿਚ ਜਾਲਿਬ, ਦੇ ਸਾਹਮਣੇ ਹੋਚੀ-ਮਿੰਨ, ਜਮਾਲ-ਉਲਦੀਨ ਨਾਸਰ, ਲੈਨਿਨ, ਹਸਨ, ਨਾਸਰ ਸ਼ਹੀਦ ਜ਼ਿਆਦਾ ਰਹੇ ਹਨ ਅਤੇ ਪਾਕਿਸਤਾਨ ਦੇ ਬਾਰੇ ਵਿਚ ਉਸਨੇ ਗੱਲਾਂ ਘੱਟ ਕੀਤੀਆਂ ਹਨ। ਇਥੇ ਫਿਲਮੀ ਦੁਨੀਆਂ ਵਾਲੀ ਤਕਨੀਕ ਕੰਮ ਆਈ ਹੈ ਤੇ ਟੀਪ ਦੇ ਬੰਦ ਇਕ ਖਾਸ ਵਾਤਾਵਰਨ ਬਣਾਉਂਦੇ ਹਨ।

ਪਾਕਿਸਤਾਨ ਕਾ ਮਤਲਬ ਕਿਆ
ਲਾ ਇਲਾ-ਲਾ – ਇਲਾ
ਖਤਰੇ ਮੇਂ ਇਸਲਾਮ ਨਹੀਂ।

ਕਾਇਦੇ -ਆਜ਼ਮ ਦੇਖ ਰਹੇ ਹੋ, ਆਪਣਾ ਪਾਕਿਸਤਾਨ।

ਕਾਇਦੇ-ਆਜ਼ਮ ਦੇਸ਼ ਮੇਂ ਤੇਰੇ ਤੀਸ ਰੁਪਏ ਮਨ ਆਟਾ ਹੈ
ਕਾਇਦੇ ਆਜ਼ਮ ਦੇਸ਼ ਮੇਂ ਤੇਰੇ, ਚਾਰੋਂ ਜਾਨਬ ਸੰਨਾਟਾ ਹੈ।

ਇਹ ਕਾਵਿ-ਟੁਕੜੇ ਹਬੀਬ ਜਾਲਿਬ ਦੀ ਕਲਾਤਮਿਕ ਘਾਟ ਨੂੰ ਪ੍ਰਗਟ ਕਰਦੇ ਹਨ। ਪਰ ਇਸ ਵਿਚ ਉਸ ਦੀ ਜ਼ਾਤ ਬਹੁਤ ਪਿੱਛੇ ਰਹਿ ਜਾਂਦੀ ਹੈ। ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਸ਼ਾਇਰ ਪੰਚਾਇਤੀ ਗੱਲਾਂ ਕਰਨਾ ਜ਼ਰੂਰੀ ਸਮਝਦਾ ਹੈ ਅਤੇ ਇਸਦਾ ਮਨੋਰਥ ਬਾਹਰਮੁਖੀ ਵਿਹਾਰ ਨੂੰ ਉਜਾਗਰ ਕਰਨ ਨਾਲੋਂ ਦੂਸਰਿਆਂ ਦੇ ਅਹਿਸਾਸਾਂ ਦੀ ਪ੍ਰਤੀਨਿਧਤਾ ਕਰਨੀ ਹੈ।

"ਗੋਸ਼ੇ ਮੇਂ ਕਫਸ ਕੇ" ਦੀ ਕਵਿਤਾ ਦੀ ਆਖਰੀ ਪ੍ਰਾਪਤੀ ਉਸ ਵਕਤ ਤੱਕ ਮਿਲਦੀ ਹੈ। ਇਥੇ ਜਾਲਿਬ ਦੇ ਅੰਦਰ ਛੁਪਿਆ ਹੋਇਆ ਇਨਸਾਨ ਇਕ ਵਾਰ ਫਿਰ ਅੰਗੜਾਈ ਲੈਂਦਾ ਹੈ। ਸ਼ਾਇਦ ਇਸ ਲਈ ਕਿ ਕੈਦ ਦੇ ਤਜਰਬੇ ਨੇ ਉਸਨੂੰ ਔਲਾਦ ਦੀ ਮੁਹੱਬਤ ਅਤੇ ਪਤਨੀ ਦੀਆਂ ਪ੍ਰੀਖਿਆਵਾਂ ਦਾ ਅਹਿਸਾਸ ਦਿਵਾ ਦਿੱਤਾ ਹੋਵੇ। ਇੱਥੇ ਵਿਅੰਗ ਵਾਲੀ ਅਵਸਥਾ ਤੱਜ ਦਿੱਤੀ ਹੈ ਅਤੇ ਉਸਦੀ ਥਾਂ ਇਕ ਨਰਮ ਤੇ ਇਕਸਾਰ ਵਿਅੰਗਾਤਮਿਕ ਰਵੱਈਏ ਨੇ ਲੈ

ਲਈ ਹੈ। ਇਹ ਲਹਿਜਾ ਸ਼ਾਇਰ ਦੀ ਜ਼ਜਬਾਤੀ ਜ਼ਿੰਦਗੀ ਨਾਲ ਇਕ ਆਵਾਜ਼ ਹੈ। ਇਸ ਪੱਖ ਤੋਂ 'ਗੋਸ਼ੇ ਮੇਂ ਕਫਸ ਦੇ ਮੈਂ" ਅਤੇ "ਨੰਨੀ ਜਾਨ ਸੋ ਜਾ" ਕਵੀ ਦੇ ਜ਼ਾਤੀ ਦੁੱਖ ਤੋਂ ਬਿਨਾਂ ਇਕ ਅਜਿਹੇ ਭਾਂਤ ਦੇ ਅਹਿਸਾਸ ਦੀ ਪ੍ਰਤੀਨਿਧਤਾ ਕਰਦੀ ਹੈ, ਜਿੱਥੇ ਕਵੀ ਕੇਵਲ ਵਿਰੋਧੀ ਨੂੰ ਸੰਬੋਧਨ ਕਰਦਾ ਹੋਇਆ ਲੀਡਰ ਨਹੀਂ, ਸਗੋਂ ਉਸਦੀ ਆਪਣੀ ਜ਼ਾਤ (ਨਿੱਜ) ਦੇ ਅੰਦਰ ਇਕ ਧੜਕਦਾ ਹੋਇਆ ਦਿਲ ਹੈ, ਇਸ ਪੜਾਅ ਉੱਤੇ ਆ ਕੇ ਜਾਲਿਬ ਦੇ ਕਲਾਮ ਵਿਚ ਇਕ ਖਾਸ ਤਰ੍ਹਾਂ ਦਾ ਸੰਤੁਲਨ ਆ ਗਿਆ ਹੈ। ਇਹੋ ਕਾਰਨ ਹੈ ਕਿ ਇਸ ਸੰਗ੍ਰਹਿ ਵਿਚ ਨਜ਼ਮਾਂ ਦੀ ਥਾਂ ਗ਼ਜ਼ਲਾਂ ਵਿਚ ਕਵੀ ਦੀ ਕਲਾ ਆਪਣੀ ਚੜ੍ਹਤ ਵਿਚ ਨਜ਼ਰ ਆਉਂਦੀ ਹੈ। ਚੰਗੀ ਕਵਿਤਾ ਦੇ ਵਾਸਤੇ ਕੇਵਲ ਗਰੀਬ ਹੋਣਾ ਹੀ ਕਾਫ਼ੀ ਨਹੀਂ। ਹਬੀਬ ਜਾਲਿਬ ਨੂੰ ਇਸਦਾ ਅਹਿਸਾਸ ਹੋ ਚੁੱਕਾ ਹੈ। ਇਸ ਲਈ ਉਸਨੂੰ ਆਪਣੀ ਰਾਜਸੀ ਵਿਸ਼ਵਾਸਾਂ ਦੇ ਹਵਾਲੇ ਨਾਲ ਵੇਖਣ ਦਾ ਹਰ ਢੰਗ ਆ ਗਿਆ ਹੈ।

ਦੁਸ਼ਮਣੋਂ ਨੇ ਜੋ ਦੁਸ਼ਮਨੀ ਕੀ ਹੈ
ਦੋਸਤੋਂ ਨੇ ਭੀ ਕਿਆ ਕਮੀ ਕੀ ਹੈ।
ਖਾਮੋਸ਼ੀ ਪਰ ਹੈਂ ਲੋਕ ਜ਼ੇਰੇ ਅਤਾਬ
ਔਰ ਹਮ ਨੇ ਤੋ ਬਾਤ ਭੀ ਕੀ ਹੈ।
ਮੁਤਮਈਆਨ ਹੈ ਜ਼ਮੀਰ ਤੋ ਅਪਨਾ
ਬਾਤ ਸਾਰੀ ਜ਼ਮੀਰ ਹੀ ਕੀ ਹੈ।
ਅਪਨੀ ਤੋ ਦਾਸਤਾਨ ਹੈ ਬੱਸ ਇਤਨੀ
ਗ਼ਮ ਉਠਾਏ ਹੈਂ, ਸ਼ਾਇਰੀ ਕੀ ਹੈ।

"ਬਰਗੇ ਆਵਾਰਾ" ਤੋਂ "ਗੋਸ਼ੇ ਮੇਂ ਕਫਸ ਕੇ" ਤੱਕ ਇਸ ਕਾਵਿਕ-ਸਫ਼ਰ ਵਿਚ ਹਬੀਬ ਜਾਲਿਬ ਨੇ ਗ਼ਮ ਵੀ ਝੱਲੇ ਹਨ ਤੇ ਸ਼ਾਇਰੀ ਵੀ ਕੀਤੀ ਹੈ। ਇਸ ਵਿਚ ਅਜਿਹੀਆਂ ਮੰਜ਼ਿਲਾਂ ਵੀ ਆਈਆਂ ਕਿ ਜਦੋਂ ਕਾਵਿਕ ਪ੍ਰਵਾਨਗੀ ਦੇ ਨਸ਼ੇ ਵਿਚ, ਗਰੀਬ ਲੋਕਾਂ ਦੇ ਜਜ਼ਬਾਤ ਦਾ ਪ੍ਰਤੀਨਿਧ ਹੋ ਗਿਆ, ਪਰ ਆਖਿਰਕਾਰ ਉਸਨੂੰ ਇਹ ਅਹਿਸਾਸ ਹੋ ਗਿਆ ਕਿ ਆਪਣੇ ਬਾਹਰਮੁਖੀ ਰਵੱਈਏ ਦੇ ਸ਼ਾਮਿਲ ਹੋਣ ਤੋਂ ਬਗੈਰ ਲੀਡਰੀ ਤਾਂ ਚੱਲ ਸਕਦੀ ਹੈ, ਕਵਿਤਾ ਦਾ ਧੰਦਾ ਚੱਲਣਾ ਮੁਸ਼ਕਿਲ ਹੈ। ਹੁਣ ਜੇ ਉਹ ਨਾਹਰੇਬਾਜ਼ੀ ਵੀ ਕਰਦਾ ਹੈ ਤਾਂ ਉਸਦੇ ਫੇਫੜਿਆਂ ਤੋਂ ਜਿਗਰ ਦਾ ਲਹੂ ਵੀ ਸ਼ਾਮਿਲ ਹੈ। ਅੱਜ ਦਾ ਹਬੀਬ ਜਾਲਿਬ ਰਾਜਨੀਤੀ ਤੇ ਸਮਾਜਿਕ ਹਾਲਤਾਂ ਨੂੰ ਸ਼ਾਇਰੀ ਬਣਾਉਂਦੇ ਹੋਏ ਫ਼ਿਕਰ ਤੇ ਅਹਿਸਾਸ ਦੀਆਂ ਬਾਰੀਕੀਆਂ ਨੂੰ ਪਛਾਨਣ ਵਿਚ ਵੀ ਕਾਮਯਾਬ ਹੋ ਚੁੱਕਿਆ ਹੈ। ਉਹ ਆਪਣੇ ਹੱਥ ਵਿਚ ਅਤਾ ਤਾਂ ਰੱਖਦਾ ਹੈ, ਪਰ ਇਹ ਅਤਾ ਕੇਵਲ ਲੱਠ ਮਾਰਨ ਲਈ ਨਹੀਂ ਹੈ, ਇਸ ਵਿਚ ਕਵੀ ਦੀਆਂ ਬਾਹਾਂ ਦੀ ਤਾਕਤ ਤੋਂ ਬਿਨਾਂ ਉਸਦਾ ਜਜ਼ਬਾਤੀ ਰਵੱਈਆ ਵੀ ਸ਼ਾਮਿਲ ਹੈ। •





# ਗ਼ਜ਼ਲਾਂ

1.

ਜਾਲਿਬ ਸਾਈਂ ਕਦੀ ਕਦਾਈਂ, ਚੰਗੀ ਗੱਲ ਕਹਿ ਜਾਂਦਾ ਏ।
ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖਰ ਇਹ ਲਹਿ ਜਾਂਦਾ ਏ।

ਬਾਝ ਤਿਰੇ ਓ ਦਿਲ ਦੇ ਸਾਥੀ, ਦਿਲ ਦੀ ਹਾਲਤ ਕੀ ਹੁੰਦੀ,
ਕਦੀ ਕਦੀ ਇਹ ਥੱਕਿਆ ਰਾਹੀ, ਰਸਤੇ ਵਿਚ ਬਹਿ ਜਾਂਦਾ ਏ।

ਸਾਂਦਲ ਬਾਰ ਵਸੇਂਦੀਏ ਹੀਰੇ, ਵੱਸਦੇ ਰਹਿਣ ਤੇਰੇ ਹਾਸੇ,
ਦੋ ਪਲ ਤੇਰੇ ਗ਼ਮ ਦਾ ਪਰਾਹੁਣਾ, ਅੱਖੀਆਂ ਵਿਚ ਰਹਿ ਜਾਂਦਾ ਏ।

ਹਾਏ ਦੁਆਬੇ ਦੀ ਉਹ ਧਰਤੀ, ਜਿੱਥੇ ਮੁਹੱਬਤ ਵੱਸਦੀ ਸੀ,
ਹੰਝੂ ਬਣ ਕੇ ਦੁੱਖ ਵਤਨਾਂ ਦਾ, ਅੱਖੀਆਂ ਚੋਂ ਵਹਿ ਜਾਂਦਾ ਏ।

ਫਜਰੇ ਉਹ ਚਮਕਾਉਂਦਾ ਡਿੱਠਾ, ਜਾਲਿਬ ਸਾਰੀ ਦੁਨੀਆਂ ਨੂੰ,
ਰਾਤੀਂ ਜਿਹੜਾ ਸੇਕ ਦੁੱਖਾਂ ਦੇ, ਹੱਸ ਹੱਸ ਕੇ ਸਹਿ ਜਾਂਦਾ ਏ।

2.

ਉੱਚੀਆਂ ਕੰਧਾਂ ਵਾਲਾ ਘਰ ਸੀ, ਰੋ ਲੈਂਦੇ ਸਾਂ ਖੁੱਲ ਕੇ,
ਐਸੀ ਵਾਅ ਵਗਾਈ ਓ ਰੱਬਾ, ਰਹਿ ਗਈ ਜ਼ਿੰਦਗੀ ਹੁੱਲ ਕੇ।

ਚਾਰ ਚੁਫੇਰੇ ਦਰਦ ਹਨ੍ਹੇਰੇ ਹੰਝੂ ਡੇਰੇ ਡੇਰੇ,
ਦੁਖਿਆਰੇ ਵਣਜਾਰੇ ਆ ਗਏ, ਕਿੱਧਰ ਰਸਤਾ ਭੁੱਲ ਕੇ।

ਯਾਦ ਆਈਆਂ ਕੁਝ ਹੋਰ ਵੀ, ਤੇਰੇ ਸ਼ਹਿਰ ਦੀਆਂ ਬਰਸਾਤਾਂ,
ਹੋਰ ਵੀ ਚਮਕੇ ਦਾਗ਼ ਦਿਲਾਂ ਦੇ, ਨਾਲ ਅਸ਼ਕਾਂ ਦੇ ਧੁੱਲ ਕੇ।

ਆਪਣੀ ਗੱਲ ਨਾ ਛੱਡੀਂ 'ਜਾਲਿਬ' ਸ਼ਾਇਰ ਕੁਝ ਵੀ ਆਖਣ,
ਆਪਣੀ ਰੰਗਤ ਖੋ ਬਹਿੰਦੇ ਨੇ, ਰੰਗ ਰੰਗਾਂ ਵਿਚ ਘੁਲ ਕੇ।

3.

ਜਿੰਦਾਨਾਂ ਦੇ ਦਰ ਨਹੀਂ ਖੁੱਲਦੇ, ਹੰਝੂਆਂ, ਹਾਵਾਂ ਨਾਲ।
ਸੱਜਣਾਂ ਇਹ ਤਾਂ ਖੁੱਲਣਗੇ, ਲੋਹੇ ਦੀਆਂ ਬਾਹਾਂ ਨਾਲ।

ਵੇਖ ਜ਼ਮਾਨਾ ਗੱਲ ਕਰਦਾ ਏ, ਅੱਜ ਹਵਾਵਾਂ ਨਾਲ,
ਮੰਜ਼ਿਲ ਤੇਰੇ ਹੱਥ ਨਹੀਂ ਆਉਣੀ, ਸਿਰਫ਼ ਦੁਆਵਾਂ ਨਾਲ।

ਨਾ ਭੁੱਲ ਸਕਿਆ, ਨਾ ਭੁੱਲ ਸਕਦਾ, ਬਿਆਸ ਦੇ ਕੰਢੇ ਨੂੰ,
ਸਦਾ ਰਹੇਗੀ ਯਾਦ ਇਹਨਾਂ ਦੀ, ਮੇਰਿਆਂ ਸਾਹਵਾਂ ਨਾਲ।

ਇਕੋ ਰੁੱਖ ਅੱਖਾਂ ਵਿਚ ਵਸਿਆ, ਕੋਈ ਨਾ ਵੱਸਿਆ ਫੇਰ,
ਸਾਡਾ ਰਾਹ ਬਦਲ ਸਕਦਾ ਏ, ਕੌਣ ਅਦਾਵਾਂ ਨਾਲ।

ਖ਼ੌਫ਼ ਦਾ ਸਾਇਆ, ਜ਼ਿਹਨ ਆਪਣੇ ਦੇ ਆਉਣ ਨਾ ਦਿੱਤਾ ਕੋਲ,
ਧੰਨ ਜਿਗਰਾ ਸਾਡਾ ਵੀ 'ਜਾਲਿਬ' ਰਹੇ ਬਲਾਵਾਂ ਨਾਲ।

4. (ਉਰਦੂ ਗ਼ਜ਼ਲ)

ਦਿਲ ਕੀ ਬਾਤ ਲਬੋਂ ਪਰ ਲਾ ਕਰ, ਅਬ ਤਕ ਹਮ ਦੁੱਖ ਸਹਿਤੇ ਹੈਂ।
ਹਮ ਨੇ ਸੁਨਾ ਥਾਂ ਇਸ ਬਸਤੀ ਮੇਂ, ਦਿਲ ਵਾਲੇ ਭੀ ਰਹਿਤੇ ਹੈਂ।

ਬੀਤ ਗਿਆ ਸਾਵਨ ਕਾ ਮਹੀਨਾ, ਮੌਸਮ ਨੇ ਨਜ਼ਰੇਂ ਬਦਲੀ,
ਲੇਕਿਨ ਇਨ ਪਿਆਸੀ ਆਖੋਂ ਸੇ, ਅਬ ਤੱਕ ਆਂਸੂ ਬਹਿਤੇ ਹੈਂ।

ਏਕ ਹਮੇਂ ਆਵਾਰਾ ਕਹਿਨਾ, ਕੋਈ ਬੜਾ ਇਲਜ਼ਾਮ ਨਹੀਂ,
ਦੁਨੀਆਂ ਵਾਲੇ ਦਿਲ ਵਾਲੋਂ ਕੋ, ਔਰ ਬਹੁਤ ਕੁਝ ਕਹਿਤੇ ਹੈਂ।

ਜਿਨ ਕੀ ਖ਼ਾਤਰ ਸ਼ਹਿਰ ਭੀ ਛੋੜਾ, ਜਿਨ ਕੇ ਲੀਏ ਬਦਨਾਮ ਹੂਏ,
ਆਜ ਵੁਹੀ ਹਮ ਸੇ ਬੇਗਾਨੇ, ਬੇਗਾਨੇ ਸੇ ਰਹਿਤੇ ਹੈਂ।

ਵੁਹ ਜੋ ਅਭੀ ਇਸ ਰਾਹ ਗੁਜ਼ਰ ਸੇ ਚਾਕ ਗਰੇਬਾਂ ਗੁਜ਼ਰਾ ਥਾ,
ਇਸ ਆਵਾਰਾ ਦੀਵਾਨੇ ਕੋ, 'ਜਾਲਿਬ' 'ਜਾਲਿਬ' ਕਹਤੇ ਹੈਂ।



5.

ਕੋਈ ਸ਼ਿਅਰ ਨਵਾਂ, ਕੋਈ ਗੱਲ ਨਵੀਂ, ਕਹਿਣੇ ਦਾ ਯਤਨ ਕਰਦੇ ਰਹਿਣਾ।
ਅਨਮੋਲ ਹੈ ਪਲ ਪਲ ਜੀਵਨ ਦਾ, ਹਉਕੇ ਨਾ ਐਵੇਂ ਭਰਦੇ ਰਹਿਣਾ।

ਕੁਝ ਕੰਮ ਆਹਾਂ ਨਾ ਆਉਂਦੀਆਂ ਨੇ, ਤੁਰਿਆਂ ਹੀ ਘੱਟਦੀਆਂ ਰਾਹਾਂ ਨੇ,
ਤਕਦੀਰ ਤੇ ਤੁਹਮਤ ਕੀ ਲਾਉਣੀ, ਐਵੇਂ ਨਾ ਊਜਾਂ ਧਰਦੇ ਰਹਿਣਾ।

ਸਿਰ ਸੁੱਟ ਕੇ ਤੁਰਦੇ ਰਹਿੰਦਿਆਂ ਹੀ, ਕੁਝ ਹੋਰ ਵੀ ਉੱਚੀਆਂ ਹੋ ਜਾਵਣ,
ਦੀਵਾਰਾਂ ਤਾਂ ਹਨ ਦੀਵਾਰਾਂ, ਦੀਵਾਰਾਂ ਤੋਂ ਕੀ ਡਰਦੇ ਰਹਿਣਾ।

ਦੁਨੀਆਂ ਨੂੰ ਜੇ ਸੁਲਝਾਲਾਂਗੇ, ਫਿਰ ਮੰਜ਼ਿਲ ਨੂੰ ਵੀ ਪਾ ਲਾਂਗੇ,
ਇੱਕ ਜ਼ੁਲਮ ਦੇ ਗ਼ਮ ਵਿਚ ਕੀ 'ਜਾਲਿਬ' ਜੀਂਦੇ ਰਹਿਣਾ, ਮਰਦੇ ਰਹਿਣਾ।

6.

ਸ਼ਾਇਰ ਵੀ ਜ਼ੰਜੀਰਾਂ ਅੰਦਰ, ਗਾਇਕ ਵੀ ਆਜ਼ਾਦ ਨਹੀਂ।
ਹਰ ਦਿਲ ਤੇ ਹੈ ਭੈਅ-ਪ੍ਰਛਾਵਾਂ, ਕੌਣ ਹੈ ਜੋ ਨਾਸ਼ਾਦ ਨਹੀਂ।

ਊਚ-ਨੀਚ ਦੀ ਧੂੜ ਪਵੇ ਨਾ, ਸੋਚਾਂ, ਸੁੱਚੇ ਪੱਲੇ ਤੇ,
ਇਹੋ ਕਿਹਾ ਸੀ ਆਪਾਂ ਯਾਰੋ, ਹੋਰ ਤੇ ਸਾਨੂੰ ਯਾਦ ਨਹੀਂ।

ਜੋ ਕਹਿਣੀ ਸੀ ਗੱਲ ਆਖ ਕੇ, ਸੂਲੀ ਤੀਕਰ ਆ ਪਹੁੰਚੇ,
ਬੁੱਲ੍ਹਾਂ ਉੱਤੇ ਗੀਤ ਵਫ਼ਾ ਦੇ, ਹਉਕਾ ਨਾ, ਫਰਿਆਦ ਨਹੀਂ।

ਲੱਖ ਧੜਕਦਾ ਹੋਵੇ ਐਪਰ, ਪੱਥਰ ਹੀ ਅਖਵਾਵੇਂਗਾ,
ਇਨਸਾਨਾਂ ਦੇ ਦਰਦ ਤੋਂ ਜਿਹੜਾ, 'ਜਾਲਿਬ' ਦਿਲ ਆਬਾਦ ਨਹੀਂ।

•••

## ਰਾਤ ਕੁਲਹਿਣੀ

ਦੁਨੀਆਂ ਭਰ ਦੇ ਕਾਲੇ ਚਿੱਟੇ
ਚੋਰ ਲੁਟੇਰੇ, ਸੋਚੀਂ ਪੈ ਗਏ
ਕੀ ਹੋਵੇਗਾ ਰਾਤ ਜੇ ਮੁੱਕ ਗਈ
ਜੇ ਧਰਤੀ ਦੇ ਕਾਮਿਆਂ ਅੱਗੇ
ਗਰਦਨ ਝੁੱਕ ਗਈ
ਰਾਤ ਨੂੰ ਰੋਕੋ
ਰੌਸ਼ਨੀਆਂ ਦੇ ਹੜ੍ਹ ਦੇ ਅੱਗੇ
ਉੱਚੀਆਂ ਉੱਚੀਆਂ, ਕੰਧਾਂ ਚੱਕੋ
ਰਾਤ ਨੂੰ ਰੋਕੋ।
ਹੜ੍ਹ ਦੀ ਗੂੰਜ ਤੇ ਘੂਕਰ ਸੁਣ ਕੇ
ਤਾਜਾਂ ਤੇ ਤਖ਼ਤਾਂ ਦੀ ਦੁਨੀਆਂ
ਕੰਬ ਉੱਠੀ ਏ।
ਇੱਕ ਮੁੱਠੀ ਏ
ਜਦੋਂ ਇਹਨਾਂ ਦੀ ਲੁੱਟ ਖਸੁੱਟ ਨੂੰ
ਖ਼ਤਰਾ ਪੈਂਦਾ
ਰੱਬ ਰਸੂਲ ਨੂੰ ਖ਼ਤਰੇ ਦੇ ਵਿਚ
ਪਾ ਦੇਂਦੇ ਨੇ।
ਰੱਬ ਰਸੂਲ ਦੇ ਹੁਕਮ ਦੇ ਨਾਲ ਇਹ
ਰਹਿਣ ਨਹੀਂ ਲੱਗੇ
ਖ਼ੂਨੀ ਕਾਤਲ ਚੋਰ ਲੁਟੇਰੇ
ਕਾਲੇ ਬੱਗੇ।
'ਜਾਲਿਬ' ਭਾਵੇਂ ਲੱਖ ਇਕੱਠੇ
ਹੋ ਹੋ ਬਹਿਣ
ਨਹੀਂ ਹੁਣ ਰਹਿਣੀ
ਰਾਤ ਕੁਲਹਿਣੀ।

•••



## ਧੀ ਕੰਮੀ ਦੀ

ਧੀ ਕੰਮੀ ਦੀ
ਵੱਡੇ ਘਰ ਵਿਚ ਬੁੱਤੀਆਂ ਕਰਦੀ
ਹੰਝੂ ਪੀਂਦੀ, ਹਉਕੇ ਭਰਦੀ
ਨਾ ਇਹ ਜੀਊਂਦੀ
ਨਾ ਇਹ ਮਰਦੀ।

ਬੁੱਢੇ ਖ਼ਾਨ ਦਾ ਹੁੱਕਾ
ਦਿਨ ਵਿਚ,
ਸੌ ਸੌ ਵਾਰੀ
ਤਾਜ਼ਾ ਕਰਦੀ।

ਖ਼ਾਨ ਦਾ ਪੁੱਤਰ
ਬੈਠਕ ਦੇ ਵਿਚ ਹਾਸੇ ਭਾਣੇ
ਬਾਂਹ ਫੜ ਲੈਂਦਾ
ਐਵੇਂ ਸੈਦਾ, ਐਵੇਂ ਖਹਿੰਦਾ
ਕੀ ਦੱਸਾਂ ਉਹ ਕੀ ਕੀ ਕਹਿੰਦਾ।

ਅੱਧੀ ਰਾਤੀਂ
ਛੋਟੀ ਬੀਬੀ ਕਹਿੰਦੀ
'ਉੱਠ ਤਕੀਏ ਵੱਲ ਚੱਲੀਏ'
ਜੇ ਕੰਮੀਂ ਨੇ ਪਿੰਡ ਵਿਚ ਰਹਿਣਾ,
ਫੇਰ ਇਹ ਸਭ ਕੁਝ ਕਰਨਾ ਪੈਣਾ।

•••

## ਮਾਂ ਬੋਲੀ

ਪੁੱਤਰਾਂ ਤੇਰੀ ਚਾਦਰ ਲਾਹੀ
ਹੋਰ ਕਿਸੇ ਦਾ ਦੋਸ਼ ਨਾ ਮਾਈ
ਗੈਰਾਂ ਕਰੋਧ ਦੀ ਉਹ ਅੱਗ ਬਾਲੀ
ਸੀਨੇ ਹੋ ਗਏ ਪਿਆਰ ਤੋਂ ਖਾਲੀ।

ਪੁੱਤਰਾਂ ਨੂੰ ਤੂੰ ਲੱਗੇ ਗਾਲੀ,
ਤੈਨੂੰ ਬੋਲਣ ਤੋਂ ਸ਼ਰਮਾਉਣ।

ਗ਼ੈਰਾਂ ਐਸੀ ਵਾਅ ਵਗਾਈ,
ਪੁੱਤਰਾਂ ਤੇਰੀ ਚਾਦਰ ਲਾਹੀ।
ਇਹਨਾਂ ਕੋਲ ਜ਼ਮੀਨਾਂ ਵੀ ਨੇ
ਇਹਨਾਂ ਹੱਥ ਸੰਗੀਨਾਂ ਵੀ ਨੇ
ਦੌਲਤ ਬੈਂਕ ਮਸ਼ੀਨਾਂ ਵੀ ਨੇ
ਨਾ ਇਹ ਤੇਰੇ, ਨਾ ਇਹ ਮੇਰੇ
ਇਹ ਲੋਕੀਂ ਯੂਸਫ਼ ਦੇ ਭਾਈ
ਪੁੱਤਰਾਂ ਤੇਰੀ ਚਾਦਰ ਲਾਹੀ
ਹੋਰ ਕਿਸੇ ਦਾ ਦੋਸ਼ ਨਾ ਮਾਈ।

•••

# ਅਮਰੀਕਾ ਤੋਂ ਜੰਗ ਆਉਂਦੀ ਏ

ਅਮਰੀਕਾ ਤੋਂ ਜੰਗ ਆਉਂਦੀ ਏ
ਭੁੱਖ ਆਉਂਦੀ ਏ, ਨੰਗ ਆਉਂਦੀ ਏ।
ਰੋਟੀ, ਕੱਪੜਾ ਛੱਤ ਨਹੀਂ ਆਉਂਦੀ
ਚਿਹਰਿਆਂ ਤੇ ਰੰਗਤ ਨਹੀਂ ਆਉਂਦੀ।

ਤਾਪ ਆਉਂਦਾ ਏ, ਖੰਘ ਆਉਂਦੀ ਏ,
ਅਮਰੀਕਾ ਤੋਂ ਜੰਗ ਆਉਂਦੀ ਏ।

ਅਮਨ, ਮੁਹੱਬਤ, ਪਿਆਰ ਨਹੀਂ ਆਉਂਦਾ,
ਕੋਈ ਉਥੋਂ ਗ਼ਮ ਖ਼ਵਾਰ ਨਹੀਂ ਆਉਂਦਾ
ਉਥੋਂ ਬਾਰਸ਼ੇ-ਸੰਗ ਆਉਂਦੀ ਏ,
ਅਮਰੀਕਾ ਤੋਂ ਜੰਗ ਆਉਂਦੀ ਏ।
ਭੁੱਖ ਆਉਂਦੀ ਏ, ਨੰਗ ਆਉਂਦੀ ਏ।

•••


ਨਵੀਂ ਦੁਨੀਆਂ ਪ੍ਰਕਾਸ਼ਨ ਐਡਮਿੰਟਨ
ਵਲੋਂ
ਛਪੀ ਪੁਸਤਕ

**ਫੀਦਲ ਕਾਸਤਰੋ - ਸੰਖੇਪ ਜੀਵਨੀ**
**(ਹਰਭਜਨ ਸਿੰਘ ਹੁੰਦਲ)**

ਮਿਲਣ ਦਾ ਪਤਾ - ਜਗਤਾਰ ਸਾਲਮ, ਫੋਨ ਨੰ. 97804, 70386
ਪਿੰਡ ਤੇ ਡਾਕ. ਦੇਧਨਾ, ਤਹਿਸੀਲ ਪਾਤੜਾਂ (ਪਟਿਆਲਾ)




# ਉਸਤਾਦ ਦਾਮਨ

ਸਾਡੇ ਦੇਸ਼ ਨੂੰ ਚੋਰਾਂ ਤੇ ਡਾਕੂਆਂ ਤੋਂ
ਨਹੀਂ ਮਿਲੀ ਨਜਾਤ ਉਸਤਾਦ ਦਾਮਨ।
ਉੱਚੀ ਧੌਣ ਹੋਈ ਹੋਰ ਅਮਰੀਕੀਆਂ ਦੀ
ਬਦਲੇ ਨਹੀਂ ਹਾਲਾਤ ਉਸਤਾਦ ਦਾਮਨ।

ਤੇਰੇ ਵਾਂਗ ਜੀਣਾ, ਤੇਰੇ ਵਾਂਗ ਮਰਨਾ
ਸਾਮਰਾਜੀਆਂ ਤੋਂ ਅਸੀਂ ਨਹੀਂ ਡਰਨਾ,
ਅਸਾਂ ਛੱਡਣੀ ਨਹੀਂ ਹੱਕ, ਸੱਚ ਦੀ ਗੱਲ,
ਕਹਿਣਾ ਰਾਤ ਨੂੰ, ਰਾਤ ਉਸਤਾਦ ਦਾਮਨ।

ਅਸਾਂ ਲੋਕਾਂ ਦੇ ਇਸ਼ਕ ਵਿਚ ਮੁਬਤਲਾ ਏ
ਲੋਕੀਂ ਪਿਆਰ ਕਰਦੇ ਆਪਣੇ ਕਾਤਲਾਂ ਨੂੰ
ਇਹ ਸਾਥ ਭਾਵੇਂ ਸਾਡਾ ਦੇਣ ਨਾ ਦੇਣ
ਦੇਣਾ ਲੋਕਾਂ ਦਾ ਸਾਥ ਉਸਤਾਦ ਦਾਮਨ।

ਚੈਨ ਖੋਹਣ ਨਹੀਂ ਦੇਣਾ ਲੁਟੇਰਿਆਂ ਨੂੰ
ਖ਼ੂਨ ਪੀਣ ਨਹੀਂ ਦੇਣਾ ਵਡੇਰਿਆਂ ਨੂੰ
ਤੇਰੇ ਜ਼ਿਹਨ ਦੀ ਸਹੁੰ, ਤੇਰੀ ਸੋਚ ਦੀ ਸਹੁੰ
ਦੇਣੀ ਜ਼ੁਲਮ ਨੂੰ ਮਾਤ ਉਸਤਾਦ ਦਾਮਨ।

ਅਸਾਂ ਨਾਲ ਪੜੋਸੀਆਂ ਨਹੀਂ ਲੜਨਾ
ਅਸੀਂ ਭੇਂਟ ਅਮਰੀਕਾ ਦੀ ਨਹੀਂ ਚੜ੍ਹਨਾ
ਅਸਾਂ ਦੇਸ਼ ਦੀ ਨਹੀਂ ਤੌਹੀਨ ਕਰਨੀ,
ਲੈਣੀ ਨਹੀਂ ਖ਼ੈਰਾਤ ਉਸਤਾਦ ਦਾਮਨ।

•••

# ਪੁਸਤਕ ਪ੍ਰਾਪਤੀ

1. ਪ੍ਰੋ. ਅਨੂਪ ਵਿਰਕ (ਅਭਿਨੰਦਨ ਪੁਸਤਕ) ਸੰਪਾਦਕ, ਤਰਨਜੀਤ ਦਿਓਲ, ਪੰਨੇ 224, ਮੁੱਲ 250/- ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
2. ਇਕੱਲਾ ਨਹੀਂ ਹੁੰਦਾ ਬੰਦਾ (ਕਵਿਤਾ) ਗਗਨਦੀਪ ਸ਼ਰਮਾ, ਮੁੱਲ 200/- ਪੰਨੇ 123, ਲੋਕ ਗੀਤ ਪ੍ਰਕਾਸ਼ਨ
3. ਆਪਣੇ ਆਪਣੇ ਸੱਚ (ਕਵਿਤਾ) ਤਰਲੋਕ ਬੀਰ, ਪੰਨੇ 120, ਮੁੱਲ 150/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
4. ਇਨਸਾਨੀਅਤ ਦਾ ਅਲੰਮਬਰਦਾਰ (ਲੇਖ) ਰਾਜਿੰਦਰ ਸਿੰਘ ਜਾਲੀ, ਪੰਨੇ 120, ਮੁੱਲ 180/- ਵਰਤਮਾਨ ਪ੍ਰਕਾਸ਼ਨ, ਨਵੀਂ ਦਿੱਲੀ।
5. ਫੀਦਰ ਕਾਸਤਰੋ (ਸੰਖੇਪ ਜੀਵਨੀ) ਹਰਭਜਨ ਸਿੰਘ ਹੁੰਦਲ, ਪੰਨੇ 128, ਮੁੱਲ 150/- ਨਵੀਂ ਦੁਨੀਆਂ ਪਬਲੀਕੇਸ਼ਨ ਕੈਨੇਡਾ।
6. ਰੌਸ਼ਨੀਆਂ ਦੀ ਭਾਲ ਵਿਚ (ਗਜ਼ਲਾਂ) ਮੰਗਲ ਚੰਚਲ, ਮੁੱਲ 150/-, ਪੰਨੇ 103 ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
7. ਬੀਮਾਰੀਆਂ ਤੋਂ ਬਚਾਅ ਕਿਵੇਂ ਕੀਤਾ ਜਾਵੇ? ਡਾ. ਅਜੀਤ ਪਾਲ ਸਿੰਘ, ਮੁੱਲ 100/- ਸਫ਼ੇ 160 ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
8. ਚਾਂਦੀ ਦਾ ਸ਼ਹਿਰ (ਬਾਲ-ਸਾਹਿਤ) ਮਿਹਰ ਸਿੰਘ ਰੰਧਾਵਾ, ਮੁੱਲ125/-, ਪੰਨੇ 71, ਯੂਨੀਸਟਾਰ ਚੰਡੀਗੜ੍ਹ
9. ਮੱਥੇ ਵਿਚਲਾ ਤਰਕਸ਼ (ਗਜ਼ਲਾਂ) ਭਜਨ ਸਿੰਘ ਵਿਰਕ, ਮਾਈ ਹੀਰਾਂ ਗੇਟ, ਸੁੰਦਰ ਬੁੱਕ ਡਿਪੋ, ਜਲੰਧਰ ਮੁੱਲ 150/-
10. ਕਥਾ ਇਕ ਕਲਯੁੱਗ ਦੀ (ਕਹਾਣੀਆਂ) ਖਾਲਦ ਫਰਹਾਦ ਧਾਰੀਵਾਲ ਸੰਗਮ ਪਬਲੀਕੇਸ਼ਨਜ਼, ਸਮਾਣਾ।
11. ਰੂਸੀ ਸ਼ਾਇਰੀ (ਅਨੁਵਾਦਕ) ਕਮਲ ਪੰਨੇ 262, ਮੁੱਲ 250/- (ਤਿੰਨ ਸਦੀਆਂ ਦੀ ਚੋਣਵੀਂ ਰੂਸੀ ਸ਼ਾਇਰੀ)
12. ਖਾਰਾ ਪਾਣੀ (ਕਵਿਤਾ) ਮਦਨ ਵੀਰਾ ਪੰਨੇ 112, ਮੁੱਲ 160/- ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
13. ਜਾਗੋ ਨਹੀਂ ਆਈ (ਗੀਤ-ਸੰਗ੍ਰਹਿ) ਹਰਕੋਮਲ ਬਰਿਆਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 111, ਮੁੱਲ 150/-
14. ਪੰਜਾਬੀ ਕਾਵਿ-ਪ੍ਰਤੀਰੋਧ ਦਾ ਪ੍ਰਵਚਨ (ਆਲੋਚਨਾ) ਡਾ. ਸੁਖਦੇਵ ਸਿੰਘ, ਮੁੱਲ 325/- ਪੰਨੇ 207, ਦੀਪਕ ਪਬਲਿਸ਼ਰਜ਼, ਜਲੰਧਰ
15. ਖੁਸ਼ਕ ਅੱਖ ਦਾ ਖ਼ਾਬ (ਕਹਾਣੀ-ਸੰਗ੍ਰਹਿ) ਅਜਮੇਰ ਸਿੱਧੂ, ਪੰਨੇ 128, ਮੁੱਲ 80/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
16. ਭਾਸ਼ਾ ਨੀਤੀ (ਖੋਜ) ਡਾ. ਜੋਗਾ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ।
17. ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ (ਲੇਖ-ਸੰਗ੍ਰਹਿ) ਡਾ. ਅਜੀਤ ਪਾਲ ਸਿੰਘ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
18. ਅਜੋਕੀ ਸਿੱਖਿਆ ਪ੍ਰਣਾਲੀ - ਦਸ਼ਾ ਅਤੇ ਦਿਸ਼ਾ (ਲੇਖ ਸੰਗ੍ਰਹਿ) ਡਾ. ਅਜੀਤ ਪਾਲ ਸਿੰਘ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
19. ਵੰਡ ਦੇ ਅੱਲੇ ਜ਼ਖ਼ਮ (ਯਾਦਾਂ) ਮਿਹਰ ਸਿੰਘ ਰੰਧਾਵਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
20. ਰਤਨ ਸਿੰਘ ਡੱਬਾ (ਗਦਰੀ ਯੋਧਾ) ਇਤਿਹਾਸ - ਲੇਖਕ ਸੋਹਣ ਸਿੰਘ ਪੂੰਨੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ

•••



**ਹਬੀਬ ਜਾਲਿਬ ਤੇ ਅਹਿਮਦ ਨਦੀਮ ਕਾਸਮੀਂ**





**ਹਬੀਬ ਜਾਲਿਬ**



**ਹਬੀਬ ਜਾਲਿਬ, ਫ਼ੈਜ਼ ਤੇ ਕਤੀਲ ਸ਼ੁਫ਼ਾਈ**

Chirag Quarterly Oct to Dec 2013
Registered with the Registrar of News-Papers of India No. PUN-PUN 0 2276/AL/TC94


# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,**
**ਨਵਤੇਜ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ -**

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

**ਸੰਪਰਕ : 780-465-9118**

**ਐਡਮਿੰਟਨ (ਐਲਬਰਟਾ) ਕੈਨੇਡਾ**
Info@naviduniya.com